ੴ ਵਾਹਿਗੁਰੂ ਜੀ ਕੀ ਫਤਹਿ ॥

168

ਜੀਵਨ ਗਾਥਾ ਤੇ ਸਿਧਾਂਤ

# ਸ੍ਰੀ ਗੁਰੂ ਰਾਮਦਾਸ ਜੀ



ਗੁਰਦੁਆਰਾ ਚੂਨਾ ਮੰਡੀ ਸਾਹਿਬ, ਲਾਹੌਰ (ਪਾਕਿਸਤਾਨ)
ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ।

14 ਰੁਪਏ

ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

2

## ਜੀਵਨ ਗਾਥਾ ਤੇ ਸਿਧਾਂਤ
# ਸ੍ਰੀ ਗੁਰੂ ਰਾਮਦਾਸ ਜੀ

@ ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

ਪ੍ਰਕਾਸ਼ਕ : ਸਿੱਖ ਮਿਸ਼ਨਰੀ ਕਾਲਜ (ਰਜਿ:), ਲੁਧਿਆਣਾ।
ਛਾਪਕ : ਬਰਾਈਟ ਪ੍ਰਿੰਟਰਜ਼, ਜਲੰਧਰ।
ਟਾਈਪਸੈਟਿੰਗ : ਐਡਵਾਂਸਡ ਕੰਪਿਊਟਰਜ਼, ਜਲੰਧਰ।

*ਮਿਲਣ ਦੇ ਪਤੇ :*

**ਸਿੱਖ ਮਿਸ਼ਨਰੀ ਕਾਲਜ (ਰਜਿ:)**

1051/14, ਫ਼ੀਲਡ ਗੰਜ, ਲੁਧਿਆਣਾ-141 008 ਫ਼ੋਨ : 0161-5021815, 6451305
Website : www.sikhmissionarycollege.org
www.smcludhiana.com
E-mail : query@smcludhiana.com

*ਸਬ-ਆਫ਼ਿਸ :*
C-135, ਮਾਨਸਰੋਵਰ ਗਾਰਡਨ, ਨਵੀਂ ਦਿੱਲੀ-110015 ਫ਼ੋਨ : 011-65330502

ਅਤੇ ਸਿੱਖ ਮਿਸ਼ਨਰੀ ਕਾਲਜ ਦੇ ਸਭ ਸਰਕਲਾਂ ਪਾਸੋਂ

# ਤਤਕਰਾ

1. ਭੱਟਾਂ ਦੀ ਸ਼ਰਧਾਂਜਲੀ ...5

2. ਜਨਮ ਤੇ ਬਚਪਨ ...11

ਗੁਰੂ ਅਮਰਦਾਸ ਜੀ ਨਾਲ ਮਿਲਾਪ—13; ਬਾਸਰਕੇ ਵਿਚ ਆਜੀਵਕਾ—14

3. ਗੋਇੰਦਵਾਲ ਵਿਚ ਘਾਲ-ਕਮਾਈ ...14

ਵਿਆਹ—16; ਗੁਰੂ ਅਮਰਦਾਸ ਜੀ ਨਾਲ ਪ੍ਰਚਾਰ ਦੌਰੇ ਤੇ—17; ਅਕਬਰ ਦੇ ਦਰਬਾਰ ਵਿਚ—18; ਬਾਉਲੀ ਦੀ ਸੇਵਾ—20; ਸੰਤਾਨ—23; ਸਿੱਖੀ ਦੇ ਕੇਂਦਰ ਸ੍ਰੀ ਅੰਮ੍ਰਿਤਸਰ ਦੀ ਨੀਂਹ—23

4. ਸੇਵਕ ਤੋਂ ਸਤਿਗੁਰੂ ...24

ਇਕ ਭੁਲੇਖਾ—30

5. ਗੁਰਿਆਈ ਦੇ ਮੁੱਢਲੇ ਸਾਲ ...37

ਇਕਾਂਤ ਵਾਸ—37; ਗੁਰੂ ਦਰਬਾਰ ਵਿਚ ਸਿੱਧਾਂ ਦਾ ਆਉਣਾ—39; ਤਪੇ ਨੇ ਸਿੱਖੀ ਧਾਰਨ ਕੀਤੀ—40; ਧਾਰਮਿਕ ਜਾਗਰਤੀ—42; ਅੰਮ੍ਰਿਤਸਰ ਵਿਚ ਰੌਣਕਾਂ—43; ਸਿੱਖਾਂ ਦੇ ਉੱਜਲੇ ਭਵਿੱਖ ਦੀ ਨੀਂਹ—44; ਨਿੱਤ ਦਾ ਕਰਮ—45; ਲਾਹੌਰ ਦੀ ਫੇਰੀ—46; ਅਕਬਰ ਦਾ ਆਉਣਾ—46

6. ਜੀਵਨ ਸਾਖੀਆਂ ਤੇ ਉਪਦੇਸ਼ ...47

ਬਾਬਾ ਸ੍ਰੀ ਚੰਦ ਜੀ ਦਾ ਦਰਸ਼ਨਾਂ ਨੂੰ ਆਉਣਾ—47; ਅਨੋਖਾ ਸੇਵਕ—ਭਾਈ ਹਿੰਦਾਲ—48; ਮਾਨਸਿਕ ਸ਼ਾਂਤੀ ਕਿਵੇਂ ਹੋਵੇ—49; ਜਨਮ-ਮਰਨ ਤੋਂ ਖਲਾਸੀ—50; ਗ੍ਰਿਹਸਤ ਵਿਚ ਮੁਕਤੀ—51; ਆਤਮਕ ਸੁਖ ਦੀ ਪ੍ਰਾਪਤੀ—52; ਗੁਰਸਿੱਖਾਂ ਦੀ ਸੇਵਾ—53; ਅੰਮ੍ਰਿਤ ਵੇਲੇ ਦੀ ਸੰਭਾਲ—54

7. ਗੁਰਿਆਈ ਸਮੇਂ ਦੇ ਕਾਰਜ ...55

ਕੇਂਦਰੀ ਧਰਮ ਅਸਥਾਨ ਦੀ ਸਥਾਪਨਾ—55; ਆਰਥਕ ਸੁਧਾਰ ਲਈ ਯਤਨ—55; ਧਰਮ ਪ੍ਰਚਾਰ ਲਈ ਯਤਨ—56; ਵਿਰਸੇ ਦੀ ਸੰਭਾਲ—57; ਮਰਯਾਦਾ ਤੇ ਰਹੁਰੀਤਾਂ ਪੱਕੀਆਂ ਕੀਤੀਆਂ—57; ਲਾਵਾਂ ਦਾ ਪਾਠ—58; ਸਮਾਜ-ਸੁਧਾਰ—58

8. ਗੁਰ ਜੋਤਿ ਅਰਜੁਨ ਮਾਹਿ ਧਰੀ ...59

ਜੋਤੀ ਜੋਤ ਸਮਾਉਣਾ—61

9. ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ...61

ਗੁਰੂ ਨਾਨਕ ਦੇਵ ਜੀ ਦੇ ਵਰਤੇ ਰਾਗ–63; ੧੧ ਉਹ ਰਾਗ ਜੋ ਗੁਰੂ ਰਾਮਦਾਸ ਜੀ ਨੇ ਆਪ ਵਰਤੇ–63; ਰਾਗਾਂ ਅਨੁਸਾਰ ਸ਼ਬਦਾਂ, ਅਸ਼ਟਪਦੀਆਂ ਤੇ ਛੰਦਾਂ ਦਾ ਵੇਰਵਾ–65

10. ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਆਏ ਪ੍ਰਮੁਖ ਗੁਰਮਤਿ ਸਿਧਾਂਤ ...66

ਪ੍ਰਭੂ ਦੀ ਵਿਸ਼ਾਲਤਾ–66; ਪ੍ਰਭੂ ਕੁਦਰਤ ਵਿਚ ਵਿਆਪਕ ਹੈ–67; ਪ੍ਰਭੂ ਦਾ ਆਸਰਾ–67; ਪ੍ਰਭੂ ਪ੍ਰੀਤ–68; ਪ੍ਰਭੂ ਦਾ ਭਾਣਾ–69; ਪ੍ਰਭੂ ਦੀ ਪ੍ਰਾਪਤੀ ਨਾਮ ਸਿਮਰਨ ਰਾਹੀਂ–69; ਹਰਿ-ਰਸ ਅਥਵਾ ਨਾਮ ਰਸ–71; ਭੇਖ-ਪਾਖੰਡ ਤੇ ਕਰਮ-ਕਾਂਡ–71; ਗੁਰੂ ਦੀ ਅਗਵਾਈ ਤੇ ਗੁਰੂ ਲਈ ਪਿਆਰ–73; ਗੁਰਬਾਣੀ ਅਥਵਾ ਸ਼ਬਦ ਗੁਰੂ ਹੈ–75; ਸਿੱਖ ਅਤੇ ਉਸਦੇ ਕਰਤੱਵ–77; ਮਾਇਆਧਾਰੀ ਮਨੁੱਖ–79; ਮਾਇਆ ਸਫ਼ਲ ਕਰਨ ਦਾ ਢੰਗ–80; ਨਿਸ਼ਕਾਮ ਸੇਵਾ–81; ਮੁਕਤੀ–81; ਰਿਸ਼ਤੇਦਾਰ–82; ਉਪਦੇਸ਼ਕ–83; ਨਿਮਰਤਾ ਤੇ ਨਿਰਮਾਣਤਾ–83

11. ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਇਤਿਹਾਸਕ ਘਟਨਾਵਾਂ ...84

ਅਭੀਚ ਪੁਰਬ ਸਮੇਂ ਗੁਰੂ ਅਮਰਦਾਸ ਜੀ ਦਾ ਪ੍ਰਚਾਰ ਦੌਰਾ–84; ਹਰੀ ਰਾਮ ਤਪੇ ਦਾ ਪਾਜ ਉਘਾੜਨਾ–88; ਗੋਇੰਦੇ ਦੇ ਪੁੱਤਰ ਦੀਆਂ ਕਰਤੂਤਾਂ ਤੇ ਉਸਦਾ ਹਸ਼ਰ–90; ਸੱਚੇ ਪਾਤਸ਼ਾਹ ਦੀ ਸ਼ੋਭਾ ਤੇ ਗੁਰੂ-ਦੋਖੀਆਂ ਦਾ ਹਸ਼ਰ–92; ਬਾਬਾ ਪ੍ਰਿਥੀ ਚੰਦ ਨੂੰ ਉਪਦੇਸ਼–95

12. ਧੰਨੁ ਧੰਨੁ ਰਾਮਦਾਸ ਗੁਰੁ (ਸਮੁੱਚੇ ਜੀਵਨ ਤੇ ਇਕ ਝਾਤ) ...96

ਸੁਭਾਅ–96; ਦ੍ਰਿੜ੍ਹਤਾ–97; ਆਦਰਸ਼ਕ ਸੇਵਕ–98; ਬੇਪਰਵਾਹ–98; ਗਰੀਬਾਂ ਦੇ ਸਹਾਈ–99; ਚੜ੍ਹਦੀ ਕਲਾ ਦੀ ਮੂਰਤ–99; ਵਿਰਸੇ ਦੀ ਸੰਭਾਲ ਕਰਨ ਵਾਲੇ–100; ਸਾਹਿਤਕਾਰ ਤੇ ਸੰਗੀਤ ਪ੍ਰੇਮੀ–100; ਕੌਮੀ ਉਸਰਈਏ–102

# 1. ਭੱਟਾਂ ਦੀ ਸ਼ਰਧਾਂਜਲੀ

ਸਿੱਖ ਗੁਰੂ-ਸਾਹਿਬਾਨ ਦੇ ਆਤਮਕ-ਬਲ, ਉੱਚੀ ਅਵੱਸਥਾ, ਜਗਤ-ਜਲੰਦੇ ਨੂੰ ਤਾਰਨ ਹਿਤ ਕੀਤੇ ਕਾਰਜਾਂ, ਸਮਾਜ ਉਤੇ ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਯਤਨਾਂ ਦੇ ਪ੍ਰਭਾਵ, ਸਿੱਖ ਲਹਿਰ ਨੂੰ ਦਿੱਤੀ ਸੇਧ; ਗੱਲ ਕੀ, ਸਮੁੱਚੀ ਸਖਸ਼ੀਅਤ ਬਾਰੇ ਸਹੀ ਜਾਣਕਾਰੀ ਸਾਨੂੰ ਭੱਟਾਂ ਦੀ ਬਾਣੀ, ਜਾਂ ਫਿਰ ਭਾਈ ਗੁਰਦਾਸ ਜੀ ਦੀ ਅਤੇ ਭਾਈ ਨੰਦ ਲਾਲ ਸਿੰਘ ਜੀ ਦੀ ਬਾਣੀ ਤੋਂ ਮਿਲਦੀ ਹੈ।

ਭੱਟ ਉਹ ਮਹਾਂ-ਪੁਰਖ ਸਨ, ਜਿਨ੍ਹਾਂ ਨੇ ਸੱਚ ਦੀ ਅਤੇ ਸੱਚੇ-ਸੁੱਚੇ ਧਾਰਮਕ ਆਗੂਆਂ ਦੀ ਖੋਜ ਵਿਚ ਹਿੰਦੋਸਤਾਨ ਦਾ ਕੋਨਾ-ਕੋਨਾ ਛਾਣ ਮਾਰਿਆ ਸੀ। ਉਨ੍ਹਾਂ ਨੂੰ ਕਈ ਅਖੌਤੀ ਸਾਧਾਂ-ਸੰਤਾਂ, ਧਾਰਮਿਕ ਆਗੂਆਂ ਦੇ ਦਰਸ਼ਨ ਤਾਂ ਜ਼ਰੂਰ ਹੋਏ ਸਨ, ਪਰ ਉਹ ਸਭ 'ਕਹਿਣੀ ਦੇ ਸੂਰੇ' ਹੀ ਸਨ, ਕਰਨੀ ਦੇ ਮਾਲਕ ਨਹੀਂ ਸਨ। ਇਨ੍ਹਾਂ ਭੱਟਾਂ ਵਿਚੋਂ ਮਹਾਂ ਪੁਰਖ 'ਭਿਖੇ' ਨੇ ਸਾਡੇ ਇਸ ਕਥਨ ਨੂੰ ਹੇਠ ਲਿਖੇ ਸ਼ਬਦਾਂ ਵਿਚ ਬਿਆਨ ਕੀਤਾ ਹੈ—

ਰਹਿਓ ਸੰਤ ਹਉ ਟੋਲਿ, ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹ, ਮੁਖਹੁ ਏ ਪੰਡਿਤ ਮਿਠੇ॥
ਬਰਸੁ ਏਕੁ ਹਉ ਫਿਰਿਓ, ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ, ਰਹਤ ਕੋ ਖੁਸੀ ਨ ਆਯਉ॥

*(ਸਵਈਏ, ਮਹਲੇ ਤੀਜੇ ਕੇ, ਪੰਨਾ ੧੩੯੫)*

ਇਹ ਸੱਚ ਦੇ ਪਾਂਧੀ ਜਦੋਂ ਗੁਰੂ ਅਰਜਨ ਪਾਤਸ਼ਾਹ ਦੇ ਦਰਬਾਰ ਵਿਚ ਪੁੱਜੇ ਤਾਂ ਉਨ੍ਹਾਂ ਨੂੰ ਇਕ ਅਜਿਹਾ ਰਾਹਬਰ ਮਿਲ ਗਿਆ ਜੋ ਖੁਦ ਰੱਬ ਨਾਲ ਜੁੜਿਆ ਹੋਇਆ ਸੀ ਅਤੇ ਹੋਰਨਾਂ ਨੂੰ ਜੋੜ ਰਿਹਾ ਸੀ; ਜਿਸ ਦੀ ਕਹਿਣੀ ਅਤੇ ਕਰਨੀ ਵਿਚ ਸਮਾਨਤਾ ਸੀ। ਬੱਸ ਫਿਰ ਕੀ ਸੀ, ਭੱਟਾਂ ਦੇ ਯਤਨਾਂ ਨੂੰ ਫਲ ਲੱਗੇ, ਉਨ੍ਹਾਂ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ ਅਤੇ ਉਨ੍ਹਾਂ ਦੇ ਪਵਿੱਤਰ ਮੂੰਹਾਂ ਤੋਂ ਸਿੱਖ ਗੁਰੂ ਸਾਹਿਬਾਨ ਪ੍ਰਤਿ ਪਿਆਰ, ਸ਼ਰਧਾ ਅਤੇ ਭਗਤੀ ਦੇ ਬੋਲ ਝਰਨੇ ਦੀ ਤਰ੍ਹਾਂ ਆਪ-ਮੁਹਾਰੇ ਨਿਕਲ ਤੁਰੇ। ਇਨ੍ਹਾਂ ਬਚਨਾਂ ਨੂੰ ਅੱਜ ਅਸੀਂ 'ਭੱਟਾਂ ਦੇ ਸਵੱਯੇ' ਆਖਦੇ ਹਾਂ।

ਰੱਬੀ ਭੱਟਾਂ ਨੇ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਉਪਮਾ ਵਿਚ ਬਾਣੀ ਉਚਾਰੀ ਹੈ। ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੀ ਸਿਫ਼ਤ-ਸਲਾਹ ਕਰਦਿਆਂ ਹੋਇਆਂ ਉਹ ਕਹਿੰਦੇ ਹਨ ਕਿ ਸਤਿਗੁਰਾਂ ਨੇ ਗੁਰੂ ਅਮਰਦਾਸ ਜੀ ਅਤੇ ਸਿੱਖ-ਸੰਗਤਾਂ ਦੀ ਸੇਵਾ ਕਰਕੇ ਉੱਚੀ ਪਦਵੀ ਪ੍ਰਾਪਤ ਕੀਤੀ ਹੈ—ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਤੇ ਬਿਰਾਜਮਾਨ ਹੋਏ ਹਨ, ਪੰਜਾਂ-ਵਿਕਾਰਾਂ ਨੂੰ ਕਾਬੂ ਵਿਚ ਕੀਤਾ ਹੈ ਤੇ ਆਪ ਸੰਜਮੀ, ਸਿਦਕਵਾਨ, ਸਤ-ਸੰਤੋਖ ਦੇ ਧਾਰਨੀ ਅਤੇ ਮਿੱਠੇ

ਸੁਭਾਅ ਵਾਲੇ ਹਨ, ਉਨ੍ਹਾਂ (ਗੁਰੂ ਰਾਮਦਾਸ ਜੀ ਨੇ) ਹਰੀ ਨੂੰ ਸਿਮਰਿਆ ਹੈ, ਮਨ ਵਿਚ ਵਸਾਇਆ, ਨਾਮ ਦਾ ਰਸ ਮਾਣਿਆ ਹੈ ਅਤੇ ਹਰੀ-ਰੂਪ ਹੋ ਗਏ ਹਨ, ਉਹ ਨਾਮ ਦਾ ਚਸ਼ਮਾ ਹਨ, ਜਿਸ ਵਿਚੋਂ ਸੰਤ-ਜਨ ਨਾਮ-ਰਸ ਪੀਂਦੇ ਹਨ, ਆਪ ਗੋਬਿੰਦ ਦੇ ਗੁਣਾਂ ਦੇ ਗਾਹਕ ਹਨ ਅਤੇ ਆਪ ਨੇ ਲੋਕਾਂ ਦੇ ਹਿਰਦੇ ਰੂਪੀ ਖਾਲੀ ਸਰੋਵਰਾਂ ਨੂੰ ਨਾਮ-ਜਲ ਨਾਲ ਭਰ ਦਿੱਤਾ ਹੈ। ਆਪ ਸਮਦ੍ਰਿਸ਼ਟੀ ਵਾਲੇ ਹਨ, ਨਿਰਭੈਤਾ ਬਖਸ਼ਣ ਵਾਲੇ ਹਨ, ਮੌਤ ਦਾ ਡਰ ਦੂਰ ਕਰਨ ਵਾਲੇ ਹਨ, ਆਤਮਿਕ ਅਡੋਲਤਾ ਬਖਸ਼ਣ ਵਾਲੇ ਹਨ, ਆਪ ਨੇ ਹਰੀ ਦੀ ਪਦਵੀ ਪ੍ਰਾਪਤ ਕਰ ਲਈ ਹੈ ਤੇ ਹਰੀ ਦਾ ਹੁਕਮ ਵਰਤਾ ਰਹੇ ਹਨ, ਆਪ ਨੂੰ ਕਿਸੇ ਸਲਾਹਕਾਰ ਦੀ ਲੋੜ ਨਹੀਂ। ਆਪ ਗਿਆਨ ਦੀ ਦਾਤ ਵੰਡ ਰਹੇ ਹਨ, ਲੋਕਾਂ ਦੇ ਮਨਾਂ ਵਿਚ ਹੰਕਾਰ ਅਤੇ ਹੋਰ ਵਿਕਾਰਾਂ ਨੂੰ ਖ਼ਤਮ ਕਰਨ ਵਾਲੇ ਹਨ, ਲੋਕਾਂ ਨੂੰ ਸ਼ਬਦ ਨਾਲ ਜੋੜਕੇ ਸੰਸਾਰ-ਸਾਗਰ ਤੋਂ ਪਾਰ ਕਰ ਰਹੇ ਹਨ, ਰਿਧੀਆਂ ਸਿੱਧੀਆਂ ਉਨ੍ਹਾਂ ਦੇ ਚਰਨ ਪਰਸ ਰਹੀਆਂ ਹਨ। ਉਨ੍ਹਾਂ ਦੇ ਦਰਸ਼ਨ ਕਰਨ ਨਾਲ ਵਿਕਾਰ ਭੱਜ ਜਾਂਦੇ ਹਨ ਅਤੇ ਸਭ ਧਰਮਾਂ-ਕਰਮਾਂ ਦੇ ਫਲ ਪ੍ਰਾਪਤ ਹੋ ਜਾਂਦੇ ਹਨ। ਆਪ ਰਾਜ ਜੋਗੀ ਹਨ, ਸੱਚਾ ਪਾਤਸ਼ਾਹ ਹਨ ਅਤੇ 'ਜਨਕ-ਰਾਜ' ਦੇ ਮਾਲਕ ਹਨ... ਆਦਿ।

ਭੱਟ-ਕਵੀਆਂ ਨੇ ਸ੍ਰੀ ਗੁਰੂ ਰਾਮਦਾਸ ਜੀ ਬਾਰੇ ਜੋ ਵਿਸ਼ੇਸ਼ ਗੱਲਾਂ ਕਹੀਆਂ ਹਨ, ਉਹ ਉਨ੍ਹਾਂ ਦੀ ਬਾਣੀ ਵਿਚ ਇਸ ਪ੍ਰਕਾਰ ਹਨ–

**(ੳ) ਗੁਰੂ ਜੀ ਨਾਮ ਵਿਚ ਰਤੇ ਹੋਏ ਹਨ ਤੇ ਨਾਮ ਦੇ ਸਰੋਵਰ ਹਨ**

**ਹਰਿ ਨਾਮ ਰਸਿਕੁ, ਗੋਬਿੰਦ ਗੁਣ ਗਾਹਕੁ, ਚਾਹਕੁ ਤਤ, ਸਮਤ ਸਰੇ॥**
**ਕਵਿ ਕਲ੍ਯ, ਠਕੁਰ ਹਰਦਾਸ ਤਨੇ, ਗੁਰ ਰਾਮਦਾਸ ਸਰ ਅਭਰ ਭਰੇ॥**

*(ਪੰਨਾ ੧੩੯੬)*

ਅਰਥ : ਹੇ ਕਲ੍ਹਸਹਾਰ ਕਵੀ! ਠਾਕੁਰ ਹਰਿਦਾਸ ਦੇ ਸਪੁੱਤਰ, ਗੁਰੂ ਰਾਮਦਾਸ ਜੀ, ਹਿਰਦੇ ਰੂਪੀ ਖਾਲੀ ਸਰੋਵਰਾਂ ਨੂੰ ਨਾਮ-ਜਲ ਨਾਲ ਭਰਨ ਵਾਲੇ ਹਨ। ਉਹ ਅਕਾਲ ਪੁਰਖ ਦੇ ਨਾਮ ਦੇ ਰਸੀਆ ਹਨ, ਗੋਬਿੰਦ ਦੇ ਗੁਣਾਂ ਦੇ ਗਾਹਕ ਹਨ, ਅਕਾਲ ਪੁਰਖ ਨਾਲ ਪਿਆਰ ਕਰਨ ਵਾਲੇ ਅਤੇ ਸਮਦ੍ਰਿਸ਼ਟਤਾ ਦੇ ਸਰੋਵਰ ਹਨ।

**ਛੁਟਤ ਪਰਵਾਹ ਅਮਿਅ ਅਮਰਾ ਪਦ, ਅੰਮ੍ਰਿਤ ਸਰੋਵਰ ਸਦ ਭਰਿਆ॥**
**ਤੇ ਪੀਵਹਿ ਸੰਤ ਕਰਹਿ ਮਨਿ ਮਜਨੁ, ਪੁਬ ਜਿਨਹੁ ਸੇਵਾ ਕਰੀਆ॥**

*(ਪੰਨਾ ੧੩੯੬)*

ਅਰਥ : ਗੁਰੂ ਰਾਮਦਾਸ ਅੰਮ੍ਰਿਤ ਦਾ ਸਰੋਵਰ ਹੈ, ਜੋ ਸਦਾ ਭਰਿਆ ਰਹਿੰਦਾ ਹੈ ਅਤੇ ਜਿਸ ਵਿਚੋਂ ਅਟੱਲ ਪਦਵੀ ਦੇਣ ਵਾਲੇ ਅੰਮ੍ਰਿਤ ਦੇ ਚਸ਼ਮੇ ਚੱਲ ਰਹੇ ਹਨ। ਇਸ ਅੰਮ੍ਰਿਤ ਨੂੰ ਉਹ ਸੰਤ-ਜਨ ਪੀਂਦੇ ਹਨ ਅਤੇ ਅੰਤਰ-ਆਤਮੇ ਇਸ਼ਨਾਨ

ਕਰਦੇ ਹਨ, ਜਿਨ੍ਹਾਂ ਨੇ ਪੂਰਬਲੇ ਜਨਮ ਦੀ ਕੋਈ ਸੇਵਾ ਕੀਤੀ ਹੋਈ ਹੈ।

ਨਿਰਮਲ ਨਾਮੁ ਸੁਧਾ ਪਰਪੂਰਨ,
ਸਬਦ ਤਰੰਗ ਪ੍ਰਗਟਿਤ ਦਿਨ ਆਗਰੁ॥
ਗਹਿਰ ਗੰਭੀਰੁ ਅਥਾਹ ਅਤਿ ਬਡ,
ਸੁਭਰੁ ਸਦਾ ਸਭ ਬਿਧਿ ਰਤਨਾਗਰੁ॥
ਸੰਤ ਮਰਾਲ ਕਰਹਿ ਕੰਤੂਹਲ,
ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ॥
ਕਲਜੁਗ ਦੁਰਤ ਦੂਰਿ ਕਰਬੇ ਕਉ,
ਦਰਸਨੁ ਗੁਰੂ, ਸਗਲ ਸੁਖ ਸਾਗਰੁ॥

*(ਪੰਨਾ ੧੪੦੪)*

ਅਰਥ : (ਗੁਰੂ ਰਾਮਦਾਸ ਇਕ ਐਸਾ ਸਰੋਵਰ ਹੈ) ਜਿਸ ਵਿਚ ਪ੍ਰਮਾਤਮਾ ਦਾ ਪਵਿੱਤਰ ਨਾਮ-ਅੰਮ੍ਰਿਤ ਭਰਿਆ ਹੋਇਆ ਹੈ। ਉਸ ਵਿਚ ਅੰਮ੍ਰਿਤ ਵੇਲੇ ਸ਼ਬਦ ਦੀਆਂ ਲਹਿਰਾਂ ਉਠਦੀਆਂ ਹਨ, ਇਹ ਸਰੋਵਰ ਬੜਾ ਡੂੰਘਾ ਗੰਭੀਰ ਤੇ ਅਥਾਹ ਹੈ, ਸਦਾ ਨਕਾ ਨਕ ਭਰਿਆ ਰਹਿੰਦਾ ਹੈ ਤੇ ਸਭ ਰਤਨਾਂ ਦਾ ਖਜ਼ਾਨਾ ਹੈ। ਇਸ ਵਿਚ ਸੰਤ-ਹੰਸ ਕਲੋਲ ਕਰਦੇ ਹਨ, ਉਨ੍ਹਾਂ ਦਾ ਜਮਾਂ ਦਾ ਡਰ ਤੇ ਦੁੱਖਾਂ ਦਾ ਲੇਖ ਮਿਟ ਗਿਆ ਹੁੰਦਾ ਹੈ। ਕਲਯੁਗ ਦੇ ਪਾਪ ਦੂਰ ਕਰਨ ਲਈ ਸਤਿਗੁਰੂ ਦਾ ਦਰਸ਼ਨ ਸਾਰੇ ਸੁੱਖਾਂ ਦਾ ਸਮੁੰਦਰ ਹੈ।

(ਅ) ਸਤਗੁਰ ਆਤਮਕ-ਗੁਣਾਂ ਵਾਲੇ ਤੇ ਹਰੀ ਦਾ ਰੂਪ ਹਨ

ਮਤਿ ਮਾਤਾ, ਸੰਤੋਖੁ ਪਿਤਾ, ਸਰਿ ਸਹਜ ਸਮਾਯਉ॥
ਆਜੋਨੀ ਸੰਭਵਿਅਉ, ਜਗਤੁ ਗੁਰ ਬਚਨਿ ਤਰਾਯਉ॥

*(ਪੰਨਾ ੧੩੯੭)*

ਅਰਥ : ਉੱਚੀ ਮੱਤ (ਗੁਰੂ ਰਾਮਦਾਸ ਜੀ ਦੀ) ਮਾਤਾ ਹੈ ਤੇ ਸੰਤੋਖ ਪਿਤਾ ਹੈ, ਆਪ ਸ਼ਾਂਤੀ ਦੇ ਸਰੋਵਰ ਵਿਚ ਚੁੱਭੀ ਲਾਈ ਰੱਖਦੇ ਹਨ, ਆਪ ਜੂਨਾਂ ਤੋਂ ਰਹਿਤ ਅਤੇ ਸੁਤੇ-ਪ੍ਰਕਾਸ਼ ਹਰੀ ਦਾ ਰੂਪ ਹਨ। ਸੰਸਾਰ ਨੂੰ ਆਪ ਨੇ ਸਤਿਗੁਰ ਦੇ ਬਚਨਾਂ (ਬਾਣੀ) ਨਾਲ ਤਾਰ ਦਿੱਤਾ ਹੈ।

ਸਤਿਗੁਰ ਮਤਿ ਗੂੜ੍ਹ ਬਿਮਲ ਸਤਸੰਗਤਿ, ਆਤਮੁ ਰੰਗਿ ਚਲੂਲੁ ਭਯਾ॥
ਜਾਗ੍ਯਾ ਮਨ, ਕਵਲੁ ਸਹਜਿ ਪਰਕਾਸ੍ਯਾ, ਅਭੈ ਨਿਰੰਜਨੁ ਘਰਹਿ ਲਹਾ॥

*(ਪੰਨਾ ੧੩੯੬)*

ਅਰਥ : ਗੁਰੂ ਰਾਮਦਾਸ ਜੀ ਦੀ ਮੱਤ ਡੂੰਘੀ ਹੈ, ਉਨ੍ਹਾਂ ਦੀ ਨਿਰਮਲ ਸਤਿ-

ਸੰਗਤ ਹੈ ਅਤੇ ਉਹਨਾਂ ਦੀ ਆਤਮਾ ਹਰੀ ਦੇ ਪਿਆਰ ਵਿਚ ਗੂੜ੍ਹੀ ਰੰਗੀ ਹੋਈ ਹੈ। ਸਤਿਗੁਰੂ ਜੀ ਦਾ ਮਨ ਜਾਗਿਆ ਹੋਇਆ ਹੈ, ਉਹਨਾਂ ਦੇ ਹਿਰਦੇ ਦਾ ਕੰਵਲ-ਫੁੱਲ ਆਤਮਕ ਅਡੋਲਤਾ ਵਿਚ ਖਿੜਿਆ ਹੋਇਆ ਹੈ ਅਤੇ ਉਨ੍ਹਾਂ ਨੇ ਨਿਰਭਉ ਹਰੀ ਨੂੰ ਹਿਰਦੇ ਵਿਚ ਹੀ ਲੱਭ ਲਿਆ ਹੈ।

**ਮੋਹੁ ਮਲਿ ਬਿਵਸਿ ਕੀਅਉ, ਕਾਮੁ ਗਹਿ ਕੇਸ ਪਛਾੜ੍ਉ॥**
**ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਉ॥** *(ਪੰਨਾ ੧੪੦੬)*

ਅਰਥ : ਹੇ ਗੁਰੂ ਰਾਮਦਾਸ ਜੀ! ਆਪ ਨੇ 'ਮੋਹ' ਨੂੰ ਮਲ ਕੇ ਕਾਬੂ ਵਿਚ ਕਰ ਲਿਆ ਹੈ, ਅਤੇ 'ਕਾਮ' ਨੂੰ ਕੇਸਾਂ ਤੋਂ ਫੜਕੇ ਭੁੰਜੇ ਪਟਕਾਇਆ ਹੈ। ਤੁਸਾਂ ਕ੍ਰੋਧ ਨੂੰ ਆਪਣੇ ਤੇਜ਼ ਪ੍ਰਤਾਪ ਨਾਲ ਟੋਟੇ ਟੋਟੇ ਕਰ ਦਿੱਤਾ ਹੈ ਅਤੇ ਲੋਭ ਨੂੰ ਨਿਰਾਦਰੀ ਨਾਲ ਪਰੇ ਦੁਰਕਾਰਿਆ ਹੈ।

**ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ॥**
**ਸਤਿਗੁਰੁ ਗੁਰੁ ਸੇਵਿ, ਅਲਖ ਗਤਿ ਜਾ ਕੀ,**
**ਸ੍ਰੀ ਰਾਮਦਾਸੁ ਤਾਰਣ ਤਰਣੰ॥**

*(ਪੰਨਾ ੧੪੦੧)*

ਅਰਥ : ਜੋ ਪ੍ਰਮਾਤਮਾ ਸਭ ਜੀਵਾਂ ਦਾ ਮਾਲਕ ਹੈ, ਸਭ ਦਾ ਮੂਲ ਹੈ, ਹੋਂਦ ਵਾਲਾ ਹੈ, ਸਭ ਦਾ ਪਾਲਣਵਾਲਾ ਹੈ, ਉਹ ਹੁਣ ਪਰਤੱਖ ਤੌਰ ਤੇ ਗੁਰੂ ਰਾਮਦਾਸ ਜੀ ਦੇ ਸਰੀਰ ਵਿਚ ਪ੍ਰਗਟ ਹੈ। ਗੁਰੂ ਰਾਮਦਾਸ ਜੀ ਸੰਸਾਰ-ਸਾਗਰ ਨੂੰ ਤਾਰਨ ਲਈ ਜਹਾਜ਼ ਹਨ, ਉਹਨਾਂ ਦੀ ਆਤਮਕ ਅਵੱਸਥਾ ਬਿਆਨ ਤੋਂ ਬਾਹਰ ਹੈ, ਉਹਨਾਂ ਦੀ ਹੀ ਸੇਵਾ ਕਰੋ।

(ੲ) ਸ੍ਰੀ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਨਾਲ ਵਿਕਾਰਾਂ ਤੋਂ ਮੁਕਤੀ ਮਿਲਦੀ ਹੈ, ਮਾਇਆ ਤੋਂ ਛੁਟਕਾਰਾ ਹੁੰਦਾ ਹੈ ਤੇ ਨਾਮ ਦੀ ਪ੍ਰਾਪਤੀ ਹੁੰਦੀ ਹੈ:

**ਜਾ ਕਉ ਦੇਖਤ ਦਰਿਦ੍ਰੁ ਜਾਵੈ, ਨਾਮੁ ਸੋ ਨਿਧਾਨੁ ਪਾਵੈ,**
**ਗੁਰਮੁਖਿ ਗ੍ਯ਼ਾਨਿ, ਦੁਰਮਤਿ ਮੈਲੁ ਧੋਵੈ ਜੀਉ॥**

*(ਪੰਨਾ ੧੩੯੮)*

ਅਰਥ : ਸ੍ਰੀ ਗੁਰੂ ਰਾਮਦਾਸ ਜੀ ਦੇ ਦਰਸ਼ਨ ਕੀਤਿਆਂ ਦਲਿਦ੍ਰ ਦੂਰ ਹੋ ਜਾਂਦਾ ਹੈ ਅਤੇ ਜਿਹੜਾ ਗੁਰਮੁਖ ਗੁਰੂ ਰਾਮਦਾਸ ਜੀ ਦੇ ਦਿਤੇ ਗਿਆਨ ਰਾਹੀਂ ਆਪਣੀ ਦੁਰਮਤਿ ਦੀ ਮੈਲ ਧੋ ਲੈਂਦਾ ਹੈ, ਉਹ ਨਾਮ ਦਾ ਖਜ਼ਾਨਾ ਪ੍ਰਾਪਤ ਕਰ ਲੈਂਦਾ ਹੈ।

**ਜਾ ਕੇ ਦੇਖਤ ਦੁਆਰੇ, ਕਾਮ ਕ੍ਰੋਧ ਹੀ ਨਿਵਾਰੇ,**

ਜੀ ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ॥

*(ਪੰਨਾ ੧੩੯੯)*

ਅਰਥ : ਜਿਸ ਗੁਰੂ ਰਾਮਦਾਸ ਜੀ ਦੇ ਦਰਸ਼ਨ ਕੀਤਿਆਂ ਕਾਮ, ਕ੍ਰੋਧ ਆਦਿਕ ਦੂਰ ਹੋ ਜਾਂਦੇ ਹਨ, ਮੈਂ ਉਸ ਸਤਿਗੁਰੂ ਦੇ ਨਾਮ ਤੋਂ ਸਦਕੇ ਜਾਂਦਾ ਹਾਂ॥

(ਸ) ਸ੍ਰੀ ਗੁਰੂ ਰਾਮਦਾਸ ਜੀ ਵਿਚ ਗੁਰੂ ਨਾਨਕ ਵਾਲੀ ਜੋਤਿ ਹੈ, ਉਹ ਗੁਰੂ ਨਾਨਕ ਦੀ ਗੱਦੀ ਤੇ ਸੁਸ਼ੋਭਿਤ ਹਨ ਤੇ ਉਹਨਾਂ ਦੇ ਰਾਹ ਉਤੇ ਚੱਲ ਰਹੇ ਹਨ :

ਗੁਰੁ ਨਾਨਕੁ, ਨਿਕਟਿ ਬਸੈ ਬਨਵਾਰੀ॥
ਤਿਨਿ ਲਹਣਾ ਥਾਪਿ, ਜੋਤਿ ਜਗਿ ਧਾਰੀ॥
ਲਹਣੈ, ਪੰਥੁ ਧਰਮ ਕਾ ਕੀਆ॥ ਅਮਰਦਾਸ ਭਲੇ ਕਉ ਦੀਆ॥
ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯਉ॥
ਹਰਿ ਕਾ ਨਾਮੁ ਅਖੈ ਨਿਧਿ ਅਪ੍ਯਉ॥

*(ਪੰਨਾ ੧੪੦੧)*

ਅਰਥ : ਗੁਰੂ ਨਾਨਕ ਅਕਾਲ ਪੁਰਖ ਦੇ ਨੇੜੇ ਵਸਦਾ ਹੈ। ਉਸ ਨੇ ਲਹਿਣੇ ਨੂੰ ਨਿਵਾਜ ਕੇ ਜਗਤ ਵਿਚ ਰੱਬੀ-ਜੋਤਿ ਪ੍ਰਕਾਸ਼ ਕੀਤੀ। ਲਹਿਣੇ ਨੇ ਧਰਮ ਦਾ ਰਾਹ ਚਲਾਇਆ ਤੇ ਭੱਲੇ ਗੁਰੂ ਅਮਰਦਾਸ ਜੀ ਨੂੰ ਨਾਮ ਦੀ ਦਾਤ ਦਿੱਤੀ। ਉਸ ਨੇ ਸੋਢੀ ਰਾਮਦਾਸ ਜੀ ਨੂੰ ਹਰੀ ਦਾ ਨਾਮ-ਰੂਪ ਨਾ ਮੁੱਕਣ ਵਾਲਾ ਖਜ਼ਾਨਾ ਬਖਸ਼ਿਆ ਤੇ ਉਹਨਾਂ ਨੂੰ ਸਦਾ ਲਈ ਅਟੱਲ ਕਰ ਦਿੱਤਾ।

ਨਾਨਕਿ ਨਾਮੁ ਨਿਰੰਜਨ ਜਾਨ੍ਯਉ, ਕੀਨੀ ਭਗਤਿ ਪ੍ਰੇਮ ਲਿਵ ਲਾਈ॥
ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀਨੀ ਵਰਖਾਈ॥
ਗੁਰ ਅਮਰਦਾਸ ਕੀ ਅਕਥ ਕਥਾ ਹੈ,
ਇਕ ਜੀਹ ਕਛੁ ਕਹੀ ਨ ਜਾਈ॥
ਸੋਢੀ, ਸ੍ਰਿਸ੍ਟਿ ਸਕਲ ਤਾਰਣ ਕਉ,
ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥

*(ਪੰਨਾ ੧੪੦੬)*

ਅਰਥ : ਗੁਰੂ ਨਾਨਕ ਜੀ ਨੇ ਨਿਰੰਜਨ ਦਾ ਨਾਮ ਪਛਾਣਿਆ, ਪ੍ਰੇਮ ਨਾਲ ਬ੍ਰਿਤੀ ਜੋੜ ਕੇ ਭਗਤੀ ਕੀਤੀ। ਉਨ੍ਹਾਂ ਤੋਂ (ਗੁਣਾਂ ਦੇ ਸਮੁੰਦਰ) ਗੁਰੂ ਅੰਗਦ ਦੇਵ ਜੀ ਹੋਏ, ਜੋ ਸਦਾ ਉਨ੍ਹਾਂ ਦੀ ਹਜ਼ੂਰੀ ਵਿਚ ਟਿਕੇ ਤੇ ਜਿਨ੍ਹਾਂ ਨੇ 'ਸ਼ਬਦ-ਸੁਰਤਿ'

ਦੀ ਵਰਖਾ ਕੀਤੀ—ਭਾਵ, ਸ਼ਬਦ ਦਾ ਧਿਆਨ ਧਰਨ ਦੀ ਖੁੱਲ੍ਹੀ ਵੰਡ ਵੰਡੀ। ਗੁਰੂ ਅਮਰਦਾਸ ਜੀ ਦੀ ਕਥਾ ਬਿਆਨ ਤੋਂ ਪਰੇ ਹੈ, ਮੇਰੀ ਇਕ ਜੀਭ ਹੈ, ਇਸ ਨਾਲ ਕੁਝ ਆਖੀ ਨਹੀਂ ਜਾ ਸਕਦੀ। ਹੁਣ ਸਾਰੀ ਸ੍ਰਿਸ਼ਟੀ ਨੂੰ ਤਾਰਨ ਲਈ (ਸ੍ਰੀ ਗੁਰੂ ਅਮਰਦਾਸ ਜੀ ਵੱਲੋਂ) ਸੋਢੀ ਗੁਰੂ ਰਾਮਦਾਸ ਜੀ ਨੂੰ ਵਡਿਆਈ ਮਿਲੀ ਹੈ।

(ਹ) ਸ੍ਰੀ ਗੁਰੂ ਰਾਮਦਾਸ ਜੀ ਰਾਜ-ਜੋਗੀ (ਸੰਸਾਰਕ ਅਤੇ ਅਧਿਆਤਮਕ ਪ੍ਰਭੂ-ਸੱਤਾ ਦੇ ਮਾਲਕ) ਹਨ:

ਸਿਰਿ ਆਤਪਤੁ ਸਚੌ ਤਖਤੁ, ਜੋਗ ਭੋਗ ਸੰਜੁਤੁ ਬਲਿ॥
ਗੁਰ ਰਾਮਦਾਸ ਸਚੁ ਸਲ੍ ਭਣਿ,
ਤੂ ਅਟਲੁ ਰਾਜਿ ਅਭਗੁ ਦਲਿ॥ *(ਪੰਨਾ ੧੪੦੬)*

ਅਰਥ : ਹੇ ਗੁਰੂ ਰਾਮਦਾਸ! ਆਪ ਜੀ ਦੇ ਸਿਰ ਉਤੇ ਛਤਰ ਹੈ, ਆਪ ਦਾ ਤਖ਼ਤ ਸਦਾ ਥਿਰ ਹੈ। ਆਪ ਰਾਜ ਤੇ ਜੋਗ ਦੋਵੇਂ ਮਾਣਦੇ ਹੋ, ਤੇ ਬਲੀ ਹੋ। ਹੇ ਸਲ੍ਹ ਕਵੀ! ਤੂੰ ਆਖ : ਹੇ ਗੁਰੂ ਰਾਮਦਾਸ, ਤੂੰ ਅਟੱਲ ਰਾਜ ਵਾਲਾ ਤੇ ਨਾਸ਼ ਨਾ ਹੋਣ ਵਾਲੀ (ਦੈਵੀ ਸੰਪਤੀ ਰੂਪ) ਫ਼ੌਜ ਵਾਲਾ ਹੈਂ।

ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ॥
ਇਹੁ ਰਾਜ ਜੋਗ, ਗੁਰ ਰਾਮਦਾਸ, ਤੁਮ੍ ਹੂ ਰਸੁ ਜਾਣੇ॥
*(ਪੰਨਾ ੧੩੯੮)*

ਅਰਥ : ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਜੀ ਅਤੇ ਹੋਰ ਭਗਤ ਅਕਾਲ ਪੁਰਖ ਵਿਚ ਲੀਨ ਹੋਏ ਹਨ। ਹੇ ਗੁਰੂ ਰਾਮਦਾਸ ਜੀ! ਆਪ ਨੇ ਭੀ ਰਾਜ ਜੋਗ (ਸੰਸਾਰ ਵਿਚ ਰਹਿਕੇ ਪ੍ਰਭੂ ਨਾਲ ਜੁੜਨ) ਦੇ ਇਸ ਸੁਆਦ ਨੂੰ ਪਛਾਣਿਆ ਹੈ।

ਪ੍ਰਥਮੇ ਨਾਨਕ ਚੰਦੁ, ਜਗਤ ਭਯੋ ਆਨੰਦੁ,
ਤਾਰਨਿ ਮਨੁਖ੍ ਜਨ, ਕੀਅਉ ਪ੍ਰਗਾਸ॥
ਗੁਰ ਅੰਗਦ ਦੀਅਉ ਨਿਧਾਨੁ, ਅਕਥ ਕਥਾ ਗਿਆਨੁ,
ਪੰਚ ਭੂਤ ਬਸਿ ਕੀਨੇ, ਜਮਤ ਨ ਤ੍ਰਾਸ॥
ਗੁਰ ਅਮਰੁ ਗੁਰੂ ਸ੍ਰੀ ਸਤਿ, ਕਲਿਜੁਗਿ ਰਾਖੀ ਪਤਿ,
ਅਘਨ ਦੇਖਤ ਗਤੁ, ਚਰਨ ਕਵਲ ਜਾਸ॥
ਸਭ ਬਿਧਿ ਮਾਨ੍ਹਿਉ ਮਨੁ, ਤਬ ਹੀ ਭਯਉ ਪ੍ਰਸੰਨੁ,
ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥ *(ਪੰਨਾ ੧੩੯੯)*

ਅਰਥ : ਪਹਿਲਾਂ ਚੰਦ੍ਰਮਾ ਰੂਪ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ, ਮਨੁੱਖਾਂ

ਨੂੰ ਤਾਰਨ ਲਈ ਚਾਨਣ ਕੀਤਾ ਤੇ ਸੰਸਾਰ ਨੂੰ ਖੁਸ਼ੀ ਹੋਈ। ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਪ੍ਰਭੂ ਦੀ ਅਕੱਥ ਕਥਾ ਦਾ ਗਿਆਨ-ਰੂਪ ਖਜ਼ਾਨਾ ਬਖਸ਼ਿਆ, ਗੁਰੂ ਅੰਗਦ ਦੇਵ ਜੀ ਨੇ ਕਾਮਾਦਿਕ ਪੰਜੇ ਵੈਰੀ ਵੱਸ ਵਿਚ ਕਰ ਲਏ ਤੇ ਉਨ੍ਹਾਂ ਦਾ ਡਰ ਨਾ ਰਿਹਾ। ਫਿਰ ਸ੍ਰੀ ਸਤਿਗੁਰੂ ਅਮਰਦਾਸ ਜੀ ਨੇ ਕਲਿਯੁਗ ਦੀ ਪੱਤ ਰੱਖੀ, ਆਪ ਦੇ ਚਰਨ-ਕਮਲਾਂ ਦਾ ਦਰਸ਼ਨ ਕਰਕੇ ਪਾਪ ਭੱਜ ਗਏ। ਜਦੋਂ ਉਨ੍ਹਾਂ ਦਾ ਮਨ ਪੂਰਨ ਤੌਰ ਤੇ ਪਤੀਜ ਗਿਆ ਤਦੋਂ ਉਹ ਤੁਠੇ ਅਤੇ ਉਨ੍ਹਾਂ ਗੁਰੂ ਰਾਮਦਾਸ ਜੀ ਨੂੰ ਰਾਜ-ਜੋਗ ਵਾਲਾ ਤਖਤ (ਗੁਰ ਗੁਰਗੱਦੀ) ਬਖਸ਼ਿਆ।

**ਸੇਵਕ ਸਿਖ ਸਦਾ ਅਤਿ ਲੁਭਿਤ, ਅਲਿ ਸਮੂਹ ਜਿਉ ਕੁਸਮ ਸੁਬਾਸੇ॥**

**ਬਿਦ੍ਮਾਨ ਗੁਰਿ ਆਪਿ ਥਪ੍ਉ ਥਿਰੁ, ਸਾਚਉ ਤਖਤੁ ਗੁਰੂ ਰਾਮਦਾਸੈ॥**

*(ਪੰਨਾ ੧੪੦੪)*

**ਅਰਥ :** ਸੇਵਕ ਤੇ ਸਿੱਖ ਸਦਾ ਗੁਰੂ ਜੀ ਦੇ ਚਰਨਾਂ ਦੇ ਆਸ਼ਿਕ ਹਨ, ਜਿਵੇਂ ਭੌਰੇ ਫੁੱਲਾਂ ਦੀ ਵਾਸ਼ਨਾ ਦੇ ਆਸ਼ਿਕ ਹੁੰਦੇ ਹਨ। ਪ੍ਰਤੱਖ ਗੁਰੂ (ਅਮਰਦਾਸ ਜੀ) ਨੇ ਆਪ ਹੀ ਗੁਰੂ ਰਾਮਦਾਸ ਜੀ ਦਾ ਸੱਚਾ ਤਖਤ ਨਿਹਚਲ ਟਿਕਾਅ ਦਿੱਤਾ ਹੈ।

## 2. ਜਨਮ ਤੇ ਬਚਪਨ

ਨਿਮ੍ਰਤਾ ਦੀ ਸਾਖਿਆਤ ਮੂਰਤ, ਵਿਦਿਆ, ਕਲਾ, ਕਵਿਤਾ, ਸੰਗੀਤ ਅਤੇ ਸ਼ਿਲਪ ਦੇ ਪ੍ਰੇਮੀ, ਦਇਆ, ਪ੍ਰੇਮ ਤੇ ਉਦਾਰਤਾ ਦੇ ਪ੍ਰਤੀਕ, ਰਾਜ-ਯੋਗੀ, ਤਖਤ-ਬਖਤ ਦੇ ਮਾਲਕ ਸੱਚਾ-ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਅੱਜ ਦੇ ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿਚ, ਚੂਨਾ ਮੰਡੀ ਵਿਖੇ ਹੋਇਆ ਸੀ। ਉਸ ਦਿਨ ਸਤੰਬਰ ਦੇ ਮਹੀਨੇ ਦੀ 24 ਤਰੀਕ ਸੀ ਅਤੇ ਸੰਨ 1534 ਸੀ। ਪਿਤਾ ਦਾ ਨਾਮ ਸ੍ਰੀ ਹਰਿਦਾਸ ਜੀ ਅਤੇ ਮਾਤਾ ਦਾ ਨਾਮ ਦਇਆ ਕੌਰ (ਅਨੂਪੀ) ਜੀ ਸੀ। ਪਲੇਠੀ ਦੇ ਪੁੱਤਰ ਹੋਣ ਕਰਕੇ ਆਂਢੀ-ਗੁਆਂਢੀ ਤੇ ਸਾਕ-ਸ਼ਰੀਕ ਇਨ੍ਹਾਂ ਨੂੰ ਜੇਠਾ-ਜੇਠਾ ਕਰਕੇ ਬੁਲਾਉਂਦੇ ਸਨ। ਇੰਝ ਇਨ੍ਹਾਂ ਦਾ ਨਾਮ ਜੇਠਾ ਜੀ ਪੈ ਗਿਆ।

ਜਦੋਂ ਗੁਰੂ ਰਾਮਦਾਸ ਜੀ ਦਾ ਜਨਮ ਹੋਇਆ, ਉਸ ਸਮੇਂ ਗੁਰੂ ਨਾਨਕ ਦੇਵ ਜੀ ਸਾਢੇ ਪੈਂਹਠ ਸਾਲਾਂ ਦੇ, ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) 30 ਸਾਲਾਂ ਦੇ ਅਤੇ (ਗੁਰੂ) ਅਮਰਦਾਸ ਜੀ ਸਾਢੇ ਪਚਵੰਜਾ ਸਾਲਾ ਦੇ ਸਨ। ਸੋ, ਉਦੋਂ ਚਾਰੇ ਗੁਰ ਵਿਅਕਤੀ ਇਕੋ ਸਮੇਂ ਮੌਜੂਦ ਸਨ। ਬਾਬਾ ਲਹਿਣਾ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿਚ ਆਇਆਂ ਅਜੇ ਦੋ ਸਾਲ ਹੀ ਹੋਏ ਸਨ।

ਹਰਿਦਾਸ ਜੀ ਛੋਟੀ-ਮੋਟੀ ਦੁਕਾਨਦਾਰੀ ਹੀ ਕਰਦੇ ਸਨ, ਜਿਸ ਨਾਲ ਮਾਮੂਲੀ ਆਮਦਨ ਹੀ ਸੀ। ਉਹ ਨਾਂ ਦੇ ਹੀ 'ਹਰਿਦਾਸ' ਨਹੀਂ ਸਨ, ਸਗੋਂ ਸਚਮੁਚ ਹੀ ਪ੍ਰਭੂ ਦੇ ਭਗਤ ਸਨ—ਦੇਵੀ-ਦੇਵਤਿਆਂ ਨੂੰ ਉੱਕਾ ਹੀ ਨਹੀਂ ਸਨ ਮੰਨਦੇ। ਸੁਭਾਅ ਬੜਾ ਨਿੱਘਾ ਤੇ ਸੰਤੋਖੀ ਸੀ। ਥੋੜ੍ਹੀ ਜਿਹੀ ਆਮਦਨ ਵਿਚ ਹੀ ਸੰਤੁਸ਼ਟ ਸਨ। ਲੋੜਵੰਦਾਂ ਦੀ ਸੇਵਾ ਕਰਕੇ ਆਤਮਿਕ ਅਨੰਦ ਪ੍ਰਾਪਤ ਕਰਦੇ ਸਨ।

ਜੇਠਾ ਜੀ ਦੇ ਜਨਮ ਦੇ ਦੋ ਸਾਲ ਮਗਰੋਂ ਹਰਿਦਾਸ ਜੀ ਦੇ ਘਰ ਦੂਜੇ ਪੁੱਤਰ ਦਾ ਜਨਮ ਹੋਇਆ, ਜਿਸ ਦਾ ਨਾਮ ਹਰਿਦਿਆਲ ਰੱਖਿਆ ਗਿਆ। ਉਸਦੇ ਮਗਰੋਂ ਇਕ ਲੜਕੀ ਪੈਦਾ ਹੋਈ, ਜਿਸਨੂੰ 'ਰਮਦਾਸੀ' ਕਰਕੇ ਪੁਕਾਰਿਆ ਜਾਂਦਾ ਸੀ। ਹਰਿਦਾਸ ਜੀ ਦੀ ਸੰਤਾਨ ਬਾਰੇ, ਭਾਈ ਕੇਸਰ ਸਿੰਘ (ਛਿੱਬਰ) ਨੇ 'ਬੰਸਾਵਲੀ ਨਾਮੇ' ਵਿਚ ਇੰਝ ਲਿਖਿਆ ਹੈ :—

ਰਾਮਦਾਸ ਹਰਿਦਿਆਲ ਸੋਢੀ ਦੁਇ ਭਾਈ॥
ਇਕ ਬੀਬੀ ਰਮਦਾਸੀ ਸਕੀ ਭੈਣ ਕਹਾਈ।

ਬਾਲਕ 'ਰਾਮਦਾਸ ਜੀ' (ਜੇਠਾ ਜੀ) ਦਾ ਦਰਸ਼ਨ ਮਨ ਨੂੰ ਠੰਢ ਪਾਉਣ ਵਾਲਾ ਸੀ। ਵੇਖਣ ਨੂੰ ਅਤਿ ਸੁੰਦਰ ਸਨ, ਗੋਰਾ ਸਰੀਰ, ਮੋਟੇ ਨਕਸ਼ ਤੇ ਚੌੜੇ ਮੱਥੇ ਵਾਲੇ ਸਨ। ਮੈਕਾਲਿਫ ਦੇ ਕਥਨ ਅਨੁਸਾਰ ਆਪ ਸੁਹਣੇ ਤੇ ਸੁਨੱਖੇ ਸਨ ਅਤੇ ਹਮੇਸ਼ਾ ਹਸੂੰ-ਹਸੂੰ ਕਰਦੇ ਰਹਿੰਦੇ ਸਨ :

He (Jetha) is described as of fair complexion, handsome figure, pleasing and smiling face, and not disposed to weep or cry in the manner of ordinary children!

ਪ੍ਰਿੰਸੀਪਲ ਸਤਿਬੀਰ ਸਿੰਘ ਦੇ ਲਿਖਣ ਅਨੁਸਾਰ :

'ਸਵੱਛ ਵਾਤਾਵਰਣ ਵਿਚ ਪਲਣ ਕਾਰਨ (ਆਪ ਦੀ) ਮੱਤ ਅਤਿ ਡੂੰਘੀ ਸੀ। ਪ੍ਰਭੂ ਨਾਲ ਨਿੱਕਿਆਂ ਹੁੰਦਿਆਂ ਤੋਂ ਪਿਆਰ ਸੀ। ਅਡੋਲ ਚਿੱਤ, ਧੀਰਜਵਾਨ, ਧਰਮ ਸਰੂਪ ਸਨ। ਦੇਣ ਅਤੇ ਵੰਡਣ ਦੀ ਰੁਚੀ ਬਾਲਪਣ ਤੋਂ ਹੀ ਸੀ। ਆਇਆ ਗਿਆ ਸਾਧੂ, ਸੰਤ, ਮਹਾਤਮਾ ਜਾਂ ਫਕੀਰ ਜੋ ਵੀ ਦੇਖਦੇ-ਤਕਦੇ ਘਰ ਲੈ ਆਉਂਦੇ ਜਾਂ ਉਸਦੀ ਲੋੜ ਪੂਰੀ ਕਰਨ ਲਈ ਪਿਤਾ ਨੂੰ ਕਹਿੰਦੇ। ਪੰਥ ਪ੍ਰਕਾਸ਼ ਵਿਚ 'ਬਾਲ ਉਮਰ ਬ੍ਰਿਧਨ ਸੀ ਚਾਲੇ' ਦੇ ਸ਼ਬਦ ਲਿਖੇ ਹਨ।'

ਜਦ ਬੱਚਿਆਂ ਨਾਲ ਖੇਡਦੇ ਤਾਂ ਵੀ ਭਗਤੀ-ਭਾਵ ਦੀਆਂ ਗੱਲਾਂ ਕਰਦੇ ਤੇ ਪ੍ਰਭੂ ਨਾਲ ਚਿੱਤ ਲਾਉਣ ਲਈ ਪ੍ਰੇਰਦੇ :

ਖੇਲਨ ਬੀਚ ਬਾਲਕਨ ਤਾਈਂ॥
ਉਪਦੇਸੈ ਭਗਤੀ ਜਗ ਸਾਈਂ॥

ਹਸਦੇ-ਖੇਡਦੇ ਬਾਲਕ ਜੇਠਾ ਜੀ ਦਾ ਵਾਹ ਦੁੱਖਾਂ ਅਤੇ ਗਰੀਬੀ ਨਾਲ ਪੈ ਗਿਆ। ਅਜੇ ਬਹੁਤ ਹੀ ਨਿੱਕੀ ਜਿਹੀ ਉਮਰ ਦੇ ਸਨ ਕਿ ਮਾਤਾ ਜੀ ਚੜ੍ਹਾਈ ਕਰ ਗਏ। ਸੱਤ ਸਾਲਾਂ ਦੀ ਉਮਰ ਵਿਚ ਸੰਨ 1541 ਵਿਚ, ਪਿਤਾ ਦਾ ਸਾਇਆ ਵੀ ਸਿਰੋਂ ਜਾਂਦਾ ਰਿਹਾ। ਸੰਸਾਰੀ ਤੌਰ ਤੇ ਇਹ ਇਕ ਅਸਹਿ ਸੱਟ ਸੀ। ਇਕ ਛੋਟੇ ਭਰਾ ਤੇ ਛੋਟੀ ਭੈਣ ਦਾ ਭਾਰ ਵੀ ਸਿਰ ਤੇ ਸੀ ਪਰ ਆਪ ਅਡੋਲ ਰਹੇ।

ਆਪ ਜੀ ਦੇ ਨਾਨਕੇ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਸਨ। ਪਿਤਾ ਜੀ ਦੀ ਮੌਤ ਮਗਰੋਂ ਆਪ ਦੇ ਨਾਨੀ ਜੀ ਲਾਹੌਰ ਆਏ। ਆਪ ਨੂੰ ਤੇ ਆਪ ਦੇ ਛੋਟੇ ਭਰਾ ਤੇ ਭੈਣ ਨੂੰ ਬਾਸਰਕੇ ਲੈ ਆਏ। ਮਾਤਾ-ਪਿਤਾ ਦੀ ਮੌਤ ਮਗਰੋਂ ਲਾਹੌਰ ਛੱਡਣ ਦੀ ਯਾਦ, ਗਰੀਬੀ ਦੀ ਦੇਣ-ਔਕੜਾਂ ਤੇ ਮੁਸੀਬਤਾਂ ਅਤੇ ਰੋਜ਼ੀ ਕਮਾਉਣ ਲਈ ਦਰ-ਦਰ ਭਟਕਣਾ ਸ਼ਾਇਦ ਅਜਿਹੀਆਂ ਗੱਲਾਂ ਸਨ, ਜਿਨ੍ਹਾਂ ਕਰਕੇ ਆਪ ਜੀ ਨੇ ਆਪਣੇ ਬਾਰੇ 'ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ' ਲਿਖਿਆ ਹੈ।

ਲਾਹੌਰ ਛੱਡਣ ਸਮੇਂ ਬਾਲਕ ਜੇਠਾ ਜੀ ਦੇ ਮਨ ਤੇ ਜੋ ਗੁਜ਼ਰੀ ਹੋਵੇਗੀ, ਉਸਦਾ ਅੰਦਾਜ਼ਾ ਉਹੀ ਮਨੁੱਖ ਲਾ ਸਕਦਾ ਹੈ, ਜੋ ਅਜਿਹੇ ਹਾਲਾਤ ਵਿਚੋਂ ਗੁਜ਼ਰਿਆ ਹੋਵੇ। ਜਿਸ ਘਰ ਵਿਚ ਜੰਮੇ-ਪਲੇ, ਜਿਨ੍ਹਾਂ ਗਲੀਆਂ ਵਿਚ ਸੱਤ ਸਾਲ ਖੇਡਦੇ ਰਹੇ, ਅੱਜ ਉਨ੍ਹਾਂ ਘਰ ਤੇ ਗਲੀਆਂ ਨੂੰ ਸਦਾ ਲਈ ਛੱਡ ਰਹੇ ਸਨ। ਬਚਪਨ ਦੇ ਹਾਣੀਆਂ ਤੋਂ ਪ੍ਰੀਤ ਟੁੱਟ ਰਹੀ ਸੀ। ਕਿਸੇ ਸ਼ਰੀਕ ਨੇ ਸ਼ਾਇਦ ਖੁਸ਼ੀ ਮਨਾਈ ਹੋਵੇ, ਪਰ ਬਹੁਤਿਆਂ ਨੇ ਤਾਂ ਹਉਕੇ ਹੀ ਭਰੇ ਸਨ। ਅਜਿਹੇ ਵਾਤਾਵਰਣ ਦਾ ਨਕਸ਼ਾ ਗੁਰੂ ਜੀ ਦੇ ਬਾਲ-ਮਨ ਤੇ ਡੂੰਘੇ ਰੂਪ ਵਿਚ ਉਕਰਿਆ ਗਿਆ ਅਤੇ ਉਨ੍ਹਾਂ ਦੇ ਅੱਤ ਮਿੱਠੇ ਤੇ ਨਿਮ੍ਰਤਾ ਭਰੇ ਸੁਭਾਅ ਵਿਚ ਪ੍ਰਗਟ ਹੋਇਆ।

### (ਗੁਰੂ) ਅਮਰਦਾਸ ਜੀ ਨਾਲ ਮਿਲਾਪ

(ਗੁਰੂ) ਰਾਮਦਾਸ ਜੀ ਦਾ ਨਾਨਕਾ ਪਿੰਡ ਬਾਸਰਕੇ ਕੋਈ ਬਹੁਤਾ ਵੱਡਾ ਨਗਰ ਨਹੀਂ ਹੈ। ਇਹ ਅੰਮ੍ਰਿਤਸਰ ਦੇ ਨੇੜੇ ਹੀ ਹੈ ਅਤੇ ਛੇਹਰਟੇ ਤੋਂ ਦੱਖਣ-ਪੱਛਮ ਵਾਲੀ ਸੜਕ ਤੇ 8 ਕੁ ਮੀਲਾਂ ਦੀ ਵਿੱਥ ਤੇ ਹੈ। ਉਦੋਂ ਇਥੇ ਅੱਧੇ ਘਰ ਜੱਟਾਂ ਦੇ ਸਨ ਅਤੇ ਅੱਧੇ ਕੁ ਖੱਤਰੀਆਂ ਅਤੇ ਹੋਰ ਜਾਤਾਂ ਦੇ। (ਗੁਰੂ) ਅਮਰਦਾਸ ਜੀ ਦਾ ਪਿੰਡ ਵੀ ਇਹ ਹੀ ਸੀ।

ਲਾਹੌਰ ਤੋਂ ਦੋਹਤਰੇ ਦੇ ਨਾਨਕੇ-ਪਿੰਡ ਆਉਣ ਦੀ ਖਬਰ ਸਾਰੇ ਸ਼ਰੀਕੇ-ਬਰਾਦਰੀ ਵਿਚ ਤੁਰੰਤ ਫੈਲ ਗਈ। ਸਾਰੇ ਭਾਈਚਾਰੇ ਦੇ ਲੋਕੀਂ ਨਾਨੀ ਤੇ ਬੱਚਿਆਂ ਨੂੰ ਧੀਰਜ-ਹੌਸਲਾ ਦੇਣ ਆਏ। (ਗੁਰੂ) ਅਮਰਦਾਸ ਜੀ ਵੀ ਆਏ। ਉਹਨਾਂ ਦੇ ਕੋਮਲ ਹਿਰਦੇ ਵਿਚ ਜੇਠਾ ਜੀ ਦੇ ਛੋਟੀ ਉਮਰ ਅਨਾਥ ਹੋ ਜਾਣ ਨੇ ਖਾਸ ਖਿੱਚ ਪਈ ਅਤੇ ਉਹ ਇਸ ਅਨਾਥ-ਬੱਚੇ ਦਾ ਖਾਸ ਧਿਆਨ ਰੱਖਣ ਲੱਗ ਪਏ। ਇੰਝ ਦੋਹਾਂ ਵਿਚ ਨੇੜਤਾ ਵਧਦੀ ਗਈ। ਉਦੋਂ (ਗੁਰੂ) ਅਮਰਦਾਸ ਜੀ 62 ਵਰ੍ਹਿਆਂ ਦੇ

ਸਨ।

### ਬਾਸਰਕੇ ਵਿਚ ਆਜੀਵਕਾ

(ਗੁਰੂ) ਰਾਮਦਾਸ ਜੀ ਦੀ ਨਾਨੀ ਵੀ ਰੁਪਏ-ਪੈਸੇ ਪੱਖੋਂ ਸੌਖੀ ਨਹੀਂ ਸੀ। ਇਸ ਲਈ ਉਨ੍ਹਾਂ ਨੇ ਛੋਟੀ ਉਮਰੇ ਹੀ ਘੁੰਗਣੀਆਂ ਵੇਚਣ ਦਾ ਕੰਮ ਸ਼ੁਰੂ ਕਰ ਦਿੱਤਾ, ਤਾਂ ਕਿ ਪਰਿਵਾਰ ਦਾ ਗੁਜ਼ਾਰਾ ਹੋ ਸਕੇ। ਬਾਸਰਕੇ ਵਿਚ ਆਪ ਪੰਜ ਸਾਲ ਟਿਕੇ ਅਤੇ ਇਹੀ ਕਿਰਤ-ਕਾਰ ਜਾਰੀ ਰੱਖੀ।

ਸੰਨ 1541 ਵਿਚ (ਗੁਰੂ) ਅਮਰਦਾਸ ਜੀ ਦੇ ਜੀਵਨ ਵਿਚ ਇਕ ਘਟਨਾ ਵਾਪਰ ਗਈ, ਜਿਸ ਕਾਰਨ ਆਪ ਨੇ ਬ੍ਰਾਹਮਣੀ ਪ੍ਰਭਾਵਾਂ ਵਾਲਾ ਕਰਮ ਕਾਂਡੀ ਜੀਵਨ ਤਿਆਗ ਕੇ ਗੁਰਮਤਿ-ਗਾਡੀ ਰਾਹ ਨੂੰ ਅਪਣਾ ਲਿਆ। ਇਸ ਸਾਲ ਉਹ 21ਵੀਂ ਵਾਰ ਹਰਿਦੁਆਰ ਗੰਗਾ-ਇਸ਼ਨਾਨ ਲਈ ਗਏ। ਵਾਪਸੀ ਤੇ ਇਕ ਬ੍ਰਹਮਚਾਰੀ ਸਾਧ ਨਾਲ ਆਪਦਾ ਕਾਫੀ ਪ੍ਰੇਮ ਹੋ ਗਿਆ। ਆਪ ਉਸ ਨੂੰ ਭੋਜਨ ਵੀ ਤਿਆਰ ਕਰਕੇ ਦਿੰਦੇ ਸਨ। ਬ੍ਰਹਮਚਾਰੀ ਸਾਧ ਬਾਸਰਕੇ ਹੀ ਆ ਗਿਆ। ਇਕ ਦਿਨ ਜਦ ਉਸ ਨੂੰ ਪਤਾ ਲੱਗਾ ਕਿ ਉਸਦੇ 'ਭਗਤ' (ਗੁਰੂ) ਅਮਰਦਾਸ ਜੀ ਨੇ ਕੋਈ ਗੁਰੂ ਹੀ ਨਹੀਂ ਧਾਰਨ ਕੀਤਾ ਤਾਂ ਉਸਨੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ। ਇਹ ਆਖਦਾ ਹੋਇਆ ਕਿ ਨਿਗੁਰੇ ਦੇ ਹੱਥੋਂ ਭੋਜਨ ਛਕਣ ਨਾਲ ਉਸ ਦੇ ਕੀਤੇ ਸਭ ਧਰਮ-ਕਰਮ ਅਕਾਰਥ ਚਲੇ ਗਏ ਹਨ, ਉਹ ਉੱਥੋਂ ਪੱਤਰਾ ਵਾਚ ਗਿਆ। (ਗੁਰੂ) ਅਮਰਦਾਸ ਜੀ ਦੇ ਮਨ ਪੁਰ ਇਸ ਗੱਲ ਨੇ ਡੂੰਘਾ ਅਸਰ ਕੀਤਾ ਤੇ ਆਪ ਬੀਬੀ ਅਮਰੋ ਜੀ ਰਾਹੀਂ ਅੰਗਦ ਦੇਵ ਜੀ ਦੀ ਸ਼ਰਨ ਵਿਚ ਖਡੂਰ ਸਾਹਿਬ ਆ ਗਏ।

ਭਾਵੇਂ (ਗੁਰੂ) ਅਮਰਦਾਸ ਜੀ ਬਹੁਤਾ ਸਮਾਂ ਖਡੂਰ ਸਾਹਿਬ ਰਹਿਣ ਲਗ ਪਏ ਸਨ, ਪਰ ਆਪ ਪੰਦਰਾਂ-ਵੀਹ ਦਿਨਾਂ ਮਗਰੋਂ ਆਪਣੇ ਪਿੰਡ ਬਾਸਰਕੇ ਗੇੜਾ ਮਾਰ ਆਉਂਦੇ ਸਨ ਅਤੇ (ਗੁਰੂ) ਰਾਮਦਾਸ ਜੀ ਨੂੰ ਜ਼ਰੂਰ ਮਿਲਦੇ ਸਨ। ਇੰਝ ਦੋਹਾਂ ਵਿਚ ਸਾਂਝ ਬਣੀ ਰਹੀ ਅਤੇ (ਗੁਰੂ) ਰਾਮਦਾਸ ਜੀ ਦੇ ਮਨ ਵਿਚ ਗੁਰੂ-ਘਰ ਅਤੇ ਗੁਰਮਤਿ ਬਾਰੇ ਪਿਆਰ ਜਾਗਣਾ ਆਰੰਭ ਹੋ ਗਿਆ।

## 3. ਗੋਇੰਦਵਾਲ ਵਿਚ ਘਾਲ-ਕਮਾਈ

ਸਿੱਖ ਗੁਰੂ ਸਾਹਿਬ ਇਹ ਗੱਲ ਭਲੀ-ਭਾਂਤ ਜਾਣਦੇ ਸਨ ਕਿ ਸਿੱਖੀ ਦੇ ਨਿਆਰੇਪਨ ਨੂੰ ਕਾਇਮ ਰੱਖਣ ਲਈ ਅਤੇ ਇਸ ਨਵ-ਜਨਮੇ ਧਰਮ ਨੂੰ ਅਨਮੱਤੀਆਂ ਦੇ ਪ੍ਰਭਾਵਾਂ ਅਤੇ ਕੁਚਾਲਾਂ ਤੋਂ ਬਚਾਉਣ ਲਈ ਸਿੱਖ-ਪ੍ਰਭਾਵੀ ਨਗਰ ਵਸਾਉਣੇ ਬਹੁਤ ਜ਼ਰੂਰੀ ਹਨ, ਜਿਥੇ ਸਿੱਖ ਇੱਕਠੇ ਹੋ ਕੇ ਰਹਿਣ ਅਤੇ ਇਕ ਦੂਜੇ ਤੋਂ ਉਤਸ਼ਾਹ ਲੈ ਕੇ ਆਪਣੇ ਜੀਵਨ ਨੂੰ ਸਿੱਖ-ਮਰਯਾਦਾ ਅਨੁਸਾਰ ਢਾਲਣ

ਤੇ ਸਿੱਖੀ-ਵਿਚ ਪਰੱਪਕ ਹੋਣ। ਇਸੇ ਖਿਆਲ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ (ਜੋ ਹੁਣ ਪਾਕਿਸਤਾਨ ਵਿਚ ਹੈ) ਨਾਂ ਦਾ ਨਗਰ ਵਸਾਇਆ। ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨੂੰ ਸਿੱਖੀ ਦਾ ਕੇਂਦਰ ਬਣਾਇਆ ਅਤੇ ਉਨ੍ਹਾਂ ਨੇ ਗੋਇੰਦਵਾਲ ਨਗਰ ਵੀ ਵਸਾਇਆ। ਇਸ ਨਗਰ ਨੂੰ ਵਸਾਉਣ ਦੀ ਜ਼ਿੰਮੇਵਾਰੀ ਉਨ੍ਹਾਂ ਨੇ ਆਪਣੇ ਪਿਆਰੇ ਸਿੱਖ (ਗੁਰੂ) ਅਮਰਦਾਸ ਜੀ ਨੂੰ ਸੌਂਪੀ। (ਗੁਰੂ) ਅਮਰਦਾਸ ਜੀ ਦੀ ਸੁੱਚਜੀ ਅਗਵਾਈ ਅਤੇ ਸਿੱਖ-ਸੰਗਤਾਂ ਦੀ ਕਾਰ-ਸੇਵਾ ਦੁਆਰਾ ਇਹ ਨਗਰ 1546 ਵਿਚ ਉਸਾਰਿਆ ਗਿਆ। ਦੂਜੀ ਪਾਤਸ਼ਾਹੀ ਦੇ ਹੁਕਮ ਅਨੁਸਾਰ (ਗੁਰੂ) ਅਮਰਦਾਸ ਜੀ ਆਪਣੇ ਪਿੰਡ ਬਾਸਰਕੇ ਤੋਂ ਆਪਣੇ ਸਕੇ-ਸਬੰਧੀਆਂ ਅਤੇ ਹੋਰ ਸ਼ਰਧਾਲੂ ਸਿੱਖਾਂ ਨੂੰ ਗੋਇੰਦਵਾਲ ਵਿਖੇ ਲੈ ਆਏ। ਜੇਠਾ ਜੀ ਆਪਣੇ ਛੋਟੇ ਭੈਣ-ਭਰਾ ਅਤੇ ਨਾਨੀ ਸਮੇਤ ਇਸ ਨਵੇਂ ਨਗਰ ਵਿਚ ਆ ਗਏ। ਉਨ੍ਹਾਂ ਦੀ ਉਮਰ ਉਸ ਵੇਲੇ 12 ਸਾਲਾਂ ਦੀ ਸੀ।

ਗੋਇੰਦਵਾਲ ਅਤੇ ਖਡੂਰ ਵਿਚ ਕੋਈ ਤਿੰਨ ਚਾਰ ਮੀਲ ਦੀ ਦੂਰੀ ਸੀ। ਇੰਝ ਜੇਠਾ ਜੀ ਲਈ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਪਹੁੰਚਣਾ ਬਹੁਤ ਅਸਾਨ ਹੋ ਗਿਆ। ਗੁਰੂ-ਪਾਤਸ਼ਾਹ ਜੀ ਦੇ ਦਰਸ਼ਨ ਤੇ ਪਵਿੱਤਰ ਬਚਨਾਂ, ਅਤੇ ਹਜ਼ਾਰਾਂ ਸਿੱਖਾਂ ਦੇ ਗੁਰੂ ਦੀ ਹਜ਼ੂਰੀ ਵਿਚ ਜੁੜ ਬੈਠਣ ਦੇ ਨਜ਼ਾਰੇ ਨੇ ਜੇਠਾ ਜੀ ਦੇ ਮਨ ਉਤੇ ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ। ਸਿੱਖੀ ਦੀ ਲਗਨ ਤਾਂ ਉਨ੍ਹਾਂ ਨੂੰ (ਗੁਰੂ) ਅਮਰਦਾਸ ਜੀ ਤੋਂ ਲੱਗ ਗਈ ਸੀ, ਹੁਣ ਸਿੱਖੀ ਵਿਚ ਵਿਸ਼ਵਾਸ ਪਰੱਪਕ ਹੋ ਗਿਆ ਅਤੇ ਗੁਰੂ-ਪਾਤਸ਼ਾਹ ਲਈ ਸ਼ਰਧਾ ਦਾ ਸਮੁੰਦਰ ਮਨ ਵਿਚ ਠਾਠਾਂ ਮਾਰਨ ਲੱਗ ਪਿਆ। ਸਾਧ-ਸੰਗਤ ਦੀ ਸੇਵਾ ਦੀ ਲਗਨ ਵੀ ਲੱਗ ਗਈ। ਸੇਵਾ ਵਿਚੋਂ ਕੋਈ ਅਗੰਮੀ ਸੁਆਦ ਆਉਣ ਲੱਗ ਪਿਆ। ਗੁਰੂ ਅਮਰਦਾਸ ਜੀ ਜੇਠਾ ਜੀ ਨੂੰ 7 ਸਾਲਾਂ ਦੀ ਉਮਰ ਤੋਂ ਹੀ ਵੇਖ ਰਹੇ ਸਨ। ਇਸ ਬੱਚੇ ਅੰਦਰ ਸਿੱਖੀ-ਸ਼ਰਧਾ, ਪ੍ਰੇਮ ਅਤੇ ਸੇਵਾ-ਭਾਵ ਨੂੰ ਵੇਖਕੇ ਉਹ ਬਹੁਤ ਖ਼ੁਸ਼ ਹੁੰਦੇ ਸਨ। ਇਹੀ ਕਾਰਨ ਸੀ ਕਿ ਉਹ ਆਪਣੀ ਬੱਚੀ ਬੀਬੀ ਭਾਨੀ ਲਈ ਜੇਠਾ ਜੀ ਨੂੰ ਯੋਗ ਵਰ ਸਮਝਣ ਲੱਗ ਪਏ ਸਨ।

ਸਿੱਖ ਇਤਿਹਾਸ ਅਨੁਸਾਰ ਜੇਠਾ ਜੀ ਗੋਇੰਦਵਾਲ ਵਿਖੇ ਵੀ ਘੁੰਙਣੀਆਂ ਵੇਚਣ ਦੀ ਕਿਰਤ-ਕਾਰ ਕਰਦੇ ਰਹੇ। ਇਸ ਗੱਲ ਦੀ ਸੰਭਾਵਨਾ ਵੀ ਹੈ ਕਿ ਉਹਨਾਂ ਨੇ ਕੋਈ ਛੋਟੀ-ਮੋਟੀ ਹੱਟੀ ਵੀ ਪਾ ਲਈ ਹੋਵੇ, ਕਿਉਂਕਿ ਨਵੇਂ ਨਗਰ ਵਿਚ ਹੱਟੀਆਂ-ਦੁਕਾਨਾਂ ਦਾ ਬਣਨਾ ਇਕ ਸੁਭਾਵਕ ਗੱਲ ਸੀ।

ਜਨਵਰੀ 1552 ਅਥਵਾ 1 ਮਾਘ ਸੰਮਤ 1609 ਨੂੰ ਗੁਰੂ ਅੰਗਦ ਦੇਵ ਜੀ ਨੇ ਸਭ ਸੰਗਤ ਨੂੰ ਇੱਕਤਰ ਕਰਕੇ (ਗੁਰੂ) ਅਮਰਦਾਸ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਸੌਂਪ ਦਿੱਤੀ। ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸੰਪੂਰਨ ਸੰਗ੍ਰਹਿ, ਆਪਣੀ ਰਚੀ ਬਾਣੀ ਸਮੇਤ, ਗੁਰੂ ਅਮਰਦਾਸ ਜੀ ਦੇ ਸਪੁਰਦ ਕਰ

ਦਿੱਤਾ। 29 ਮਾਰਚ ਸੰਨ 1552 ਨੂੰ ਗੁਰੂ ਅੰਗਦ ਦੇਵ ਜੀ ਜੋਤੀ ਜੋਤਿ ਸਮਾ ਗਏ। ਗੁਰੂ ਅਮਰਦਾਸ ਜੀ ਖਡੂਰ ਤੋਂ ਗੋਇੰਦਵਾਲ ਆ ਟਿਕੇ। ਉਸ ਸਮੇਂ (ਗੁਰੂ) ਰਾਮਦਾਸ ਜੀ ਦੀ ਉਮਰ 19 ਸਾਲਾਂ ਦੀ ਸੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਨਵੇਂ ਨਗਰ ਗੋਇੰਦਵਾਲ ਨੂੰ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਬਣਾ ਦਿੱਤਾ। ਜਿਵੇਂ ਪਹਿਲਾਂ ਸੰਗਤਾਂ ਖਡੂਰ ਸਾਹਿਬ ਵਿਖੇ ਆ ਜੁੜਦੀਆਂ ਸਨ, ਹੁਣ ਉਹ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਹੁੰਮ ਹੁੰਮਾ ਕੇ ਆਉਣ ਲੱਗ ਪਈਆਂ। ਜੇਠਾ ਜੀ ਬਹੁਤਾ ਸਮਾਂ ਸੰਗਤਾਂ ਦੀ ਸੇਵਾ ਵਿਚ ਹੀ ਲੱਗੇ ਰਹਿੰਦੇ। ਸਰੀਰਕ ਲੋੜਾਂ ਤਾਂ ਉਨ੍ਹਾਂ ਨੇ ਬਹੁਤ ਘਟਾ ਲਈਆਂ ਸਨ, ਇਸ ਲਈ ਥੋੜ੍ਹੀ ਬਹੁਤ ਕਿਰਤ-ਕਾਰ ਨਾਲ ਹੀ ਗੁਜ਼ਾਰਾ ਕਰ ਲੈਂਦੇ ਸਨ, ਭਾਵੇਂ ਲੰਗਰ ਤਾਂ ਖੁੱਲ੍ਹਾ ਵਰਤਦਾ ਸੀ, ਪਰ ਆਪ ਕਿਰਤ ਕਰਕੇ ਹੀ ਆਹਾਰ ਕਰਦੇ ਸਨ। ਆਪ ਇਕ ਸੱਚੇ ਸਿੱਖ ਦੇ ਰੂਪ ਵਿਚ 'ਘਾਲਿ ਖਾਇ ਕਿਛੁ ਹਥਹੁ ਦੇਇ' ਦੇ ਮਹਾਨ ਗੁਰ-ਉਪਦੇਸ਼ ਅਨੁਸਾਰ ਜੀਵਨ ਬਤੀਤ ਕਰ ਰਹੇ ਸਨ।

## ਵਿਆਹ

ਜੇਠਾ ਜੀ ਦੇ ਜੀਵਨ-ਢੰਗ ਨੇ ਗੁਰੂ ਅਮਰਦਾਸ ਜੀ ਦਾ ਮਨ ਤਾਂ ਪਹਿਲਾਂ ਹੀ ਮੋਹ ਲਿਆ ਹੋਇਆ ਸੀ। ਪਿਛਲੇ ਬਾਰਾਂ-ਤੇਰਾਂ ਵਰ੍ਹਿਆਂ ਦੀ ਸਾਂਝ ਨੇ ਇਹ ਸਿੱਧ ਕਰ ਦਿੱਤਾ ਸੀ ਕਿ ਜੇਠਾ ਜੀ ਗੁਰਸਿੱਖੀ ਦੇ ਮਾਰਗ ਦੀਆਂ ਪਉੜੀਆਂ ਸਹਿਜੇ ਹੀ ਚੜ੍ਹਦੇ ਜਾ ਰਹੇ ਸਨ। ਉਨ੍ਹਾਂ ਦੇ ਅਜਿਹੇ ਜੀਵਨ ਨੂੰ ਵੇਖਕੇ ਗੁਰੂ ਅਮਰਦਾਸ ਜੀ ਨੇ ਆਪਣੀ ਸੱਪੁਤਰੀ ਬੀਬੀ ਭਾਨੀ ਜੀ ਦਾ ਵਿਆਹ ਉਨ੍ਹਾਂ ਨਾਲ ਸੰਨ 1553 ਵਿਚ ਕਰ ਦਿੱਤਾ। ਇਹ ਜੋੜੀ ਹੈ ਵੀ ਬੜੀ ਆਦਰਸ਼ਕ ਸੀ। ਜਿਥੇ ਜੇਠਾ ਜੀ ਗੁਰਮਤਿ-ਗੁਣਾਂ ਨਾਲ ਭਰਪੂਰ ਸਨ, ਉਥੇ ਬੀਬੀ ਭਾਨੀ ਜੀ ਵੀ ਗੁਰੂ-ਉਪਦੇਸਾਂ ਦੀ ਕਮਾਈ ਕਰਨ ਵਾਲੇ ਸਨ। ਉਨ੍ਹਾਂ ਨੇ ਸੇਵਾ ਕਰਕੇ ਗੁਰੂ-ਪਿਤਾ ਦੇ ਦਿਲ ਵਿਚ ਵਿਸ਼ੇਸ਼ ਥਾਂ ਬਣਾਈ ਹੋਈ ਸੀ। ਬੀਬੀ ਜੀ ਸੁਭਾਅ ਦੇ ਅਤਿ-ਸੁਸ਼ੀਲ, ਸੰਜਮੀ, ਨਿੰਮ੍ਰਤਾ ਵਾਲੇ ਤੇ ਸ੍ਰੇਸ਼ਟ ਬੁੱਧੀ ਦੇ ਮਾਲਕ ਸਨ। ਉਨ੍ਹਾਂ ਵੱਲੋਂ ਗੁਰੂ-ਪਿਤਾ ਦੀ ਕੀਤੀ ਸੇਵਾ ਦਾ ਜ਼ਿਕਰ ਮਹਿਮਾ ਪ੍ਰਕਾਸ਼ ਵਿਚ ਇੰਝ ਕੀਤਾ ਗਿਆ ਹੈ :

ਜਬ ਪਹਰ ਰਾਤ ਰਹੈ ਅੰਮ੍ਰਿਤ ਵੇਲਾ॥
ਗੁਰ ਕਰੈ ਇਸ਼ਨਾਨ ਭਗਤ ਸੁਖ ਕੇਲਾ॥
ਤਿਸ ਸਮੈਂ ਬੀਬੀ ਜੀ ਦਰਸਨ ਕਰੈ॥
ਗੁਰ ਕੀ ਭਗਤ ਸਦ ਹਿਰਦੈ ਧਰੈ॥ *(ਸਾਖੀ ੨੯, ਪਾਤਸ਼ਾਹੀ ਤੀਜੀ)*

ਇਹ ਸੇਵਾ ਬੀਬੀ ਜੀ ਧੀ ਹੋਣ ਕਰਕੇ ਹੀ ਨਹੀਂ ਸਨ ਕਰਦੇ; ਸਗੋਂ ਇਕ ਸਿੱਖ ਦੇ ਰੂਪ ਵਿਚ ਕਰਦੇ ਸਨ। ਸਿੱਖੀ-ਮਾਰਗ ਤੇ ਤੁਰਨ ਦਾ ਚਾਅ ਜੋ ਸੀ। ਉਨ੍ਹਾਂ ਦੀ ਇਸ ਭਾਵਨਾ ਨੂੰ 'ਸੂਰਜ ਪ੍ਰਕਾਸ਼' ਦੇ ਕਰਤਾ ਨੇ ਇੰਝ ਬਿਆਨਿਆ ਹੈ :—

ਰਹੈ ਨਿੰਮ ਬਹੁ ਸੇਵ ਕਮਾਵਹਿ।
ਅਨੁਸਾਰੀ ਹੁਇ ਸਦਾ ਚਿੰਤਾਵਹਿ।

ਮਨ ਨੂੰ ਦ੍ਰਿੜ ਕਰਕੇ ਸੁਰਤ ਨੂੰ ਟਿਕਾਉਂਦੇ ਸਨ। ਪਰ ਇਸ ਦਾ ਵਿਖਾਵਾ-ਪ੍ਰਗਟਾਵਾ ਉੱਕਾ ਹੀ ਨਹੀਂ ਸਨ ਕਰਦੇ। ਉਹ ਕਹਿੰਦੇ ਸਨ ਕਿ ਵਿਖਾਵੇ ਨਾਲ ਸ਼ੁਭ-ਗੁਣਾਂ ਦਾ ਲਾਭ ਨਹੀਂ ਹੁੰਦਾ :

ਆਛੋ ਕਾਮ ਦਿਖਾਇ ਨ ਚਾਹੈ॥
ਲਾਭ ਘਟੈ ਪਾਖੰਡ ਇਸ ਮਾਹੈ॥

ਅਜਿਹੇ ਉੱਚੇ ਸੁੱਚੇ ਗੁਣਾਂ ਦੇ ਮਾਲਕ ਸਨ ਬੀਬੀ ਭਾਨੀ ਜੀ। ਉਨ੍ਹਾਂ ਲਈ ਯੋਗ ਵਰ ਜੇਠਾ ਜੀ ਹੀ ਹੋ ਸਕਦੇ ਸਨ। ਤਾਂ ਹੀ ਤਾਂ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਦੇ ਪਰਿਵਾਰਕ ਪਿਛੋਕੜ ਅਤੇ ਅੱਤ-ਗਰੀਬੀ ਦੀ ਹਾਲਤ ਨੂੰ ਨਜ਼ਰ ਅੰਦਾਜ਼ ਕਰਕੇ, ਉਹਨਾਂ ਦੇ ਉੱਤਮ ਵਿਚਾਰਾਂ, ਧਾਰਮਕ ਲਗਨ, ਸੇਵਾ-ਭਾਵ ਨੂੰ ਮੁੱਖ ਰੱਖਕੇ ਬੀਬੀ ਭਾਨੀ ਲਈ ਉਨ੍ਹਾਂ (ਜੇਠਾ ਜੀ) ਨੂੰ ਚੁਣਿਆ ਸੀ।

## ਗੁਰੂ ਅਮਰਦਾਸ ਜੀ ਨਾਲ ਪਰਚਾਰ ਦੌਰੇ ਤੇ

ਸੰਨ 1553 ਦੇ ਆਰੰਭ ਵਿਚ ਗੁਰੂ ਅਮਰਦਾਸ ਜੀ ਕੁਰੂਕਸ਼ੇਤਰ (ਕੁਰਖੇਤਰ) ਤੇ ਹਰਿਦੁਆਰ ਆਦਿਕ ਹਿੰਦੂ ਤੀਰਥਾਂ ਤੇ ਗੁਰਮਤਿ-ਪ੍ਰਚਾਰ ਕਰਨ ਲਈ ਅਤੇ ਹਿੰਦੂ ਜਨਤਾ ਨੂੰ ਜੀਵਨ ਦਾ ਸਹੀ ਰਸਤਾ ਦੱਸਣ ਲਈ ਗਏ। ਸਿੱਖ-ਸੰਗਤਾਂ ਤੋਂ ਬਿਨਾਂ (ਗੁਰੂ) ਰਾਮਦਾਸ ਜੀ ਵੀ ਉਨ੍ਹਾਂ ਨਾਲ ਗਏ।

ਆਪ 14 ਜਨਵਰੀ, 1553 ਨੂੰ ਕੁਰੂਕਸ਼ੇਤਰ ਪੁੱਜੇ। ਉਸ ਦਿਨ ਸੂਰਜ ਗ੍ਰਹਿਣ ਲੱਗਾ ਹੋਇਆ ਸੀ ਤੇ 'ਅਭੀਚ ਪੁਰਬ' ਦਾ ਸਮਾਂ ਸੀ। ਅਭੀਚ ਪੁਰਬ ਦੇ ਬਾਰੇ ਪ੍ਰੋ: ਸਾਹਿਬ ਸਿੰਘ ਜੀ ਲਿਖਦੇ ਹਨ :

"ਜੋਤਿਸ਼ ਅਨੁਸਾਰ ਉਤਰਾਖਾੜਾ ਨੱਛਤ੍ਰ ਦੇ ਪਿਛਲੇ ਹਿੱਸੇ ਅਤੇ ਸ੍ਵਣ ਨੱਛਤ੍ਰ ਦੀਆਂ ਪਹਿਲਾਂ ਚਾਰ ਕਲਾਂ ਦੇ ਮੇਲ ਵਿਚ ਇਕ ਐਸਾ ਸਮਾਂ ਆਉਂਦਾ ਹੈ, ਇਕ ਲਗਨ ਆਉਂਦਾ ਹੈ, ਜਿਸ ਨੂੰ ਅਭੀਚ ਆਖਦੇ ਹਨ। ਸੂਰਜ ਗ੍ਰਹਿਣ ਦੇ ਮੌਕੇ ਤੇ ਇਸਦਾ ਅਵਸਰ ਬਣਦਾ ਹੈ।"

ਪ੍ਰੋਫੈਸਰ ਸਤਿਬੀਰ ਸਿੰਘ ਅਨੁਸਾਰ, "28 ਨੱਛਤਰਾਂ ਵਿਚੋਂ ਇਕ ਨੱਛਤਰ ਅਭਿਜਿਤ ਹੈ। ਅਭਿਜਿਤ 22ਵਾਂ ਨੱਛਤਰ ਹੈ। ਮਹਾਂਭਾਰਤ ਵਨ-ਪਰਵ ਵਿਚ ਜ਼ਿਕਰ ਆਉਂਦਾ ਹੈ ਕਿ ਸੂਰਜ ਗ੍ਰਹਿਣ ਸਮੇਂ ਸੇਨਹਤ (ਜੋ ਕੁਰਛੇਤਰ ਵਿਚ ਹੈ) ਤੀਰਥ ਵਿਚ ਇਸ਼ਨਾਨ ਕਰਨ ਤੇ ਇਕ ਹਜ਼ਾਰ ਅਸਵਮੇਧ ਯੱਗ ਦਾ ਫਲ ਪ੍ਰਾਪਤ ਹੁੰਦਾ ਹੈ। ਸਾਰੇ ਪਾਪ ਵੀ ਸਮਾਪਤ ਹੋ ਜਾਂਦੇ ਹਨ।"

ਗੁਰੂ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਪਾਪ ਨਹਾਉਣ ਨਾਲ ਸਮਾਪਤ

ਨਹੀਂ ਹੁੰਦੇ, ਸਗੋਂ ਸਰਬ ਵਿਆਪਕ ਪ੍ਰਭੂ ਦਾ ਸਿਮਰਨ ਕਰਨ, ਵਿਕਾਰਾਂ ਦਾ ਤਿਆਗ ਕਰਨ ਅਤੇ ਸ਼ੁਭ-ਕਰਮ ਕਰਨ ਨਾਲ ਹੀ ਸਮਾਪਤ ਹੋ ਸਕਦੇ ਹਨ।

ਕੁਰੁਕਸ਼ੇਤਰ ਤੋਂ ਪਿਪਲੀ, ਕਰਨਾਲ, ਪਾਨੀਪਤ ਗਏ ਤੇ ਸ਼ਾਮਲੀ ਦੇ ਰਾਹ ਜਮਨਾ ਪਾਰ ਕੀਤੀ। ਗੁਰੂ ਜੀ ਦਾ ਏਨਾ ਪ੍ਰਤਾਪ ਸੀ ਕਿ ਜਿਹੜੇ ਮਸੂਲੀਏ ਲੋਕਾਂ ਤੋਂ ਮਸੂਲ (ਟੈਕਸ) ਲੈਂਦੇ ਸਨ, ਉਹ ਆਪ ਭੇਟਾਵਾਂ ਲੈ ਕੇ ਹਾਜ਼ਰ ਹੋਏ। ਸਿੱਖ-ਸੰਗਤਾਂ ਦੇ ਨਾਲ ਹੋਰ ਤੀਰਥ-ਯਾਤਰੀ ਵੀ ਬਿਨਾਂ ਮਸੂਲ ਦਿਤਿਆਂ ਨਦੀ ਪਾਰ ਕਰ ਗਏ। ਇਸੇ ਤਰ੍ਹਾਂ ਹੀ ਹਰਿਦੁਆਰ ਦੇ ਲਾਗੇ (ਗੰਗਾ ਨਦੀ ਦੇ ਕਿਨਾਰੇ) ਜਮਾਲਪੁਰ ਵਿਖੇ ਹੋਇਆ। ਹਿੰਦੂ ਜਨਤਾ ਉਤੇ ਗੁਰੂ ਜੀ ਦੀ ਅਤੇ ਸਿੱਖ ਸੰਗਤਾਂ ਦੀ ਨਿਡਰਤਾ ਦਾ ਬਹੁਤ ਪ੍ਰਭਾਵ ਪਿਆ।

ਇਸ ਪ੍ਰਚਾਰ ਦੌਰੇ ਸਮੇਂ ਆਮ ਲੋਕਾਂ ਤੋਂ ਇਲਾਵਾ ਯੋਗੀਆਂ, ਦਿਗੰਬਰਾਂ, ਸੰਨਿਆਸੀਆਂ, ਸਾਧੂ-ਸੰਤਾਂ, ਵਿਦਵਾਨਾਂ ਨਾਲ ਗੁਰੂ ਜੀ ਦੀਆਂ ਗੋਸ਼ਟੀਆਂ (ਧਰਮ-ਚਰਚਾ) ਹੋਈਆਂ। ਆਪ ਨੇ ਹਰ ਥਾਂ ਗੁਰਮਤਿ-ਵਿਚਾਰਧਾਰਾ ਦੇ ਡੰਕੇ ਵਜਾਏ। ਗੁਰੂ ਅਮਰਦਾਸ ਜੀ ਦੀ ਹੁੰਦੀ ਜੈ-ਜੈ ਕਾਰ ਨੂੰ ਵੇਖਕੇ (ਗੁਰੂ) ਰਾਮਦਾਸ ਜੀ ਦਾ ਹਿਰਦਾ ਅਪਾਰ ਪ੍ਰਸੰਨਤਾ ਅਤੇ ਗੁਰੂ-ਸ਼ਰਧਾ ਨਾਲ ਭਰ ਗਿਆ। ਤਾਂ ਹੀ ਤਾਂ ਆਪਨੇ ਇਸ ਦੌਰੇ ਦਾ ਜ਼ਿਕਰ ਤੁਖਾਰੀ ਰਾਗ ਦੇ ਇਕ ਸ਼ਬਦ **"ਨਾਵਣੁ ਪੁਰਬੁ ਅਭੀਚੁ, ਗੁਰ ਸਤਿਗੁਰ ਦਰਸੁ ਭਇਆ।"** (ਪੰਨਾ ੧੧੧੬) ਵਿਚ ਕੀਤਾ ਹੈ। ਆਪ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਕਿ ਗੁਰੂ ਰਾਮਦਾਸ ਜੀ ਤੀਰਥਾਂ ਉੱਤੇ ਕਿਸੇ ਸ਼ਰਧਾ-ਭਾਵਨਾ ਨਾਲ ਨਹੀਂ ਸਨ ਗਏ, ਸਗੋਂ ਲੋਕਾਂ ਨੂੰ ਸਹੀ ਜੀਵਨ-ਰਸਤਾ ਦੇ ਕੇ ਉਨ੍ਹਾਂ ਦੇ ਕਲਿਆਣ ਲਈ ਗਏ ਸਨ। ਆਪ ਜੀ ਦਾ ਫੁਰਮਾਨ ਹੈ **"ਤੀਰਥ ਉਦਮੁ ਸਤਿਗੁਰੂ ਕੀਆ, ਸਭ ਲੋਕ ਉਧਰਣ ਅਰਥਾ॥"**

## ਅਕਬਰ ਦੇ ਦਰਬਾਰ ਵਿਚ

ਸਿੱਖ-ਸਤਿਗੁਰਾਂ ਦੀ ਧਰਮ-ਪ੍ਰਚਾਰ ਲਹਿਰ ਨੇ ਬ੍ਰਾਹਮਣੀ-ਮੱਤ ਦੇ ਵਿਸ਼ਵਾਸ ਦੇ ਖੋਖਲੇਪਨ ਨੂੰ ਲੋਕਾਂ ਸਾਹਮਣੇ ਚੰਗੀ ਤਰ੍ਹਾਂ ਉਘਾੜ ਕੇ ਰੱਖ ਦਿੱਤਾ ਸੀ ਅਤੇ ਬ੍ਰਾਹਮਣਾਂ ਦੀਆਂ ਕਪਟੀ ਚਾਲਾਂ ਦਾ ਪਰਦਾ-ਫਾਸ਼ ਕਰ ਦਿੱਤਾ ਸੀ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਬ੍ਰਾਹਮਣਾਂ ਦੇ ਜੂਲੇ ਹੇਠੋਂ ਨਿਕਲ ਕੇ ਗੁਰਮਤਿ ਦੇ ਧਾਰਨੀ ਬਣ ਰਹੇ ਸਨ। ਖ਼ੁਦ ਨਿੱਖਟੂ ਬਣਕੇ ਹੋਰਨਾਂ ਦੇ ਦਾਨ ਨਾਲ ਮੌਜ਼ਾਂ ਮਾਣਨ ਵਾਲੇ ਬ੍ਰਾਹਮਣਾਂ ਲਈ ਇਹ ਬੜੀ ਨਮੋਸ਼ੀ ਵਾਲੀ ਗੱਲ ਸੀ। ਗੁਰਮਤਿ ਦੀਆਂ ਅੱਕਟ ਦਲੀਲਾਂ ਸਾਹਮਣੇ ਇਨ੍ਹਾਂ ਦੀਆਂ ਸਭ ਚਾਤਰੀਆਂ-ਚਤੁਰਾਈਆਂ ਹਥਿਆਰ ਸੁੱਟ ਚੁੱਕੀਆਂ ਸਨ। ਹੁਣ ਇਹ ਲੋਕ ਅਜਿਹੇ ਮੌਕਿਆਂ ਦੀ ਤਾਕ ਵਿਚ ਰਹਿੰਦੇ ਸਨ, ਜਦੋਂ ਗਲਤ ਪ੍ਰਚਾਰ ਕਰਕੇ ਜਨਤਾ ਨੂੰ ਸਿੱਖੀ ਦੇ ਵਿਰੁਧ ਭੜਕਾਇਆ ਜਾ ਸਕੇ। ਗੁਰੂ ਅਮਰਦਾਸ ਜੀ ਦੇ ਸਮੇਂ ਇਨ੍ਹਾਂ ਨੂੰ ਅਜਿਹਾ ਮੌਕਾ

ਮਿਲ ਵੀ ਗਿਆ। ਇਨ੍ਹਾਂ ਨੇ ਗੋਇੰਦੇ ਮਰਵਾਹੇ ਦੇ ਪੁੱਤਰਾਂ ਨੂੰ ਚੁੱਕਿਆ ਕਿ ਗੁਰੂ ਅਮਰਦਾਸ ਨੇ ਤੁਹਾਡੇ ਪਿਤਾ ਦੀ ਜ਼ਮੀਨ ਤੇ ਨਗਰ ਵਸਾ ਕੇ ਤੁਹਾਡੇ ਨਾਲ ਵੱਡਾ ਧੱਕਾ ਕੀਤਾ ਹੈ, ਤੁਸੀਂ ਸਰਕਾਰੇ ਦਰਬਾਰੇ ਫਰਿਆਦ ਕਰੋ ਤੇ ਆਪਣਾ ਹੱਕ ਪ੍ਰਾਪਤ ਕਰੋ। ਗੋਇੰਦਵਾਲ ਦਾ ਹਰੀ ਰਾਮ ਤਪਾ, ਜਿਸ ਦੀ ਲਾਲਚੀ ਬਿਰਤੀ ਦਾ ਪਾਜ ਗੁਰੂ ਪਾਤਸ਼ਾਹ ਨੇ ਉਘਾ ੜ ਦਿੱਤਾ ਸੀ, ਉਹ ਵੀ ਇਸ ਚੰਡਾਲ-ਚੌਕੜੀ ਵਿਚ ਸ਼ਾਮਿਲ ਹੋ ਗਿਆ। ਸਭ ਨੇ ਮਿਲਕੇ ਗੁਰੂ ਅਮਰਦਾਸ ਜੀ ਵਿਰੁਧ ਲਾਹੌਰ ਦਰਬਾਰ ਵਿਚ ਜਾ ਸ਼ਿਕਾਇਤ ਕੀਤੀ। ਲਾਹੌਰ ਦਾ ਗਵਰਨਰ ਖ਼ਿਜ਼ਰ ਖ਼ਵਾਜਾ ਖਾਨ ਤਹਿਕੀਕਾਤ ਕਰਨ ਗੋਇੰਦਵਾਲ ਆਇਆ। ਅਸਲੀਅਤ ਦਾ ਪਤਾ ਲੱਗਣ ਤੇ ਉਸਨੇ ਮਰਵਾਹੇ ਚੌਧਰੀ ਦਾ ਮੁਕੱਦਮਾ ਖ਼ਾਰਜ ਕਰ ਦਿੱਤਾ।

ਜਾਤ-ਅਭਿਮਾਨੀਆਂ ਨੇ ਫਿਰ ਵੀ ਦਿਲ ਨਹੀਂ ਛੱਡਿਆ ਤੇ ਗੋਇੰਦੇ ਦੇ ਪੁੱਤਰ ਨੂੰ ਅਕਬਰ ਦੇ ਦਰਬਾਰ ਵਿਚ ਭੇਜ ਦਿੱਤਾ। ਉਸਨੇ ਆਪਣੇ ਆਪ ਨੂੰ ਸੱਚਾ ਸਾਬਿਤ ਕਰਨ ਲਈ ਰੋ-ਰੋ ਕੇ ਫਰਿਆਦ ਕੀਤੀ। ਅਕਬਰ ਨੇ ਪੂਰੀ ਜਾਂਚ-ਪੜਤਾਲ ਕਰਨ ਮਗਰੋਂ ਅਤੇ ਲਾਹੌਰ ਦੇ ਗਵਰਨਰ ਵੱਲੋਂ ਕੀਤੀ ਤਹਿਕੀਕਾਤ ਦਾ ਵੇਰਵਾ ਹਾਸਲ ਕਰਨ ਮਗਰੋਂ ਕੇਸ ਖ਼ਾਰਜ ਕਰ ਦਿੱਤਾ। ਝੂਠਾ ਸਾਬਤ ਹੋਣ ਕਰਕੇ ਮਰਵਾਹੇ ਚੌਧਰੀ ਦੀ ਬਹੁਤ ਬੇਇਜ਼ਤੀ ਹੋਈ। ਘਰ ਆਇਆ ਤਾਂ ਰਿਸ਼ਤੇਦਾਰਾਂ ਅਤੇ ਇਲਾਕੇ ਦੇ ਲੋਕਾਂ ਨੇ ਵੀ ਲਾਹਨਤਾਂ ਪਾਈਆਂ ਕਿ ਗੁਰੂ ਸਾਹਿਬ ਵਿਰੁਧ ਝੂਠੀ ਦੂਸ਼ਨਬਾਜ਼ੀ ਦਾ ਇਹੀ ਨਤੀਜਾ ਨਿਕਲਣਾ ਸੀ। ਨਮੋਸ਼ੀ ਦਾ ਮਾਰਿਆ ਚੌਧਰੀ ਬੀਮਾਰ ਹੋ ਗਿਆ।

ਬ੍ਰਾਹਮਣਾਂ ਨੇ ਫਿਰ ਵੀ ਕੁਚਾਲਾਂ ਜਾਰੀ ਰੱਖੀਆਂ ਅਤੇ ਅੰਤਿਮ ਵਾਰ ਕਰਨ ਦੀ ਸੋਚੀ। ਉਨ੍ਹਾਂ ਨੇ ਗੁਰੂ ਸਾਹਿਬ ਦੇ ਵਿਰੁਧ ਇਕ ਲੰਮਾ-ਚੌੜਾ ਸ਼ਿਕਾਇਤਨਾਮਾ ਤਿਆਰ ਕੀਤਾ। ਉਸ ਵਿਚ ਵਿਸਥਾਰ ਨਾਲ ਲਿਖਿਆ ਕਿ "ਗੁਰੂ ਸਾਹਿਬ ਸਦੀਆਂ ਪੁਰਾਣੇ ਧਰਮ ਤੇ ਵਾਰ ਕਰ ਰਹੇ ਹਨ। ਦੇਵੀ-ਦੇਵਤਿਆਂ ਦੀ ਪੂਜਾ, ਤੀਰਥ ਅਸਥਾਨਾਂ ਦੀ ਯਾਤਰਾ, ਮੂਰਤੀ ਪੂਜਾ, ਪਵਿੱਤਰ ਨਦੀਆਂ ਦੀ ਪੂਜਾ, ਪੁੰਨ-ਦਾਨ, ਧਾਰਮਕ-ਭੇਖ ਆਦਿ ਦੀ ਵਿਰੋਧਤਾ ਕਰਕੇ ਸਾਡੇ ਧਰਮ ਵਿਚ ਸਿੱਧਾ ਦਖ਼ਲ ਦੇ ਰਹੇ ਹਨ। ਦੇਵ-ਬਾਣੀ ਸਿਮਰਤੀਆਂ, ਸ਼ਾਸਤਰਾਂ ਦੇ ਅਨੇਕਾਂ ਸਿਧਾਂਤਾਂ ਨੂੰ ਗਲਤ ਦੱਸ ਰਹੇ ਹਨ। ਲੰਗਰ ਜਾਰੀ ਕਰਕੇ ਅਤੇ ਸਰੋਵਰ ਬਣਾਕੇ ਜਾਤ-ਪਾਤ ਦੇ 'ਈਸ਼ਵਰੀ-ਸਿਧਾਂਤ' ਦਾ ਖੁਲਮ-ਖੁੱਲ੍ਹਾ ਵਿਰੋਧ ਕਰ ਰਹੇ ਹਨ। ਧਰਮ-ਪੁਸਤਕਾਂ ਨੇ ਸਾਨੂੰ (ਬ੍ਰਾਹਮਣਾਂ ਨੂੰ) ਵਿਸ਼ੇਸ਼ ਪਦਵੀ ਦਿੱਤੀ ਹੈ। ਗੁਰੂ ਸਾਹਿਬ ਤੇ ਉਨ੍ਹਾਂ ਦੇ ਸਿੱਖ ਸਾਡਾ ਕੋਈ ਖਿਆਲ ਨਹੀਂ ਰੱਖਦੇ, ਸਗੋਂ ਲੋਕਾਂ ਵਿਚ ਸਾਡਾ ਅਪਮਾਨ ਕਰ ਰਹੇ ਹਨ।... ਤੁਸੀਂ ਸਾਡੇ ਤੇ ਕ੍ਰਿਪਾ ਕਰੋ ਤੇ ਇਨ੍ਹਾਂ ਦੇ ਪ੍ਰਚਾਰ ਤੇ ਪਾਬੰਦੀ ਲਾਵੋ। ਤੁਸੀਂ ਸਾਡੇ ਬਾਦਸ਼ਾਹ ਹੋ ਤੇ ਅਸੀਂ ਤੁਹਾਡੀ ਪਰਜਾ ਹਾਂ। ਇਸੇ ਲਈ ਅਸੀਂ ਤੁਹਾਡੇ ਦਰ ਤੇ ਫਰਿਆਦੀ ਹੋਏ ਹਾਂ।"

ਅਕਬਰ ਇਨ੍ਹੀਂ ਦਿਨੀਂ (ਸੰਨ 1566 ਵਿਚ) ਲਾਹੌਰ ਆਇਆ ਹੋਇਆ ਸੀ। ਉਸਦਾ ਭਰਾ ਮਰਜ਼ਾ ਮੁਹੰਮਦ ਹਕੀਮ ਕਾਬਲ ਦਾ ਸ਼ਾਹ ਸੀ ਤੇ ਪੰਜਾਬ ਨੂੰ ਆਪਣੇ ਕਬਜ਼ੇ ਵਿਚ ਕਰਨ ਦੀਆਂ ਵਿਉਂਤਾ ਬਣਾ ਰਿਹਾ ਸੀ। ਉਸ ਦੀ ਬਗਾਵਤ ਨੂੰ ਦਬਾਉਣ ਲਈ ਅਕਬਰ ਲਾਹੌਰ ਆਇਆ ਸੀ। ਜਾਤ-ਅਭਿਮਾਨੀਆਂ ਨੇ ਉਪਰੋਕਤ ਸ਼ਿਕਾਇਤਨਾਮਾ ਅਕਬਰ ਦੇ ਦਰਬਾਰ ਵਿਚ ਪੇਸ਼ ਕੀਤਾ। ਭਾਵੇਂ ਅਕਬਰ ਹੁਣ ਤੱਕ ਗੁਰੂ ਸਾਹਿਬ ਦੀਆਂ ਸਰਗਰਮੀਆਂ ਤੋਂ ਪੂਰੀ ਤਰ੍ਹਾਂ ਜਾਣੂ ਹੋ ਚੁੱਕਾ ਸੀ। ਪਰ ਉਹ ਅਜਿਹਾ ਪ੍ਰਭਾਵ ਨਹੀਂ ਸੀ ਦੇਣਾ ਚਾਹੁੰਦਾ ਕਿ ਉਸਨੇ ਬਿਨਾਂ ਜਾਂਚ-ਪੜਤਾਲ ਦੇ ਇਕ ਪਾਸੜ ਫੈਸਲਾ ਕਰ ਦਿੱਤਾ ਹੈ। ਸੋ ਉਸ ਨੇ ਗੁਰੂ ਅਮਰਦਾਸ ਜੀ ਨੂੰ ਸੁਨੇਹਾ ਭਿਜਵਾਇਆ ਕਿ ਸ਼ਿਕਾਇਤਾਂ ਦਾ ਨਿਰਣਾ ਕਰਨ ਲਈ ਗੁਰੂ ਜੀ ਜਾਂ ਤਾਂ ਆਪ ਦਰਸ਼ਨ ਦੇਣ ਜਾਂ ਕਿਸੇ ਪ੍ਰਤੀਨਿਧ ਨੂੰ ਭੇਜਣ।

ਗੁਰੂ ਅਮਰਦਾਸ ਜੀ ਨੂੰ ਗੁਰਮਤਿ ਦਾ ਪੱਖ ਪੇਸ਼ ਕਰਨ ਲਈ ਸਭ ਤੋਂ ਯੋਗ (ਗੁਰੂ) ਰਾਮਦਾਸ ਜੀ ਹੀ ਜਾਪੇ। ਸੋਂ ਉਨ੍ਹਾਂ ਨੂੰ ਲਾਹੌਰ ਭੇਜਿਆ ਗਿਆ। ਨਾਲ ਬਾਬਾ ਬੁੱਢਾ ਜੀ ਤੇ ਕੁਝ ਹੋਰ ਸਿੱਖਾਂ ਨੂੰ ਵੀ ਭੇਜਿਆ। (ਗੁਰੂ) ਰਾਮਦਾਸ ਜੀ ਨੇ ਇਕ-ਇਕ ਸ਼ਿਕਾਇਤ ਦਾ ਦਲੀਲ ਭਰਪੂਰ ਉੱਤਰ ਦਿੱਤਾ ਅਤੇ ਗੁਰਮਤਿ-ਸਿਧਾਂਤਾਂ ਦੀ ਅਜਿਹੀ ਵਿਆਖਿਆ ਕੀਤੀ ਕਿ ਦਰਬਾਰੀ-ਵਿਦਵਾਨਾਂ ਦੀ ਪੂਰੀ ਸੰਤੁਸ਼ਟੀ ਹੋ ਗਈ। ਬ੍ਰਾਹਮਣ ਪੂਰੀ ਤਰ੍ਹਾਂ ਨਿਰੁਤਰ ਹੋ ਗਏ। ਆਪ ਨੇ ਬਾਦਸ਼ਾਹ ਨੂੰ ਇਹ ਵੀ ਕਿਹਾ ਕਿ ਧਰਮ-ਅਸਥਾਨਾਂ ਅਥਵਾ ਤੀਰਥਾਂ ਤੇ ਜਾਣ ਵਾਲੇ ਹਿੰਦੂਆਂ ਕੋਲੋਂ ਜੋ ਉਚੇਚਾ ਟੈਕਸ ਲਿਆ ਜਾਂਦਾ ਹੈ ਉਹ ਨਾ ਲਿਆ ਜਾਵੇ ਅਤੇ ਹਿੰਦੂ ਸਮਾਜ ਵਿਚ ਪ੍ਰਚਲਤ ਸਤੀ ਦੀ ਘ੍ਰਿਣਤ ਰਸਮ ਨੂੰ ਰੋਕਿਆ ਜਾਵੇ ਕਿਉਂਕਿ ਇਹ ਇਸਤਰੀ ਜਾਤੀ ਤੇ ਵੱਡਾ ਜ਼ੁਲਮ ਹੈ। ਇਸ ਵਿਚਾਰ ਚਰਚਾ ਸਮੇਂ ਅਕਬਰ ਗੁਰਮਤਿ-ਸਿਧਾਂਤਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸਨੇ ਗੋਇੰਦਵਾਲ ਜਾ ਕੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਦਾ ਮਨ ਬਣਾ ਲਿਆ। ਦਿੱਲੀ ਨੂੰ ਵਾਪਸ ਜਾਂਦਿਆਂ ਉਹ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ। ਆਮ ਲੋਕਾਂ ਨਾਲ ਪੰਗਤ ਵਿਚ ਬੈਠਕੇ ਉਸਨੇ ਲੰਗਰ ਛਕਿਆ। ਉਹ ਲੰਗਰ ਲਈ ਜਾਗੀਰ ਦੇਣੀ ਚਾਹੁੰਦਾ ਸੀ ਪਰ ਗੁਰੂ ਜੀ ਨੇ ਇਹ ਕਹਿ ਕੇ ਅਸਵੀਕਾਰ ਕਰ ਦਿੱਤੀ ਕਿ ਲੰਗਰ ਗੁਰਸਿੱਖਾਂ ਦੇ ਦਸਵੰਧ ਨਾਲ ਹੀ ਚਲਦਾ ਹੈ।

## ਬਾਉਲੀ ਦੀ ਸੇਵਾ

ਪੁਰਾਣੀਆਂ ਧਰਮ ਪੁਸਤਕਾਂ ਅਤੇ ਬ੍ਰਾਹਮਣੀ ਪ੍ਰਚਾਰ ਦੇ ਅਸਰ ਕਰਕੇ ਭਾਰਤੀ ਸਮਾਜ ਜਾਤ-ਪਾਤ ਦੇ ਬੰਧਨਾਂ ਵਿਚ ਪੂਰੀ ਤਰ੍ਹਾਂ ਜਕੜਿਆ ਪਿਆ ਸੀ। ਨਿਰਗੁਣ ਭਗਤੀ-ਧਾਰਾ ਦੇ ਭਗਤਾਂ ਅਤੇ ਸਿੱਖ ਗੁਰੂ ਸਾਹਿਬਾਨ ਨੇ ਇਸ ਜਾਤ-ਪਾਤ ਦੇ ਖਿਲਾਫ ਜਹਾਦ ਛੇੜਿਆ। ਜਿਥੇ ਗੁਰਬਾਣੀ ਵਿਚ ਜਾਤ-ਪਾਤ ਦੇ ਵਿਚਾਰ ਦਾ ਭਰਵਾਂ ਖੰਡਨ ਕੀਤਾ ਗਿਆ, ਉਥੇ ਇਸ ਨੂੰ ਖਤਮ ਕਰਨ ਲਈ

ਅਮਲੀ ਕਦਮ ਵੀ ਪੁੱਟੇ ਗਏ। ਗੁਰਦੁਆਰਿਆਂ ਵਿਚ ਸਭ ਵਰਣਾਂ ਦੇ ਲੋਕਾਂ, ਅਮੀਰਾਂ ਤੇ ਗਰੀਬਾਂ ਲਈ ਸਾਂਝੀ ਸੰਗਤ ਅਤੇ ਸਾਂਝੇ ਲੰਗਰ ਜਾਰੀ ਕੀਤੇ ਗਏ। ਇਕੋ ਹੀ ਪੰਗਤ ਵਿਚ 'ਬ੍ਹਾਹਮਣ' ਨੂੰ ਸ਼ੂਦਰ ਨਾਲ ਅਤੇ ਸਰਧਨ ਨੂੰ ਨਿਰਧਨ ਨਾਲ ਬੈਠਕੇ ਲੰਗਰ ਛਕਣਾ ਪੈਂਦਾ ਸੀ। ਸਾਂਝੇ ਸਰੋਵਰਾਂ ਵਿਚ ਇਸ਼ਨਾਨ ਕਰਨ ਪਿਛੇ ਵੀ ਇਹ ਭਾਵਨਾ ਕੰਮ ਕਰਦੀ ਸੀ। ਇਸੇ ਭਾਵਨਾ ਦੇ ਅਧੀਨ ਹੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਚ ਬਾਉਲੀ ਦੀ ਰਚਨਾ ਸੰਨ 1559 ਵਿਚ ਕਰਵਾਈ।

ਬਾਉਲੀ ਨੂੰ ਬਣਾਉਣ ਦਾ ਇਕ ਕਾਰਨ ਜਾਤ-ਅਭਿਮਾਨੀ ਬ੍ਰਾਹਮਣਾਂ, ਗੋਇੰਦਵਾਲ ਦੇ ਤਪੇ ਅਤੇ ਗੋਇੰਦੇ ਦੇ ਮੁੰਡਿਆਂ ਦੀ ਗੁਰੂ-ਘਰ ਅਤੇ ਗੁਰਮਤਿ ਨਾਲ ਵਿਰੋਧਤਾ ਵੀ ਸੀ। ਇਹਨਾਂ ਨੇ ਖੋਜੇ-ਮੁੰਡਿਆਂ ਨੂੰ ਚੁੱਕ ਕੇ ਸਾਂਝੇ ਖੂਹ ਤੋਂ ਪਾਣੀ ਭਰਨ ਗਏ ਸਿੱਖਾਂ ਦੇ ਘੜੇ ਭੰਨਣ ਦੀ ਛੇੜਖਾਨੀ ਸ਼ੁਰੂ ਕਰਾ ਦਿੱਤੀ। ਇਸ ਨਾਲ ਕਲਹ-ਕਲੇਸ਼ ਅਤੇ ਝਗੜੇ ਵਧਣ ਦਾ ਖਤਰਾ ਪੈਦਾ ਹੋ ਗਿਆ। ਸੋ, ਸਿੱਖ ਸੰਗਤਾਂ ਲਈ ਵੱਖਰੀ ਬਾਉਲੀ ਦੀ ਰਚਨਾ ਕੀਤੀ ਗਈ।

ਬਾਉਲੀ ਦੀ ਰਚਨਾ (ਗੁਰੂ) ਰਾਮਦਾਸ ਜੀ ਦੀ ਨਿਗਰਾਨੀ ਹੇਠ ਹੋਈ। (ਗੁਰੂ) ਰਾਮਦਾਸ ਜੀ ਨਿਰੀ ਨਿਗਰਾਨੀ ਹੀ ਨਹੀਂ ਸਨ ਕਰਦੇ, ਸਗੋਂ ਹੱਥੀਂ ਸੇਵਾ ਵੀ ਕਰਦੇ ਸਨ। ਖੁਦਾਈ ਦਾ ਕੰਮ ਅਤੇ ਟੋਕਰੀਆਂ ਨਾਲ ਮਿੱਟੀ ਬਾਹਰ ਕੱਢਣ ਦਾ ਕੰਮ ਆਪੇ ਨੇ ਬੜੇ ਚਾਉ ਨਾਲ ਕੀਤਾ। ਆਪ ਭਾਵੇਂ ਗੁਰੂ ਅਮਰਦਾਸ ਜੀ ਦੇ ਜਵਾਈ ਸਨ, ਪਰ ਸੇਵਾ ਕਰਦਿਆਂ ਆਪ ਨੇ ਇਸ ਰਿਸ਼ਤੇ ਦਾ ਕੋਈ ਖਿਆਲ ਨਹੀਂ ਕੀਤਾ। ਉਨ੍ਹੀਂ ਦਿਨੀਂ ਆਪ ਦੀ ਜਾਤ-ਬਿਰਾਦਰੀ ਦੇ ਕੁਝ ਬੰਦੇ ਲਾਹੌਰ ਤੋਂ ਹਰਿਦੁਆਰ ਜਾਂਦਿਆਂ ਗੋਇੰਦਵਾਲ ਵਿਚ ਆਏ। ਉਹ ਆਪ ਨੂੰ ਟੋਕਰੀ ਢੋਂਦਿਆਂ ਵੇਖ ਕੇ ਬੜੇ ਹੈਰਾਨ ਹੋਏ। ਆਖਣ ਲੱਗੇ, ਜੇ ਸੁਹਰੇ-ਘਰ ਆ ਕੇ ਟੋਕਰੀ ਢੋਣੀ ਸੀ, ਤਾਂ ਇਹ ਕੰਮ ਲਾਹੌਰ ਹੀ ਕਰ ਲੈਣਾ ਸੀ। ਇਥੇ ਆ ਕੇ ਸਾਡਾ ਨੱਕ ਕਿਉਂ ਵਢਾ ਰਹੇ ਹੋ? ਫਿਰ ਗੁਰੂ ਅਮਰਦਾਸ ਜੀ ਨੂੰ ਕਹਿਣ ਲੱਗੇ, 'ਤੁਸੀਂ ਸਾਡੇ ਸ਼ਰੀਕ-ਭਰਾ ਤੋਂ ਇੰਨੇ ਨੀਵੇਂ ਕੰਮ ਕਰਾਕੇ, ਸਾਡੀ ਹੇਠੀ ਕੀਤੀ ਹੈ।' ਗੁੱਸੇ ਵਿਚ ਇਹ ਲੋਕ ਗੁਰੂ ਜੀ ਦਾ ਆਦਰ-ਸਤਿਕਾਰ ਕਰਨਾ ਵੀ ਭੁੱਲ ਗਏ। ਸ਼ਰੀਕਾਂ ਦੇ ਅਜਿਹੇ-ਬੋਲ ਸੁਣਕੇ (ਗੁਰੂ) ਰਾਮਦਾਸ ਜੀ ਦੇ ਮਨ ਨੂੰ ਬੜੀ ਠੇਸ ਪੁੱਜੀ। ਆਪ ਸਤਿਗੁਰਾਂ ਦੇ ਚਰਨਾਂ ਤੇ ਢਹਿ ਪਏ ਤੇ ਆਖਣ ਲੱਗੇ—"ਪਾਤਸ਼ਾਹ ਇਨ੍ਹਾਂ ਦੀਆਂ ਗੱਲਾਂ ਦਾ ਬੁਰਾ ਨਾ ਮਨਾਉਣਾ। ਇਹ ਤਾਂ ਅਨਜਾਣ ਹਨ। ਇਹ ਕੀ ਜਾਨਣ, ਸੇਵਾ ਦੀ ਦਾਤ ਤਾਂ ਵੱਡੇ ਭਾਗਾਂ ਨਾਲ ਮਿਲਦੀ ਹੈ। ਸਤਿਗੁਰੂ ਜੀ! ਜਿਵੇਂ ਹੋਰਨਾਂ ਦੋਖੀਆਂ ਨੂੰ ਮੁਆਫ ਕਰ ਦਿੰਦੇ ਹੋ, ਇਹਨਾਂ ਨੂੰ ਵੀ ਮੁਆਫ ਕਰ ਦਿਓ।"

ਇੰਝ (ਗੁਰੂ) ਰਾਮਦਾਸ ਜੀ ਨਿਸ਼ਕਾਮ ਹੋ ਕੇ, ਨਿਮ੍ਰਤਾ, ਸ਼ਰਧਾ ਅਤੇ ਗੁਰੂ ਦੇ ਭਾਉ ਵਿਚ ਰਹਿ ਕੇ ਸੇਵਾ ਕਰ ਰਹੇ ਸਨ। ਸੇਵਾ ਦੀ ਲਗਨ ਦਿਨ-ਬ-ਦਿਨ

ਵਧਦੀ ਹੀ ਜਾਂਦੀ ਸੀ। ਸੇਵਾ ਵਿਚ ਇੰਨੇ ਰੁਝ ਜਾਂਦੇ ਸਨ ਕਿ ਕਈ-ਕਈ ਦਿਨ ਗੁਰੂ-ਦਰਬਾਰ ਜੀ ਹਾਜ਼ਰੀ ਭਰਨ ਦਾ ਸਮਾਂ ਵੀ ਨਾ ਮਿਲਦਾ। ਇਕ ਦਿਨ ਗੁਰੂ ਅਮਰਦਾਸ ਜੀ ਨੇ ਭਾਈ ਬਲੂ ਜੀ ਨੂੰ ਪੁੱਛ ਹੀ ਲਿਆ ਕਿ ਕੀ ਗੱਲ ਹੈ, ਜੇਠਾ ਜੀ ਨਜ਼ਰ ਹੀ ਨਹੀਂ ਆਉਂਦੇ? ਕੀ ਉਹ ਕਿਧਰੇ ਬਾਹਰ ਗਏ ਹੋਏ ਹਨ? ਤਾਂ ਭਾਈ ਜੀ ਨੇ ਉੱਤਰ ਦਿੱਤਾ, ਨਹੀਂ ਪਾਤਸ਼ਾਹ ਜੀ, ਜੇਠਾ ਜੀ ਇਥੇ ਹੀ ਹਨ, ਪਰ ਸਵੇਰ ਤੋਂ ਸ਼ਾਮ ਤੱਕ ਸੇਵਾ ਵਿਚ ਜੁਟੇ ਰਹਿੰਦੇ ਹਨ ਤੇ ਗੁਰੂ-ਦਰਬਾਰ ਵਿਚ ਹਾਜ਼ਰੀ ਭਰਨ ਦਾ ਸਮਾਂ ਨਹੀਂ ਮਿਲਦਾ। ਆਪ ਪਹਿਲਾਂ ਲੰਗਰ ਤਿਆਰ ਕਰਦੇ ਹਨ। ਫਿਰ ਸੰਗਤਾਂ ਨੂੰ ਪੰਗਤ ਵਿਚ ਬਿਠਾ ਕੇ ਆਦਰ ਨਾਲ ਲੰਗਰ ਛਕਾਉਂਦੇ ਹਨ। ਠੰਢਾ ਜਲ ਆਪੂੰ ਭਰ ਕੇ ਲਿਆਉਂਦੇ ਹਨ। ਹਰੇਕ ਦੀ ਲੋੜ ਪੂਰੀ ਕਰਦੇ ਹਨ। ਸ਼ਬਦ ਸੁਣਾਉਂਦੇ ਹਨ। ਹਰ ਆਏ ਯਾਤਰੂ ਲਈ ਵਿਛਾਉਣੇ ਦਾ ਪ੍ਰਬੰਧ ਕਰਦੇ ਹਨ ਤੇ ਜਦ ਸੰਗਤਾਂ ਆਰਾਮ ਕਰ ਰਹੀਆਂ ਹੁੰਦੀਆਂ ਹਨ ਤਾਂ ਪੱਖਾ ਝੱਲਦੇ ਹਨ ਤੇ ਬਹੁਤੇ ਥੱਕੇ ਹੋਇਆਂ ਦੀ ਮੁੱਠੀ-ਚਾਪੀ ਕਰਦੇ ਹਨ। ਜੇ ਰਾਤ ਵੇਲੇ ਵੀ ਕੋਈ ਪਾਣੀ ਮੰਗੇ ਜਾਂ ਕੋਈ ਹੋਰ ਲੋੜ ਹੋਵੇ ਤਾਂ ਉਹ ਲੋੜ ਪੂਰੀ ਕਰਦੇ ਹਨ :

"ਦੇਗ ਤਯਾਰ ਕਰ ਦੇਹਿ ਅਹਾਰਾ,
ਪੰਕਤਿ ਕੋ ਬਿਠਾਇ ਇਕ ਸਾਰਾ।
ਸੀਤਲ ਜਲ ਕੋ ਭਰਿ ਭਰਿ ਲਿਆਵੈ,
ਬੂਝ ਬੂਝ ਸੰਗਤ ਕੋ ਪਯਾਵੈ। ੧੭।
ਛੁਧਾ ਪਿਆਸਾ ਸਭ ਕੀ ਹਰੈ,
ਬਾਂਛਤ ਸਿਖਯੋਨਿ ਦੈਬੋ ਕਰੈ।
ਕਰ ਮਹਿ ਗਹੈ ਬੀਜਨਾ ਫੇਰ,
ਬਾਯੂ ਕਰਤਿ ਉਸਨੁ ਬਹੁ ਹੇਰਿ॥

ਇਹ ਸੁਣਕੇ ਗੁਰੂ ਅਮਰਦਾਸ ਜੀ ਬਹੁਤ ਪ੍ਰਸੰਨ ਹੋਏ ਤੇ ਸ਼ਾਬਾਸ਼ ਆਖੀ। ਆਪ ਨੇ ਫੁਰਮਾਇਆ ਕਿ ਜਿਸ ਨੇ ਸੰਗਤਾਂ ਦੀ ਗੁਰੂ-ਰੂਪ ਜਾਣ ਕੇ ਸੇਵਾ ਕੀਤਾ ਹੈ, ਨੌਂ ਨਿੱਧਾਂ ਤੇ ਅਠਾਰਾਂ ਸਿੱਧੀਆਂ ਉਸੇ ਨੂੰ ਹੀ ਮਿਲਦੀਆਂ ਹਨ। ਇਸ ਤੋਂ ਵੱਡੀ ਭਾਗਾਂ ਵਾਲੀ ਹੋਰ ਕੋਈ ਗੱਲ ਨਹੀਂ :

ਜਿਨ ਸੰਗਤ ਕੀ ਸੇਵਾ ਕਰੀ,
ਹਮਰੇ ਹਿਤ ਇਮਿ ਪ੍ਰੀਤੀ ਧਰੀ।
ਦੁਲਭ ਪਦਾਰਥ ਹੋਇ ਨ ਕੋਇ,
ਨੌਂ ਨਿਧਿ ਸਿਧਿ ਪਾਏ ਹੈ ਸੋਇ।
ਸਿੱਖ ਮੇਰੇ ਸੇਵੇ ਅਨੁਰਾਗ,

ਅਮਰ ਨ ਇਸ ਤੇ ਕੋ ਬਡਿਭਾਗ॥

*(ਸ੍ਰੀ ਗੁਰ ਪ੍ਰਤਾਪ ਸੂਰਜ, ਰਾਸ ਪਹਿਲੀ, ਅੰਸ ੪੩)*

## ਸੰਤਾਨ

(ਗੁਰੂ) ਰਾਮਦਾਸ ਜੀ ਦੇ ਘਰ ਤਿੰਨ ਪੁੱਤਰ ਪੈਦਾ ਹੋਏ—ਬਾਬਾ ਪ੍ਰਿਥੀ ਚੰਦ ਸੰਨ ੧੫੫੮ ਵਿਚ, ਬਾਬਾ ਮਹਾਂਦੇਵ, ਸੰਨ ੧੫੬੦ ਵਿਚ ਅਤੇ (ਗੁਰੂ) ਅਰਜਨ ਦੇਵ ਜੀ ੧੫ ਅਪ੍ਰੈਲ ਸੰਨ ੧੫੬੩ ਨੂੰ। ਪ੍ਰਿਥੀ ਚੰਦ ਅੱਤ ਦਰਜੇ ਦਾ ਚਲਾਕ ਸੀ ਤੇ ਚਾਲਾਂ ਚੱਲਣ ਦਾ ਮਾਹਿਰ ਸੀ, ਬਾਬਾ ਮਹਾਂਦੇਵ ਉਦਾਸੀ ਸੁਭਾਅ ਦੇ ਸਨ, ਸੰਸਾਰ ਵਲੋਂ ਉਪਰਾਮ ਰਹਿਣ ਵਾਲੇ। (ਗੁਰੂ) ਅਰਜੁਨ ਦੇਵ ਜੀ ਗੁਰੂ-ਪਿਤਾ ਦੇ ਆਗਿਆਕਾਰੀ ਅਤੇ ਗੁਰਮਤਿ ਅਨੁਸਾਰੀ ਜੀਵਨ ਦੇ ਧਾਰਨੀ ਸਨ।

## ਸਿੱਖੀ ਦੇ ਕੇਂਦਰ ਸ੍ਰੀ ਅੰਮ੍ਰਿਤਸਰ ਦੀ ਨੀਂਹ

ਸਿੱਖੀ ਦੇ ਪ੍ਰਚਾਰ ਅਤੇ ਸਿੱਖ ਭਾਈਚਾਰੇ ਦੀ ਮਜ਼ਬੂਤੀ ਲਈ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਅਤੇ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਨਗਰ ਵਸਾਏ ਸਨ। ਗੁਰੂ ਅਮਰਦਾਸ ਜੀ ਨੇ ਮਾਝੇ ਵਿਚ ਨਵਾਂ ਨਗਰ ਵਸਾਉਣ ਦੀ ਇੱਛਾ ਜ਼ਾਹਿਰ ਕੀਤੀ ਅਤੇ (ਗੁਰੂ) ਰਾਮਦਾਸ ਜੀ ਨੂੰ ਇਹ ਕੰਮ ਸੌਂਪਿਆ। 'ਸੂਰਜ ਪ੍ਰਕਾਸ਼' ਵਿਚ ਇਸ ਗੱਲ ਦਾ ਉਲੇਖ ਇੰਝ ਕੀਤਾ ਗਿਆ ਹੈ :—

ਗ੍ਰਾਮ ਤੁੰਗ ਕੋ ਅਹੈ ਉਚੇਰੇ।
ਗਿਲਵਾਲੀ ਤੇ ਲਖਹੁ ਪਰੇਰੇ।
ਹੈ ਸੁਲਤਾਨ ਪਿੰਡ ਜਿਸ ਨਾਮੂ।
ਤਿਸ ਤੇ ਪਸ਼ਚਮ ਦਿਸ ਅਭਿਰਾਮੂ।
ਤਾਹਿ ਜਾਇ ਕਰਿ ਗ੍ਰਾਮ ਬਣਾਵਹੁ।
ਸੁੰਦਰ ਆਪਣੇ ਸਦਨ ਬਣਾਵਹੁ।

ਸੋ (ਗੁਰੂ) ਰਾਮਦਾਸ ਜੀ ਨੇ ਗੁਮਟਾਲਾ, ਤੁੰਗ, ਸੁਲਤਾਨਵਿੰਡ, ਗਿਲਵਾਲੀ ਆਦਿਕ ਪਿੰਡਾਂ ਦੇ ਵਿਚਕਾਰ ਜ਼ਮੀਨ ਖਰੀਦ ਕੇ ਸੰਨ 1570 ਦੇ ਅੱਧ ਵਿਚ ਨਵਾਂ ਨਗਰ ਵਸਾਉਣਾ ਆਰੰਭ ਕਰ ਦਿੱਤਾ। ਆਪ ਹੀ ਵਿਉਂਤਬੰਦੀ ਕੀਤੀ ਅਤੇ ਆਪਣੀ ਨਿਗਰਾਨੀ ਵਿਚ ਸ਼ਹਿਰ ਦੀ ਉਸਾਰੀ ਕਰਵਾਈ।

ਪਾਣੀ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਸਭ ਤੋਂ ਪਹਿਲਾਂ ਤਲਾਅ ਖੁਦਵਾਉਣਾ ਆਰੰਭ ਕੀਤਾ, ਜਿਸਦਾ ਨਾਮ 'ਸੰਤੋਖ ਸਰ' ਰੱਖਿਆ। ਇਸਦੇ ਮਗਰੋਂ ਸੰਨ 1573 'ਚ ਉਸ ਸਰੋਵਰ ਦਾ ਟੱਕ ਲਾਇਆ ਜੋ 'ਅੰਮ੍ਰਿਤਸਰ' ਦੇ ਨਾਮ ਨਾਲ ਪ੍ਰਸਿੱਧ ਹੈ। ਇਹ ਟੱਕ ਦੁਖ ਭੰਜਨੀ ਬੇਰੀ ਦੇ ਕੋਲ ਲਾਇਆ। ਇਸ ਤਾਲ ਦੀ ਖੁਦਾਈ ਸਿੱਖ ਸੰਗਤਾਂ ਨੇ ਤਨ-ਮਨ ਨਾਲ ਕੀਤੀ। ਪਰ ਸੰਨ 1574 ਵਿਚ ਗੁਰੂ

ਅਮਰਦਾਸ ਜੀ ਦੇ ਜੋਤੀ-ਜੋਤਿ ਸਮਾਉਣ ਮਗਰੋਂ ਖੁਦਾਈ ਦਾ ਕੰਮ ਬੰਦ ਹੋ ਗਿਆ, ਜੋ ਦੁਬਾਰਾ ਸੰਨ 1577 ਵਿਚ ਆਰੰਭ ਕੀਤਾ ਗਿਆ ਅਤੇ ਸੰਨ 1581 ਵਿਚ ਸੰਪੂਰਨ ਹੋਇਆ।

ਸਰੋਵਰਾਂ ਦੀ ਖੁਦਾਈ ਦੇ ਨਾਲ ਨਾਲ ਨਵੇਂ ਨਗਰ ਦੀ ਉਸਾਰੀ ਵੀ ਜਾਰੀ ਰਹੀ। ਪਹਿਲਾਂ ਰਹਿਣ ਲਈ ਘਰ ਬਣਾਏ ਗਏ, "ਜੋ ਗੁਰੂ ਕੇ ਮਹਲ" ਕਹਾਏ। ਉਨ੍ਹਾਂ ਦੇ ਨਾਲ ਲਗਦਾ ਵਪਾਰਕ ਕੇਂਦਰ ਉਸਾਰਿਆ ਤੇ ਉਸ ਦਾ ਨਾਮ 'ਗੁਰੂ ਕਾ ਬਾਜ਼ਾਰ' ਰੱਖਿਆ ਗਿਆ। ਨਗਰ ਦਾ ਨਾਮ ਗੁਰੂ ਦਾ ਚੱਕ ਰੱਖਿਆ ਗਿਆ ਜੋ ਮਗਰੋਂ ਜਾ ਕੇ 'ਚੱਕ ਰਾਮਦਾਸ', 'ਰਾਮਦਾਸ ਪੁਰ' ਅਤੇ ਅੰਤ ਵਿਚ 'ਅੰਮ੍ਰਿਤਸਰ' ਕਹਾਇਆ। ਸ਼ਹਿਰ ਦਾ ਆਖਰੀ ਨਾਮ ਅੰਮ੍ਰਿਤਸਰ ਸਰੋਵਰ ਦੇ ਨਾਮ ਤੇ ਅੰਮ੍ਰਿਤਸਰ ਹੀ ਪ੍ਰਸਿੱਧ ਹੋ ਗਿਆ।

ਸੰਨ 1574 ਵਿਚ ਗੁਰੂ ਰਾਮਦਾਸ ਜੀ 'ਗੁਰੂ' ਬਣੇ ਤੇ ਇਥੇ ਆ ਟਿਕੇ। ਸਿੱਖ ਸੰਗਤਾਂ ਦੀ ਆਵਾਜਾਈ ਹੋਰ ਵਧ ਗਈ, ਰੌਣਕਾਂ ਵਧ ਗਈਆਂ ਅਤੇ ਸ਼ਹਿਰ ਦੀ ਵਸੋਂ ਵਿਚ ਚੋਖਾ ਵਾਧਾ ਹੋਇਆ।

ਸੰਨ 1577 ਵਿਚ ਗੁਰੂ ਰਾਮਦਾਸ ਜੀ ਨੇ ਪਿੰਡ 'ਤੁੰਗ' ਵਾਲਿਆਂ ਤੋਂ 700 ਅਕਬਰੀ ਰੁਪਏ ਵਿਚ 500 ਵਿਘੇ ਜ਼ਮੀਨ ਹੋਰ ਖਰੀਦੀ ਕਿਉਂਕਿ ਸ਼ਹਿਰ ਦੀ ਅਬਾਦੀ ਦਿਨੋ ਦਿਨ ਵਧ ਰਹੀ ਸੀ। ਜਦੋਂ ਇਹ ਗੱਲ ਫੈਲ ਗਈ ਕਿ ਨਵਾਂ ਵਸ ਰਿਹਾ ਨਗਰ ਹੀ ਸਿੱਖੀ ਦਾ ਕੇਂਦਰ ਬਣਨਾ ਹੈ, ਤਾਂ ਕਈ ਕਿੱਤਿਆਂ ਦੇ ਲੋਕ ਵੀ ਇਥੇ ਆ ਵਸੇ। ਭਾਈ ਸਾਲ੍ਹੋ ਤੇ ਕੁਝ ਹੋਰ ਗੁਰੂ ਘਰ ਦੇ ਅਨਿੰਨ ਸੇਵਕਾਂ ਨੇ ਆਪਣੇ ਰਿਸ਼ਤੇਦਾਰਾਂ ਅਤੇ ਸੱਜਣਾਂ-ਮਿੱਤਰਾਂ ਦੀ ਮਦਦ ਨਾਲ ਆਂਢ-ਗੁਆਂਢ ਦੇ ਪਿੰਡਾਂ ਵਿਚੋਂ ਕਈਆਂ ਨੂੰ ਪ੍ਰੇਰ ਕੇ ਇਥੇ ਲਿਆ ਵਸਾਇਆ।

ਮਗਰੋਂ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਸ੍ਰੀ ਦਰਬਾਰ ਸਾਹਿਬ ਦੀ ਸਥਾਪਨਾ ਕਰਵਾਈ ਅਤੇ ਉਸਦੇ ਮਗਰੋਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਦਾ ਨਿਰਮਾਣ ਕਰਵਾਇਆ। ਇੰਝ ਸ੍ਰੀ ਅੰਮ੍ਰਿਤਸਰ ਸਿੱਖੀ ਦੇ ਕੇਂਦਰੀ ਸਥਾਨ ਵਜੋਂ ਵਿਕਸਤ ਹੋ ਗਿਆ ਤੇ ਇਸ ਸ਼ਹਿਰ ਨੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕੀਤੀ।

## 4. ਸੇਵਕ ਤੋਂ ਸਤਿਗੁਰੂ

ਆਪਣੇ ਅਧਿਆਤਮਿਕ, ਸਮਾਜਿਕ ਅਤੇ ਰਾਜਨੀਤਿਕ ਵਿਚਾਰਾਂ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਤੇ ਇਨ੍ਹਾਂ ਵਿਚਾਰਾਂ ਨੂੰ ਮੰਨਣ ਵਾਲੇ ਲੋਕਾਂ ਦੇ ਆਦਰਸ਼ਕ ਸਮਾਜ ਦੀ ਉਸਾਰੀ ਲਈ ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਗੁਣਾਂ ਨਾਲ ਭਰਪੂਰ ਆਪਣੇ ਅਨਿੰਨ ਸੇਵਕ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦਾ

ਨਾਮ ਦੇ ਕੇ ਗੁਰੂ ਥਾਪਿਆ। ਇਸ ਮਹਾਨ ਜ਼ਿੰਮੇਵਾਰੀ ਨੂੰ ਨਿਭਾਉਣਾ ਕੋਈ ਸੌਖੀ ਗੱਲ ਨਹੀਂ ਸੀ। ਇਸ ਲਈ ਗੁਰੂ ਨਾਨਕ ਪਾਤਸ਼ਾਹ ਵਰਗੀ ਸਰਬ-ਗੁਣ ਸੰਪੰਨ ਸ਼ਖਸੀਅਤ ਦੀ ਲੋੜ ਸੀ। ਇਸੇ ਲਈ ਗੁਰੂ ਨਾਨਕ ਪਾਤਸ਼ਾਹ ਨੇ ਅਕਾਲ-ਪੁਰਖ ਤੋਂ ਪ੍ਰਾਪਤ ਰੂਹਾਨੀ ਗਿਆਨ ਅਥਵਾ ਰੱਬੀ-ਪ੍ਰਕਾਸ਼ ਦਾ ਨਿਵਾਸ ਗੁਰੂ ਅੰਗਦ ਦੇਵ ਜੀ ਦੇ ਹਿਰਦੇ ਵਿਚ ਕਰ ਦਿੱਤਾ। ਇਸ ਪਾਰਸ-ਕਲਾ ਦੇ ਵਰਤਣ ਨਾਲ ਗੁਰੂ ਨਾਨਕ ਵਾਲੀ ਗਿਆਨ-ਜੋਤਿ ਗੁਰੂ ਅੰਗਦ ਵਿਚ ਆ ਗਈ। ਆਪਣੀ ਸੰਸਾਰਕ ਯਾਤਰਾ ਦੀ ਸਮਾਪਤੀ ਤੇ ਅਗੋਂ ਇਕ ਗੁਰੂ ਦੂਜੇ ਗੁਰੂ ਦੇ ਅੰਦਰ ਇਸ ਨਾਨਕ-ਜੋਤਿ ਦਾ ਪ੍ਰਕਾਸ਼ ਕਰ ਦਿੰਦਾ ਸੀ। ਜਦ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਗੁਰੂ ਨਾਨਕ ਪਾਤਸਾਹ ਦੇ ਵਿਚਾਰਾਂ ਵਾਲਾ ਆਦਰਸ਼ਕ ਸਮਾਜ, ਸਿੱਖ ਪੰਥ, ਮੁਕੰਮਲ ਰੂਪ ਵਿਚ ਸਿਰਜਿਆ ਗਿਆ, ਤਾਂ ਦਸਮ ਪਿਤਾ ਨੇ ਐਲਾਨ ਕਰ ਦਿੱਤਾ ਕਿ ਹੁਣ "ਇਕ-ਸ਼ਖਸੀ-ਗੁਰੂ" ਦੀ ਲੋੜ ਨਹੀਂ ਰਹੀ ਤੇ ਅੱਗੋਂ ਲਈ ਗੁਰਬਾਣੀ ਹੀ ਵਿਚਾਰਧਾਰਕ ਅਗਵਾਈ ਪ੍ਰਦਾਨ ਕਰੇਗੀ ਕਿਉਂਕਿ ਅਸਲ ਵਿਚ ਇਹ ਹੀ ਨਾਨਕ-ਜੋਤਿ ਹੈ।

ਨਾਨਕ-ਜੋਤਿ ਦਾ ਇੱਕ ਗੁਰੂ ਤੋਂ ਦੂਜੇ ਗੁਰੂ ਵਿਚ ਪ੍ਰਵੇਸ਼ ਕਰਨਾ ਬਿਲਕੁਲ ਉਵੇਂ ਹੀ ਸੀ ਜਿਵੇਂ ਇਕ ਦੀਵੇ ਦੀ ਲਾਟ ਨਾਲ ਦੂਜਾ ਦੀਵਾ ਜਗਦਾ ਹੈ। ਭਾਈ ਗੁਰਦਾਸ ਜੀ ਨੇ ਇਸ ਵਿਚਾਰ ਦੀ ਪੁਸ਼ਟੀ ਇਉਂ ਕੀਤੀ ਹੈ :

**'ਗੁਰੁ ਅੰਗਦ ਗੁਰੁ ਅੰਗੁ ਤੇ, ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ।**
**ਜੋਤੀ ਜੋਤਿ ਜਗਾਈਅਨੁ, ਦੀਵੇ ਤੇ ਜਿਉਂ ਦੀਵਾ ਬਲਿਆ।**

*(ਵਾਰ ੨੪, ਪਉੜੀ ੯)*

ਰਬਾਬੀ ਸੱਤਾ ਤੇ ਬਲਵੰਡ ਦੁਆਰਾ ਉਚਾਰੀ 'ਰਾਮਕਲੀ ਕੀ ਵਾਰ' ਵਿਚ ਉਪ੍ਰੋਕਤ ਵਿਚਾਰ ਨੂੰ ਸਪੱਸ਼ਟ ਕਰਦਿਆਂ ਆਖਿਆ ਗਿਆ ਹੈ ਕਿ ਸਤਿਗੁਰਾਂ ਦੇ ਸਰੀਰ ਤਾਂ ਭਾਵੇਂ ਬਦਲਦੇ ਰਹੇ ਹਨ, ਪਰ 'ਜੋਤਿ' ਉਹੀ (ਗੁਰੂ ਨਾਨਕ ਜੀ ਵਾਲੀ) ਹੀ ਰਹੀ ਹੈ :—

**ਜੋਤਿ ਓਹਾ ਜੁਗਤਿ ਸਾਇ,**
**ਸਹਿ ਕਾਇਆ ਫੇਰਿ ਪਲਟੀਐ॥** *(ਪੰਨਾ ੯੬੬)*

ਭਾਈ ਨੰਦ ਲਾਲ ਜੀ ਨੇ ਵੀ ਆਪਣੀ ਫ਼ਾਰਸੀ ਦੀ ਪੁਸਤਕ 'ਜੋਤਿ-ਬਿਗਾਸ' ਵਿਚ 'ਇਕੋ ਗੁਰੂ-ਜੋਤਿ ਦੇ' ਖਿਆਲ ਨੂੰ ਇੰਝ ਬਿਆਨ ਕੀਤਾ ਹੈ :

**ਹਮੂ ਨਾਨਕ ਅਸਤੋ, ਹਮੂ ਅੰਗਦ ਅਸਤ।**
**ਹਮੂ ਅਮਰਦਾਸ ਅਫਜ਼ਲੋ ਅਮਜ਼ਦ ਅਸਤ। ੨੩।**
**ਹਮੂ ਰਾਮਦਾਸੋ ਹਮੂ ਅਰਜਨ ਅਸਤ।**

ਹਮੂ ਹਰਗੋਬਿੰਦ ਅਕਰਮੋ ਅਹਿਸਨ ਅਸਤ। ੨੪।
ਹਮੂ ਅਸਤ ਹਰਿ ਰਾਇ ਕਰਤਾ ਗੁਰੂ।
ਬਦੂ ਆਸ਼ਕਾਰਾ ਹਮਾ ਪੁਸਤੋ ਰੂ। ੨੫।
ਹਮੂ ਹਰਿਕ੍ਰਿਸ਼ਨ ਆਮਦਾ ਸਰ ਬੁਲੰਦ।
ਅਜ਼ੋ ਹਾਸਿਲ ਉਮੀਦ ਹਰ ਮੁਹਤਮੰਦ। ੨੬।
ਹਮੂ ਅਸਤ ਤੇਗਿ ਬਹਾਦਰ ਗੁਰੂ।
ਕਿ ਗੋਬਿੰਦ ਸਿੰਘ ਆਮਦ ਅਜ਼ ਨੂਰਿ ਊ। ੨੭।
ਹਮੂ ਗੁਰੂ ਗੋਬਿੰਦ ਸਿੰਘ, ਹਮੂ ਨਾਨਕ ਅਸਤ।
ਹਮਾ ਸ਼ਬਦਿ ਊ ਜੌਹਰੋ ਮਾਨਕ ਅਸਤ। ੨੮।

ਅਰਥ : ਨਾਨਕ ਵੀ ਉਹੀ ਹੈ ਅਤੇ ਅੰਗਦ ਵੀ ਉਹੀ। ਬਖਸ਼ਿਸ਼ ਅਤੇ ਵਡਿਆਈ ਦਾ ਮਾਲਕ ਅਮਰਦਾਸ ਵੀ ਉਹੀ ਹੈ। ਉਹੀ ਰਾਮਦਾਸ ਹੈ ਅਤੇ ਉਹੀ ਅਰਜਨ ਹੈ। ਸਭ ਤੋਂ ਵੱਡਾ ਅਤੇ ਚੰਗੇਰਾ ਹਰਿਗੋਬਿੰਦ ਵੀ ਉਹੀ ਹੈ। ਉਹੀ ਹਰਿ ਰਾਇ ਕਰਤਾ ਗੁਰੂ ਹੈ, ਜਿਸ ਨੂੰ ਹਰ ਸ਼ੈਅ ਦੀ ਸਿੱਧ-ਪੁੱਠ ਸਾਫ ਪ੍ਰਗਟ ਹੋ ਜਾਂਦੀ ਹੈ। ਉਹੀ ਸਿਰ-ਕੱਢ ਹਰਿਕ੍ਰਿਸ਼ਨ ਹਨ, ਜਿਨ੍ਹਾਂ ਤੋਂ ਹਰ ਹਾਜਤਮੰਦ ਦੀ ਮੁਰਾਦ ਪੂਰੀ ਹੁੰਦੀ ਹੈ। ਉਹੀ ਗੁਰੂ ਤੇਗ ਬਹਾਦਰ ਹੈ, ਜਿਸ ਦੇ ਨੂਰ ਤੋਂ ਗੋਬਿੰਦ ਸਿੰਘ ਪ੍ਰਗਟ ਹੋਇਆ ਹੈ। ਉਹੀ ਗੁਰੂ ਗੋਬਿੰਦ ਸਿੰਘ ਹੈ ਤੇ ਉਹੀ ਨਾਨਕ ਗੁਰੂ ਹੈ, ਉਸਦੇ ਸ਼ਬਦ ਜਵਾਹਰਾਤ ਅਤੇ ਮਾਣਕ ਮੋਤੀ ਹਨ।

ਨਾਨਕ ਜੋਤਿ ਦੇ ਅਧਿਕਾਰੀ ਉਹੀ ਪਾਵਨ ਗੁਰਸਿੱਖ ਬਣਦੇ ਰਹੇ ਹਨ, ਜਿਨ੍ਹਾਂ ਨੇ ਗੁਰੂ ਨੂੰ ਆਪਾ ਪੂਰੀ ਤਰ੍ਹਾਂ ਸਮਰਪਿਤ ਕਰ ਦਿੱਤਾ ਹੁੰਦਾ ਸੀ, ਗੁਰੂ-ਸੇਵਾ ਜਿਨ੍ਹਾਂ ਦਾ ਜੀਵਨ-ਮਨੋਰਥ ਹੁੰਦਾ ਸੀ ਤੇ ਗੁਰੂ-ਹੁਕਮਾਂ ਨੂੰ ਮੰਨਣਾ ਜਿਨ੍ਹਾਂ ਦੀ ਨਿਤ ਦੀ ਕਾਰ ਹੁੰਦੀ ਸੀ। ਗੁਰੂ ਨਾਨਕ ਸਾਹਿਬ ਦੇ ਆਪਣੇ ਪੁੱਤਰ ਇਸ ਕਸੌਟੀ ਤੇ ਖਰੇ ਨਾ ਉਤਰ ਸਕੇ ਤੇ ਨਾਨਕ-ਜੋਤਿ ਦੇ ਅਧਿਕਾਰੀ ਬਾਬਾ ਲਹਿਣਾ ਜੀ ਬਣੇ। ਅਗੋਂ ਉਨ੍ਹਾਂ ਨੇ ਵੀ ਇਸ ਜੋਤਿ ਦਾ ਪ੍ਰਕਾਸ਼ ਆਪਣੇ ਤੋਂ ਵਡੇਰੀ ਆਯੂ ਦੇ ਬਾਬਾ ਅਮਰਦਾਸ ਜੀ ਵਿਚ ਕੀਤਾ ਕਿਉਂਕਿ ਉਹ ਸਾਰਾ ਸਮਾਂ ਗੁਰੂ ਸੇਵਾ, ਸੰਗਤ ਦੀ ਸੇਵਾ ਅਤੇ ਪ੍ਰਭੂ-ਸਿਮਰਨ ਵਿਚ ਹੀ ਬਤੀਤ ਕਰਦੇ ਸਨ। ਗੁਰੂ ਅੰਗਦ ਸਾਹਿਬ ਦੇ ਆਪਣੇ ਪੁੱਤਰ ਦਾਤੂ ਜੀ ਤੇ ਦਾਸੂ ਜੀ ਤਾਂ ਗੁਰੂ-ਸੰਤਾਨ ਹੋਣ ਦੇ ਮਾਣ ਵਿਚ ਹੀ ਰਹੇ।

ਗੁਰੂ ਅਮਰਦਾਸ ਪਾਤਸ਼ਾਹ ਦੇ ਆਪਣੇ ਪੁੱਤਰ ਬਾਬਾ ਮੋਹਨ ਜੀ ਤੇ ਮੋਹਰੀ ਜੀ ਕਾਫੀ ਵੱਡੀ ਉਮਰ ਦੇ ਹੋ ਗਏ ਸਨ, ਪਰ ਉਹ ਸੇਵਾ ਸਿਮਰਨ ਦਾ ਰਾਹ ਛੱਡ ਆਪਣੇ ਬਣਾਏ ਰਾਹਾਂ ਤੇ ਹੀ ਤੁਰਦੇ ਰਹੇ। ਬਾਬਾ ਮੋਹਨ ਜੀ ਜਿਥੇ ਝਮੇਲਿਆਂ ਤੋਂ ਦੂਰ ਉਪਰਾਮਤਾ ਵਾਲਾ ਜੀਵਨ ਬਿਤਾਉਂਦੇ ਸਨ, ਮਸਤਾਨੇ ਬਣੇ ਰਹਿੰਦੇ ਸਨ,

ਉਥੇ ਬਾਬਾ ਮੋਹਰੀ ਜੀ ਮਾਇਆਵਾਦੀ ਰੁਚੀਆਂ ਦੇ ਸ਼ਿਕਾਰ ਸਨ। ਧਨ-ਜਾਇਦਾਦ ਨਾਲ ਉਨ੍ਹਾਂ ਦਾ ਵਧੇਰੇ ਹੀ ਪਿਆਰ ਸੀ। ਗੁਰੂ ਅਮਰਦਾਸ ਜੀ ਦੇ ਦੋਵੇਂ ਜੁਆਈ, ਜੇਠਾ ਜੀ ਤੇ ਭਾਈ ਰਾਮਾ ਜੀ (ਬੀਬੀ ਦਾਨੀ ਜੀ ਦਾ ਪਤੀ), ਸੇਵਾ ਵਾਲਾ ਜੀਵਨ ਬਤੀਤ ਕਰ ਰਹੇ ਸਨ। ਜੇਠਾ ਜੀ (ਭਾਈ ਰਾਮਦਾਸ ਜੀ) ਜਿਥੇ ਬਿਲਕੁਲ ਨਿਸ਼ਕਾਮ ਹੋ ਕੇ ਅਤੇ ਆਪਣਾ ਫਰਜ਼ ਜਾਣਕੇ ਸੇਵਾ ਕਰਦੇ ਸਨ, ਉਥੇ ਭਾਈ ਰਾਮਾ ਜੀ ਕਿਸੇ ਪ੍ਰਾਪਤੀ ਦੀ ਖਾਤਰ ਸੇਵਾ ਕਰਦੇ ਸਨ, ਆਪਣੀ ਅਕਲ ਦਾ ਉਨ੍ਹਾਂ ਨੂੰ ਬਹੁਤ ਮਾਣ ਸੀ ਤੇ ਹਉਮੈ ਦੀ ਭਾਵਨਾ ਦਾ ਤਿਆਗ ਨਹੀਂ ਸਨ ਕਰ ਸਕੇ।

ਜੇਠਾ ਜੀ ਦੇ ਆਪਾ-ਤਿਆਗ, ਨਿਮ੍ਰਤਾ, ਹਲੀਮੀ, ਮਿਠ-ਬੋਲੜੇਪਨ, ਸੰਗਤਾਂ ਦੀ ਨਿਸ਼ਕਾਮ-ਸੇਵਾ, ਪ੍ਰਭੂ-ਪ੍ਰੀਤੀ ਅਤੇ ਗੁਰੂ-ਹੁਕਮਾਂ ਨੂੰ ਬਿਨਾਂ ਕਿਸੇ ਹੀਲ-ਹੁਜਤ ਦੇ ਮੰਨਣ ਦੇ ਗੁਣਾਂ ਨੇ ਗੁਰੂ ਅਮਰਦਾਸ ਜੀ ਦੇ ਮਨ ਨੂੰ ਤਾਂ ਪਹਿਲਾਂ ਹੀ ਜਿੱਤ ਲਿਆ ਸੀ। ਉਹ ਤਾਂ ਗੁਰੂ ਜੀ ਦੇ ਇਨ੍ਹਾਂ ਬਚਨਾਂ ਤੇ ਬੜੀ ਦ੍ਰਿੜਤਾ ਨਾਲ ਚੱਲ ਰਹੇ ਸਨ ਕਿ :

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ, ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ, ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ, ਵਾਲਹੁ ਨਿਕੀ, ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ, ਜਿਨੀ ਆਪੁ ਤਜਿਆ, ਹਰਿ ਵਾਸਨਾ ਸਮਾਣੀ॥
ਕਹੈ ਨਾਨਕੁ ਚਾਲ ਭਗਤਾ, ਜੁਗਹੁ ਜੁਗੁ ਨਿਰਾਲੀ॥ ੧੪॥

*(ਰਾਮਕਲੀ, ਮ: ੩, ਅਨੰਦੁ, ਪੰਨਾ ੯੧੮)*

ਅਤੇ—

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥
ਹੋਵੈ ਤ ਸਨਮੁਖੁ ਸਿਖੁ ਕੋਈ, ਜੀਅਹੁ ਰਹੈ ਗੁਰ ਨਾਲੇ॥
ਗੁਰ ਕੇ ਚਰਨ ਹਿਰਦੈ ਧਿਆਏ, ਅੰਤਰ ਆਤਮੈ ਸਮਾਲੇ॥
ਆਪੁ ਛਡਿ ਸਦਾ ਰਹੈ ਪਰਣੈ, ਗੁਰ ਬਿਨੁ ਅਵਰੁ ਨ ਜਾਣੈ ਕੋਏ॥
ਕਹੈ ਨਾਨਕੁ ਸੁਣਹੁ ਸੰਤਹੁ, ਸੋ ਸਿਖੁ ਸਨਮੁਖੁ ਹੋਏ॥ ੨੧॥

*(ਰਾਮਕਲੀ, ਮ: ੩, ਅਨੰਦੁ, ਪੰਨਾ ੯੧੯)*

ਆਪਣੇ ਅਜਿਹੇ ਉਚੇ-ਸੁਚੇ ਜੀਵਨ ਦੇ ਕਾਰਨ ਜੇਠਾ ਜੀ ਗੁਰੂ ਅਮਰਦਾਸ ਜੀ ਦੀ ਬਖਸ਼ਿਸ਼ ਦੇ ਪਾਤਰ ਬਣ ਗਏ ਅਤੇ ਉਨ੍ਹਾਂ ਨੇ ਜੇਠਾ ਜੀ ਨੂੰ ਗੁਰੂ-ਗੱਦੀ ਦੇਣ ਦਾ ਮਨ ਬਣਾ ਲਿਆ। ਪਰ ਸੰਗਤਾਂ ਨੂੰ ਇਹ ਦੱਸਣਾ ਬਹੁਤ ਜ਼ਰੂਰੀ ਸੀ ਕਿ

ਗੁਰੂ ਦੀ ਬਖਸ਼ਿਸ਼, ਨਿਰਮਲ ਜੀਵਨ ਵਾਲੇ, ਗੁਰੂ-ਸੇਵਾ ਤੇ ਸਾਧ-ਸੰਗਤ ਦੀ ਸੇਵਾ ਨਿਸ਼ਕਾਮ ਭਾਵਨਾ ਨਾਲ ਕਰਨ ਵਾਲੇ ਅਤੇ ਗੁਰੂ ਹੁਕਮਾਂ ਨੂੰ ਸੱਤਿ ਸੱਤਿ ਕਰਕੇ ਮੰਨਣ ਵਾਲੇ ਸਿੱਖ ਦੇ ਉਤੇ ਹੀ ਹੁੰਦੀ ਹੈ ਤੇ ਹਉਮੈ ਭਾਵਨਾ ਵਾਲੇ ਚਤੁਰ-ਸਿਆਣੇ ਗੁਰੂ-ਬਖਸ਼ਿਸ਼ ਤੋਂ ਵਾਂਝੇ ਰਹਿੰਦੇ ਹਨ। ਇਸ ਲਈ ਪ੍ਰੀਖਿਆ ਦਾ ਕੌਤਕ ਰਚਿਆ ਗਿਆ।

ਸੋ ਇਕ ਦਿਨ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਤੇ ਭਾਈ ਰਾਮਾ ਜੀ ਨੂੰ ਹੁਕਮ ਕੀਤਾ ਕਿ ਉਨ੍ਹਾਂ ਦੇ ਬੈਠਣ ਲਈ ਵੱਖਰੇ-ਵੱਖਰੇ ਥੜ੍ਹੇ ਬਣਾਏ ਜਾਣ। ਦੋਵੇਂ ਹੀ ਗੁਰੂ ਆਗਿਆ ਵਿਚ ਜੁਟ ਗਏ। ਪਹਿਲੀ ਵਾਰ ਜੋ ਥ ੜ੍ਹੇ ਬਣੇ, ਉਹ ਗੁਰੂ ਜੀ ਨੇ ਪਸੰਦ ਨਾ ਕੀਤੇ ਤੇ ਢਾਹ ਕੇ ਹੋਰ ਬਣਾਉਣ ਦਾ ਹੁਕਮ ਕਰ ਦਿੱਤਾ। ਗੁਰੂ ਪਾਤਸ਼ਾਹ ਦਾ ਇਹ ਹੁਕਮ ਸੁਣਕੇ ਭਾਈ ਰਾਮਾ ਜੀ ਦਾ ਤਾਂ ਦਿਲ ਹੀ ਟੁੱਟ ਗਿਆ। ਆਖਣ ਲੱਗੇ—'ਜਿਵੇਂ ਤੁਸੀਂ ਸਮਝਾਇਆ ਸੀ, ਮੈਂ ਤਾਂ ਉਵੇਂ ਹੀ ਥੜ੍ਹਾ ਬਣਾਇਆ ਹੈ। ਇਸ ਵਿਚ ਕੋਈ ਕਮੀ ਨਹੀਂ ਹੈ। ਪਰ ਸਤਿਗੁਰਾਂ ਨੇ ਢੁਹਾ ਦਿੱਤਾ।

ਉਧਰ ਭਾਈ ਜੇਠਾ ਜੀ ਨੇ ਗੁਰੂ-ਹੁਕਮ ਦੇ ਸੁਣਦਿਆਂ ਸਾਰ ਹੀ ਥੜ੍ਹਾ ਢਾਹੁਣਾ ਸ਼ੁਰੂ ਕਰ ਦਿੱਤਾ। ਥੜ੍ਹਾ ਠੀਕ ਨਾ ਬਣਨ ਲਈ ਸਤਿਗੁਰਾਂ ਤੋਂ ਖਿਮਾਂ ਵੀ ਮੰਗੀ।

ਦੂਜੇ ਦਿਨ ਫਿਰ ਥੜ੍ਹੇ ਬਣਾਏ ਗਏ। ਸਤਿਗੁਰਾਂ ਨੇ ਫਿਰ ਕਿਹਾ—"ਠੀਕ ਨਹੀਂ ਬਣੇ। ਢਾਹ ਕੇ ਫੇਰ ਬਣਾਓ।" ਇਹ ਸੁਣਦਿਆਂ ਸਾਰ ਭਾਈ ਰਾਮਾ ਜੀ ਤਾਂ ਤਿਲਮਿਲਾ ਉਠੇ, ਤੇ ਕਹਿਣ ਲਗੇ, ਜਿਵੇਂ ਤੁਸੀਂ ਕਿਹਾ ਸੀ, ਉਵੇਂ ਹੀ ਬਣਾਇਆ ਹੈ। ਥੜ੍ਹਾ ਸ਼ਾਨਦਾਰ ਤੇ ਬੈਠਣ ਯੋਗ ਹੈ। ਲੋਕੀਂ ਤਾਂ ਖ਼ੂਬ ਸਿਫਤਾਂ ਕਰ ਰਹੇ ਹਨ। ਇਸ ਤੋਂ ਚੰਗਾ ਹੋਰ ਭਲਾ ਕੀ ਬਣ ਸਕਦਾ ਹੈ?

ਜਦੋਂ ਗੁਰੂ ਜੀ ਭਾਈ ਜੇਠਾ ਜੀ ਕੋਲ ਆਏ, ਉਹ ਆਖਣ ਲਗੇ 'ਸਤਿਗੁਰੂ ਜੀ, ਮੇਰੀ ਤਾਂ ਮੱਤ ਹੀ ਥੋੜ੍ਹੀ ਹੈ। ਤੁਹਾਡੀ ਗੱਲ ਪੂਰੀ ਤਰ੍ਹਾਂ ਸਮਝ ਵਿਚ ਨਹੀਂ ਪਈ। ਪਿਛਲੀ ਗਲਤੀ ਮੁਆਫ਼ ਕਰ ਦਿਓ ਤੇ ਫਿਰ ਬਖਸ਼ਿਸ਼ ਕਰਕੇ ਸਮਝਾਉ। ਹੁਣ ਪੂਰੀ ਕੋਸ਼ਿਸ਼ ਕਰਾਂਗਾ :

ਤੁਮਰੀ ਮਤੀ ਅਗਾਧਿ ਬਡੇਰ।
ਹਮ ਮਤਿਮੰਦ ਸਕਹਿ ਨਾਹ ਜਾਨਿ।
ਤਊ ਕ੍ਰਿਪਾ ਤੁਮ ਕਰਹੁ ਮਹਾਨ। ੩੩।
ਬਿਸਰਿ ਜਾਤਿ ਹਮਰੀ ਮਤਿ ਥੋਰੀ।
ਬਖਸ਼ਹੁ ਖਤਾ ਆਪ ਅਬਿ ਮੋਰੀ।

ਤੀਸਰੇ ਦਿਨ ਫਿਰ ਥੜ੍ਹੇ ਬਣਾਏ ਗਏ। ਸਤਿਗੁਰਾਂ ਨੇ ਵੇਖ ਕੇ ਫਿਰ

ਆਖਿਆ, "ਜਿਸ ਤਰ੍ਹਾਂ ਦੇ ਮੈਂ ਆਖੇ ਸਨ, ਉਸ ਤਰ੍ਹਾਂ ਨਹੀਂ ਬਣੇ। ਇਹ ਮੇਰੇ ਪਸੰਦ ਨਹੀਂ ਹਨ। ਕਈ ਵਾਰ ਸਮਝਾਇਆ ਹੈ ਪਰ ਥੜ੍ਹੇ ਠੀਕ ਨਹੀਂ ਬਣ ਰਹੇ।"

ਇੰਨਾ ਸੁਣਨਾ ਹੀ ਸੀ ਕਿ ਭਾਈ ਰਾਮਾ ਜੀ ਗੁੱਸੇ ਵਿਚ ਆ ਗਏ। ਉਸ ਸਮੇਂ ਉਚੀ ਆਵਾਜ਼ ਵਿਚ ਕਹਿਣ ਲਗੇ—'ਜਿਵੇਂ ਹੁਕਮ ਕਰੀ ਜਾਂਦੇ ਹੋ, ਉਵੇਂ ਹੀ ਬਣਾਉਂਦਾ ਹਾਂ। ਇਸ ਤੋਂ ਚੰਗਾ ਹੋਰ ਕੌਣ ਬਣਾ ਸਕਦਾ ਹੈ? ਆਪ ਜਿਵੇਂ ਕਹਿ ਜਾਂਦੇ ਹੋ, ਆਪ ਨੂੰ ਹੀ ਭੁੱਲ ਜਾਂਦਾ ਹੈ। ਇਸ ਵਿਚ ਮੇਰਾ ਕੀ ਕਸੂਰ ਹੈ। ਹੁਣ ਨਾ ਇਸ ਨੂੰ ਢੁਆਹੁਣਾ।'

ਜਦੋਂ ਸਤਿਗੁਰੂ ਜੀ ਭਾਈ ਜੇਠਾ ਜੀ ਪਾਸ ਪੁੱਜੇ, ਤਾਂ ਉਨ੍ਹਾਂ ਨੇ ਸਤਿਗੁਰਾਂ ਦੇ ਚਰਨ ਫੜ ਲਏ ਤੇ ਕਿਹਾ ਕਿ ਮੈਂ ਤਾਂ ਅਨਜਾਣ ਹਾਂ, ਭੁਲਣਹਾਰ ਹਾਂ। ਤੁਸੀਂ ਕ੍ਰਿਪਾਲੂ ਹੋ। ਬਾਰ ਬਾਰ ਭੁੱਲਾਂ ਬਖਸ਼ਦੇ ਹੋ। ਇਹ ਮੇਰੀ ਬਦਕਿਸਮਤੀ ਹੈ ਕਿ ਮੈਨੂੰ ਆਪ ਦੀ ਗੱਲ ਸਮਝ ਨਹੀਂ ਆਈ। ਫਿਰ ਸਮਝਾ ਦਿਓ। ਹੋਰ ਥੜ੍ਹਾ ਬਣਾ ਦਿਆਂਗਾ।

ਇਹ ਸੁਣਕੇ ਗੁਰੂ ਅਮਰਦਾਸ ਪਾਤਸ਼ਾਹ ਬਹੁਤ ਪ੍ਰਸੰਨ ਹੋਏ ਤੇ ਕਹਿਣ ਲਗੇ ਕਿ ਇਸ ਦੀ ਸੇਵਾ ਮੈਨੂੰ ਪਸੰਦ ਆਈ ਹੈ। ਇਹ ਨਿਰਮਾਣ ਸੇਵਕ ਹਨ, ਆਪਾ ਨਹੀਂ ਜਣਾਉਂਦੇ। ਆਪ ਨੇ ਦੀਵਾਨ ਸਜਾਇਆ। ਸਾਰੀ ਸੰਗਤ ਅਤੇ ਆਪਣੇ ਸਾਰੇ ਪਰਿਵਾਰ ਦੇ ਸਾਹਮਣੇ ਜੇਠਾ ਜੀ [(ਗੁਰੂ) ਰਾਮਦਾਸ ਜੀ] ਨੂੰ ਗੁਰੂ ਥਾਪ ਦਿੱਤਾ। ਉਦੋਂ ਗੁਰੂ ਰਾਮਦਾਸ ਜੀ ਦੀ ਉਮਰ 40 ਸਾਲਾਂ ਦੀ ਸੀ, ਅਤੇ ਸੰਨ 1574 ਦੇ ਸਤੰਬਰ ਮਹੀਨੇ ਦੀ ਪਹਿਲੀ ਤਰੀਕ ਸੀ।

ਇਹ ਇਕ ਮਹਾਨ ਘਟਨਾ ਸੀ। ਗੁਰੂ ਰਾਮਦਾਸ ਜੀ ਅੱਜ ਉਸ ਰੱਬੀ-ਤਖ਼ਤ ਤੇ ਸੁਸ਼ੋਭਿਤ ਹੋ ਰਹੇ ਸਨ, ਜਿਸ ਤਖ਼ਤ ਅੱਗੇ ਦੁਨੀਆਂ ਦੇ ਵੱਡੇ ਵੱਡੇ ਰਾਜਿਆਂ, ਮਹਾਰਾਜਿਆਂ ਨੇ ਭੂਤਕਾਲ ਵਿਚ ਸਿਰ ਨਿਵਾਇਆ ਸੀ ਅਤੇ ਅਗੋਂ ਸਿਰ ਨਿਵਾਉਣਾ ਸੀ। ਆਪ ਨੂੰ ਬਚਪਨ ਦੀ ਯਾਦ ਆ ਗਈ, ਜਦੋਂ ਅਨਾਥ-ਬਾਲ ਦੇ ਰੂਪ ਵਿਚ ਉਹ ਨਾਨੀ ਦੇ ਨਾਲ ਬਾਸਰਕੇ ਆਏ ਸਨ। ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਬੜੇ ਭਾਵਪੂਰਤ ਸ਼ਬਦਾਂ ਵਿਚ ਇਸ ਘਟਨਾ ਦਾ ਜ਼ਿਕਰ ਕੀਤਾ ਹੈ, ਜੋ ਹੂ-ਬ-ਹੂ ਹੇਠਾਂ ਅੰਕਿਤ ਹੈ :

"ਜਿਸ ਵੇਲੇ ਗੁਰੂ ਅਮਰਦਾਸ ਜੀ (ਗੁਰੂ) ਰਾਮਦਾਸ ਜੀ ਨੂੰ ਚੌਕੀ ਉਤੇ ਬਿਠਾ ਕੇ ਭਰੇ ਦੀਵਾਨ ਵਿਚ ਆਪ ਇਹਨਾਂ ਅਗੇ ਮੱਥਾ ਟੇਕਿਆ, ਤਾਂ ਇਹ ਵੈਰਾਗ ਵਿਚ ਆ ਕੇ ਬੋਲ ਉਠੇ "ਪਾਤਿਸ਼ਾਹ ਤੂੰ ਆਪ ਜਾਣਦਾ ਹੈਂ, ਜਦੋਂ ਮੈਂ ਯਤੀਮ ਲਾਹੌਰ ਦੀਆਂ ਗਲੀਆਂ ਵਿਚੋਂ ਨਿਆਸਰਾ ਹੋ ਕੇ ਨਿਕਲਿਆ ਸਾਂ, ਤਦੋਂ ਮੇਰਾ ਕੀ ਹਾਲ ਸੀ। ਮੈਂ ਗਲੀਆਂ ਦੇ ਕੱਖਾਂ ਵਾਂਗ ਰੁਲਦਾ ਸੀ, ਲਾਹੌਰ ਨਿਵਾਸੀ ਮੇਰੇ ਸਾਕਾਂ ਅੰਗਾਂ ਵਿਚੋਂ ਕੋਈ ਮੇਰੀ ਬਾਂਹ ਫੜਨ ਨੂੰ ਤਿਆਰ ਨਹੀਂ

ਸੀ। ਨਾਨੀ ਨੇ ਮੈਨੂੰ ਗਲ ਲਾਇਆ, ਪਰ ਨਾਨੀ ਵੀ ਵਿਚਾਰੀ ਗਰੀਬਣੀ ਹੀ ਸੀ। ਪਾਤਿਸ਼ਾਹ! ਨਿੱਕੇ ਜਿਹੇ ਕੀੜੇ ਦੀ ਕੀ ਪਾਇਆਂ ਹੈ? ਬੱਸ! ਮੈਂ ਇਕ ਕੀੜਾ ਸੀ। ਮੇਰੇ ਸਤਿਗੁਰਾ! ਇਹ ਤੇਰੀ ਮਿਹਰ ਹੀ ਸੀ; ਤੂੰ ਮੈਨੂੰ ਪਿਆਰ ਨਾਲ ਤੱਕਿਆ, ਤੂੰ ਯਤੀਮ ਦੀ ਬਾਂਹ ਫੜੀ, ਮੈਨੂੰ ਮਿੱਟੀ ਵਿਚ ਰੁਲਦੇ ਨੂੰ ਤੂੰ ਅੱਜ ਅਰਸ਼ਾਂ ਤੇ ਅਪੜਾਅ ਦਿੱਤਾ ਹੈ।"

ਆਪਣੀ ਇਸ ਮਨੋ-ਭਾਵਨਾ ਦਾ ਜ਼ਿਕਰ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿਚ ਇੰਝ ਕੀਤਾ ਹੈ :—

ਜੋ ਹਮਰੀ ਬਿਧਿ ਹੋਤੀ, ਮੇਰੇ ਸਤਿਗੁਰਾ,
ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ, ਕੋਈ ਬਾਤ ਨ ਪੂਛਤਾ,
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥

*(ਗਉੜੀ ਬੈਰਾਗਣਿ, ਮਹਲਾ ੪, ਪੰਨਾ ੧੬੭)*

## ਇਕ ਭੁਲੇਖਾ

'ਤਵਾਰੀਖ ਗੁਰੂ ਖਾਲਸਾ' ਅਤੇ 'ਸੂਰਜ ਪ੍ਰਕਾਸ਼' ਵਿਚ ਅੰਕਤ ਇਕ ਸਾਖੀ ਤੋਂ ਇਹ ਭੁਲੇਖਾ ਪੈਂਦਾ ਹੈ ਕਿ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਦੀ ਪ੍ਰਾਪਤੀ ਉਨ੍ਹਾਂ ਦੀ ਪਤਨੀ, ਬੀਬੀ ਭਾਨੀ ਜੀ, ਦੀ ਸੇਵਾ ਅਤੇ ਹਠ ਕਾਰਨ ਹੋਈ ਸੀ। ਸਾਖੀ ਦਾ ਸੰਖੇਪ ਇਸ ਪ੍ਰਕਾਰ ਹੈ :—

ਗੁਰੂ ਰਾਮਦਾਸ ਜੀ ਤੇ ਬੀਬੀ ਭਾਨੀ ਜੀ ਨੇ ਗੁਰੂ ਅਮਰਦਾਸ ਜੀ ਦੀ ਇੰਨੀ ਸੇਵਾ ਕੀਤੀ ਕਿ ਹੋਰ ਕੋਈ ਕਰ ਹੀ ਨਾ ਸਕੇ। ਬੀਬੀ ਦੀ ਡੇਢ ਪਹਿਰ ਰਾਤ ਰਹਿੰਦੀ ਉਠਦੇ ਤੇ ਗੁਰੂ ਪਿਤਾ ਗੁਰੂ ਅਮਰਦਾਸ ਜੀ ਨੂੰ ਇਸ਼ਨਾਨ ਕਰਾਉਂਦੇ। ਇਕ ਦਿਨ ਇਸ਼ਨਾਨ ਸਮੇਂ ਚੌਕੀ ਦਾ ਪਾਵਾ ਟੁੱਟ ਗਿਆ। ਬੀਬੀ ਜੀ ਨੇ ਆਪਣਾ ਪੈਰ ਪਾਵੇ ਦੀ ਥਾਂ ਤੇ ਰੱਖ ਦਿੱਤਾ। ਪੈਰ ਵਿੱਚ ਕਿੱਲ ਖੁੱਭ ਗਈ, ਲਹੂ ਚਲ ਪਿਆ। ਇਸ਼ਨਾਨ ਮਗਰੋਂ ਗੁਰੂ ਜੀ ਨੂੰ ਪਤਾ ਲਗਾ, ਪੈਰ ਵਿਚੋਂ ਕਿੱਲ ਕੱਢਿਆ ਤੇ ਬਚਨ ਕੀਤਾ :

"ਬੀਬੀ ਤੇਰੀ ਸੇਵਾ ਥਾਂਇ ਪਈ ਹੈ, ਕੁਝ ਮੰਗ। ਤਾਂ ਬੀਬੀ ਜੀ ਨੇ ਹੱਥ ਜੋੜ ਕੇ ਆਖਿਆ "ਜੇ ਤੁਠੇ ਹੋ ਤਾਂ ਮੇਰੇ ਪਤੀ ਨੂੰ ਐਸੀ ਗੁਰਿਆਈ ਬਖਸ਼ੋ ਜੋ ਫੇਰ ਮੇਰੀ ਕੁਲ ਵਿਚ ਹੀ ਰਹੇ।"

ਸਾਖੀਕਾਰ ਦੇ ਅਨੁਸਾਰ ਗੁਰੂ ਅਮਰਦਾਸ ਜੀ ਨੇ ਬੀਬੀ ਜੀ ਨੂੰ ਬਹੁਤ ਸਮਝਾਇਆ ਕਿ ਗੁਰਗੱਦੀ ਤੇ ਕੋਈ ਦਾਅਵਾ ਨਹੀਂ ਕੀਤਾ ਜਾ ਸਕਦਾ। "ਪਰ ਬੀਬੀ ਭਾਨੀ ਜੀ ਨੇ ਤ੍ਰਿਆ ਹੱਠ ਨਾ ਛੱਡਿਆ। ਜਿਸ ਦਾ ਫਲ ਦਸਵੇਂ ਗੁਰੂ ਜੀ

ਤੱਕ ਜੋ ਛੇ ਗੁਰੂ ਹੋਏ ਹਨ, ਉਹ ਕਲੇਸ਼ਾਂ ਵਿਚ ਹੀ ਉਮਰ ਕੱਟਦੇ ਰਹੇ ਅਤੇ ਸੋਢੀਆਂ ਦੇ ਘਰ ਗੁਰਿਆਈ ਵੀ ਨਾ ਰਹੀ।"

ਜੇ ਉਪਰੋਕਤ ਸਾਖੀ ਨੂੰ ਠੀਕ ਮੰਨ ਲਿਆ ਜਾਵੇ ਤਾਂ ਮਗਰਲੇ ਸਤਿਗੁਰੂਆਂ ਦੀਆਂ ਸ਼ਹੀਦੀਆਂ, ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਦਾ ਕਾਰਨ ਬੀਬੀ ਭਾਨੀ ਜੀ ਦਾ 'ਤ੍ਰਿਆ ਹੱਠ' ਹੀ ਬਣਦਾ ਹੈ, ਨਾ ਕਿ ਸਮੇਂ ਦੇ ਜ਼ਾਲਮ ਹਾਕਮਾਂ ਦੇ ਜ਼ੁਲਮ। ਫਿਰ ਤਾਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵੀ 'ਧਾਰਮਿਕ ਸੁਤੰਤਰਤਾ' ਦੀ ਖਾਤਰ ਨਾ ਹੋ ਕੇ, ਬੀਬੀ ਭਾਨੀ ਜੀ ਦੇ ਹਠ ਕਾਰਨ ਹੀ ਹੋਈ ਮੰਨੀ ਜਾਵੇਗੀ, ਜੋ ਗੁਰਗੱਦੀ ਦੀ ਬਖਸ਼ਿਸ਼ ਦੇ ਗੁਰਮਤਿ ਆਧਾਰ ਅਤੇ ਇਤਿਹਾਸਕ ਤੌਰ ਤੇ ਗਲਤ ਹੈ।

ਉਂਝ ਉਪ੍ਰੋਕਤ ਘਟਨਾ ਜਿਸ ਤਰ੍ਹਾਂ ਹੋਈ ਬਿਆਨੀ ਗਈ ਹੈ, ਉਹ ਵੀ ਅਸੰਭਵ ਹੈ। ਬੀਬੀ ਜੀ ਗੁਰੂ ਪਿਤਾ ਨੂੰ ਇਸ਼ਨਾਨ ਕਰਾ ਰਹੇ ਸਨ, ਤਾਂ ਉਹਨਾਂ ਦਾ ਧਿਆਨ ਇਸ਼ਨਾਨ ਕਰਾਉਣ ਵਿਚ ਹੋਵੇਗਾ, ਨਾ ਕਿ ਉਹ ਲਗਾਤਾਰ ਪਾਵੇ ਵੱਲ ਵੇਖ ਰਹੇ ਹੋਣਗੇ। ਜੇ ਪਾਵਾ ਟੁੱਟ ਹੀ ਗਿਆ, ਤਾਂ ਉਨ੍ਹਾਂ ਨੇ ਇੰਨੀ ਫੁਰਤੀ ਨਾਲ ਚੌਂਕੀ ਹੇਠ ਪੈਰ ਕਿਵੇਂ ਰੱਖ ਦਿੱਤਾ? ਪੈਰ ਪਾਵੇ ਹੇਠ ਰੱਖਣ ਲਈ ਬੀਬੀ ਜੀ ਕਾਹਲੀ ਨਾਲ ਹਿਲੇ ਹੋਣਗੇ। ਇਸ ਹਿਲਜੁਲ ਦਾ ਗੁਰੂ ਜੀ ਦੇ ਬਿਰਧ ਸਰੀਰ ਤੇ ਅਸਰ ਹੋਣਾ ਲਾਜ਼ਮੀ ਸੀ। ਉਹ ਵੀ ਨਹੀਂ ਹੋਇਆ, ਉਧਰ ਬੀਬੀ ਜੀ ਬੜੇ ਸਹਿਜ ਨਾਲ ਇਸ਼ਨਾਨ ਕਰਾਉਂਦੇ ਰਹੇ। ਸੋ ਇਹ ਸਾਖੀ ਹੀ ਮਨੋਕਲਪਿਤ ਹੈ।

ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਪ੍ਰਾਪਤ ਹੋਣ ਦਾ ਅਸਲ ਕਾਰਨ ਤਾਂ ਉਹ ਹੀ ਹੈ, ਜਿਸ ਦੀ ਚਰਚਾ ਅਸੀਂ ਪਹਿਲਾਂ ਹੀ ਵਿਸਥਾਰ ਨਾਲ ਕਰ ਚੁੱਕੇ ਹਾਂ। ਉਨ੍ਹਾਂ ਨੂੰ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਦੇ ਯੋਗ ਜਾਣਕੇ ਅਤੇ ਗੁਰਮਤਿ-ਗੁਣਾਂ ਨਾਲ ਭਰਪੂਰ ਹੋਣ ਕਰਕੇ ਹੀ ਗੁਰਿਆਈ ਮਿਲੀ ਸੀ।

ਰਾਮਕਲੀ ਕੀ ਵਾਰ ਵਿਚ ਰਬਾਬੀ ਸੱਤਾ ਤੇ ਬਲਵੰਡ ਨੇ ਇਸ ਗੱਲ ਨੂੰ ਜ਼ੋਰ ਨਾਲ ਆਖਿਆ ਹੈ ਕਿ ਪ੍ਰਭੂ ਅਕਾਲ ਪੁਰਖ ਨੇ ਗੁਰੂ ਰਾਮਦਾਸ ਨੂੰ ਆਪ ਪੈਦਾ ਕੀਤਾ ਹੈ, ਤੇ ਆਪ ਹੀ ਸੋਹਣਾ ਬਣਾਇਆ ਹੈ। ਪ੍ਰਭੂ ਨੇ ਆਪਣੇ ਆਪ ਨੂੰ ਗੁਰੂ ਰਾਮਦਾਸ ਵਿਚ ਟਿਕਾਅ ਦਿੱਤਾ ਹੈ ਅਤੇ ਇਹ ਇਕ ਮੁਕੰਮਲ ਕਰਾਮਾਤ ਹੋਈ ਹੈ। ਸਭ ਸਿੱਖਾਂ ਨੇ ਤੇ ਸੰਗਤਾਂ ਨੇ ਉਸ ਨੂੰ ਅਕਾਲ ਪੁਰਖ ਦਾ ਰੂਪ ਜਾਣਕੇ ਬੰਦਨਾ ਕੀਤੀ ਹੈ :

ਧੰਨੁ ਧੰਨੁ ਰਾਮਦਾਸ ਗੁਰੁ, ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ, ਆਪਿ ਸਿਰਜਣਹਾਰੈ ਧਾਰਿਆ॥
ਸਿਖੀ ਅਤੈ ਸੰਗਤੀ, ਪਾਰਬ੍ਰਹਮੁ ਕਰਿ ਨਮਸਕਾਰਿਆ॥

*(ਪੰਨਾ ੯੬੮)*

ਸੋ ਗੁਰੂ ਰਾਮਦਾਸ ਜੀ ਪ੍ਰਭੂ ਅਤੇ ਸਤਿਗੁਰੂ (ਗੁਰੂ ਅਮਰਦਾਸ ਜੀ) ਦੀ ਮਰਜ਼ੀ ਨਾਲ ਹੀ ਗੁਰੂ ਬਣੇ ਸਨ, ਨਾ ਕਿ ਕਿਸੇ ਹੋਰ ਕਾਰਨ ਕਰਕੇ।

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਮਿਲਣ ਦਾ ਜ਼ਿਕਰ ਭੱਟ ਨਲ੍ਹ ਜੀ ਇਉਂ ਕਰਦੇ ਹਨ :-

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥ (ਪੰਨਾ ੧੩੯੯)

ਭਾਵ ਪ੍ਰਭੂ ਨੇ ਰਾਜ ਅਤੇ ਯੋਗ ਦਾ ਤਖਤ (ਗੱਦੀ) ਸ੍ਰੀ ਗੁਰੂ ਰਾਮਦਾਸ ਜੀ ਨੂੰ ਦਿੱਤਾ ਹੈ। 'ਰਾਜ' ਜਿਥੇ ਸੰਸਾਰਿਕ ਪ੍ਰਭੂ-ਸੱਤਾ ਦਾ ਲਖਾਇਕ ਹੈ, ਉਥੋਂ 'ਯੋਗ' ਅਧਿਆਤਮਕ ਪ੍ਰਭੂ-ਸੱਤਾ ਦਾ ਲਖਾਇਕ ਹੈ।

ਰਾਜ ਅਤੇ ਯੋਗ ਦੀ ਗੱਲ ਨੂੰ ਸਮਝਾਉਂਦਿਆਂ ਹੋਇਆਂ ਭੱਟ ਕਲਸਹਾਰ ਜੀ ਫੁਰਮਾਨ ਕਰਦੇ ਹਨ ਕਿ ਸਤਿਗੁਰੂ ਰਾਮਦਾਸ ਜੀ ਨੇ ਅਕਾਲ ਪੁਰਖ ਦੀ ਸਿਫਤ-ਸਲਾਹ ਰੂਪੀ ਚੰਦੋਆ ਤਾਣਿਆ ਹੈ। ਸਾਰੇ ਯੁਗ (ਭਾਵ, ਸਾਰੇ ਯੁਗਾਂ ਦੇ ਜੀਵ) ਉਸਦੇ ਹੇਠ ਆ ਟਿਕੇ ਹਨ। ਗਿਆਨ ਆਪਦੇ ਹੱਥ ਵਿਚ ਨੇਜਾ ਹੈ, ਅਕਾਲ ਪੁਰਖ ਦਾ ਨਾਮ ਆਪਦਾ ਸਹਾਰਾ ਹੈ, ਜਿਸ ਦੀ ਬਰਕਤ ਨਾਲ ਸਾਰੇ ਭਗਤ ਰੱਜ ਰਹੇ ਹਨ। ਇਸੇ ਨਾਮ ਦੀ ਬਰਕਤ ਨਾਲ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਜੀ ਅਤੇ ਹੋਰ ਭਗਤ ਅਕਾਲ-ਪੁਰਖ ਵਿਚ ਲੀਨ ਹੋਏ ਹਨ। ਹੇ ਗੁਰੂ ਰਾਮਦਾਸ ਜੀ! ਆਪ ਨੇ ਭੀ ਰਾਜ ਯੋਗ ਦੇ ਇਸ ਸੁਆਦ ਨੂੰ ਪਛਾਣਿਆ ਹੈ :-

ਸਤਿਗੁਰਿ ਖੇਮਾ ਤਾਣਿਆ, ਜੁਗ ਜੂਥ ਸਮਾਣੇ॥
ਅਨਭਉ ਨੇਜਾ, ਨਾਮੁ ਟੇਕ, ਜਿਤੁ ਭਗਤ ਅਘਾਣੇ॥
ਗੁਰੁ ਨਾਨਕੁ ਅੰਗਦੁ ਅਮਰੁ, ਭਗਤ ਹਰਿ ਸੰਗਿ ਸਮਾਣੇ॥
ਇਹੁ ਰਾਜ ਜੋਗ, ਗੁਰ ਰਾਮਦਾਸ, ਤੁਮ੍ ਹੂ ਰਸੁ ਜਾਣੇ॥੧੨॥

(ਪੰਨਾ ੧੩੯੮)

(ਪਦ ਅਰਥ : ਖੇਮਾ = ਚੰਦੋਆ। ਜੁਗ ਜੂਥ = ਯੁੱਗਾਂ ਦੇ ਸਮੂਹ, ਸਾਰੇ ਯੁਗ। ਅਨਭਉ = ਗਿਆਨ)

ਰਾਜ ਤੇ ਯੋਗ ਦੇ ਤਖਤ ਤੇ ਸੁਭਾਇਮਾਨ ਹੋਣ ਵਾਲੇ ਸਿੱਖ-ਸਤਿਗੁਰਾਂ ਦੇ ਸੀਸ ਤੇ ਛਤਰ ਝੁਲਦਾ ਸੀ। ਇਹ ਛਤਰ ਪ੍ਰਭੂ ਦੇ ਅੱਟਲ-ਰਾਜ ਦਾ ਲਖਾਇਕ ਸੀ। ਇਸ ਤਖਤ-ਛਤਰ ਦੇ ਮਾਲਕਾਂ ਨੇ ਪ੍ਰਭੂ ਦਾ ਹੁਕਮ ਜਗਤ ਵਿੱਚ ਵਰਤਾਇਆ। ਦੀਨ ਅਤੇ ਦੁਨੀਆਂ ਦੋਹਾਂ ਖੇਤਰਾਂ ਵਿਚ ਅਗਵਾਈ ਦਿੱਤੀ।

ਸ੍ਰੀ ਗੁਰੂ ਰਾਮਦਾਸ ਜੀ ਦੇ ਰਾਜ-ਯੋਗ ਦੇ ਤਖਤ ਉਤੇ ਸੁਭਾਇਮਾਨ ਹੋਣ

ਦਾ ਜ਼ਿਕਰ ਭੱਟ ਸੱਲ ਜੀ ਇੰਝ ਕਰਦੇ ਹਨ :

ਸਿਰਿ ਆਤਪਤੁ ਸਚੌ ਤਖਤੁ, ਜੋਗ ਭੋਗ ਸੰਜੁਤੁ ਬਲਿ॥
ਗੁਰ ਰਾਮਦਾਸ, ਸਚੁ ਸਲ੍ਯ ਭਣਿ,
ਤੂ ਅਟਲੁ ਰਾਜਿ ਅਭਗੁ ਦਲਿ॥

*(ਸਵਈਏ, ਮਹਲੇ ਚਉਥੇ ਕੇ, ਪੰਨਾ ੧੪੦੬)*

ਅਰਥ : ਆਪਦੇ ਸਿਰ ਉਤੇ ਛਤਰ ਹੈ, ਆਪ ਦਾ ਤਖਤ ਸਦਾ ਥਿਰ ਹੈ, ਆਪ ਰਾਜ ਅਤੇ ਯੋਗ ਦੋਵੇਂ ਮਾਣਦੇ ਹੋ ਅਤੇ ਬਲੀ ਹੋ। ਹੇ ਸੱਲ ਕਵੀ, ਤੂੰ ਸੱਚ ਆਖ ਹੇ ਰਾਮਦਾਸ! ਤੂੰ ਅੱਟਲ ਰਾਜ ਵਾਲਾ ਤੇ ਨਾ ਨਾਸ਼ ਹੋਣ ਵਾਲੀ ਫ਼ੌਜ ਵਾਲਾ ਹੈਂ।

ਭੱਟ-ਕਵੀ ਕਲਸਹਾਰ ਜੀ ਫ਼ੁਰਮਾਉਂਦੇ ਹਨ ਕਿ ਸੱਚੇ-ਤਖਤ ਤੇ ਬਿਰਾਜਮਾਨ ਹੋ ਕੇ ਗੁਰੂ ਅਮਰਦਾਸ ਜੀ ਨੇ, ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਅਤੇ ਗੁਰੂ ਅੰਗਦ ਦੇਵ ਜੀ ਦੀ ਬਖਸ਼ੀ ਸੁੰਦਰ ਬੁੱਧ ਦੁਆਰਾ ਅਕਾਲ ਪੁਰਖ ਦਾ ਹੁਕਮ ਵਰਤੋਂ ਵਿਚ ਲਿਆਂਦਾ ਹੈ, ਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਇਸੇ ਤਖਤ ਤੇ ਬਿਰਾਜਮਾਨ ਹੋ ਕੇ ਅੱਟਲ ਅਤੇ ਅਬਿਨਾਸ਼ੀ ਹਰੀ ਦੀ ਪਦਵੀ ਪ੍ਰਾਪਤ ਕਰ ਲਈ ਹੈ :

ਨਾਨਕ ਪ੍ਰਸਾਦਿ, ਅੰਗਦ ਸੁਮਤਿ,
ਗੁਰਿ ਅਮਰਿ ਅਮਰੁ ਵਰਤਾਇਓ॥
ਗੁਰ ਰਾਮਦਾਸ ਕਲ੍ਯ੍ਯਚਰੈ
ਤੈਂ ਅਟਲ ਅਮਰ ਪਦੁ ਪਾਇਓ॥

*(ਸਵਈਏ, ਮਹਲੇ ਚਉਥੇ ਕ, ਪੰਨਾ ੧੩੯੭)*

ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਗੱਦੀ ਤੇ ਸੁਭਾਇਮਾਨ ਹੋਣ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ :

ਬੈਠਾ ਸੋਢੀ ਪਾਤਿਸਾਹ, ਰਾਮਦਾਸ ਸਤਿਗੁਰੂ ਕਹਾਵੈ॥
ਪੂਰਨ ਤਾਲ ਖਟਾਇਆ, ਅੰਮ੍ਰਿਤਸਰ ਵਿਚਿ ਜੋਤਿ ਜਗਾਵੈ॥

*(ਵਾਰ ੧, ਪਉੜੀ ੪੭)*

ਭਾਈ ਨੰਦ ਲਾਲ ਸਿੰਘ ਜੀ 'ਗੰਜਿ ਨਾਮਾ' ਵਿਚ ਆਖਦੇ ਹਨ : ... ... ਗੁਰੂ ਨਾਨਕ ਦੀ ਪਹਿਲੀ ਪਾਤਸ਼ਾਹੀ ਨੇ, ਆਪਣੀਆਂ ਨੂਰਾਨੀ ਕਿਰਨਾਂ ਨਾਲ ਰੌਸ਼ਨ ਕੀਤਾ। ਰਾਮਦਾਸ ਗੁਰੂ ਵੀ ਉਸੇ ਨੂਰ ਦਾ ਚੜ੍ਹਦਾ ਪਾਸਾ ਹੈ। ਉਹ ਸਿਦਕ

* (ਜ਼ਿਲਾ ਗੁਰਦਾਸਪੁਰ ਵਿੱਚ ਪਠਾਨਕੋਟ ਤੋਂ ਉਰਲਾ ਸਟੇਸ਼ਨ ਸ਼ਰਨਾ ਹੈ। ਸ਼ਰਨੇ ਤੋਂ ਪਹਾੜ ਵਾਲੇ ਪਾਸੇ ਪੰਜ ਛੇ ਮੀਲਾਂ ਦੀ ਵਿੱਥ ਤੇ ਪਿੰਡ ਬਾਰਠ ਹੈ ਜੋ ਦਰਿਆ ਰਾਵੀ ਦੇ ਕੰਢੇ ਉੱਤੇ ਹੈ।)

ਸਫਾਈ ਦੀ ਸਲਤਨਤ ਦਾ ਨਿਗਾਹਬਾਨ ਹੈ। ਉਹ ਪਾਤਸ਼ਾਹ ਵੀ ਹੈ ਤੇ ਫਕੀਰ ਵੀ....।

ਉਪਰੋਕਤ ਕੁਝ ਪ੍ਰਮਾਣਾਂ ਵਿਚ ਅਸੀਂ ਵੇਖਦੇ ਹਾਂ ਕਿ ਗੁਰੂ ਸਾਹਿਬ ਦੇ ਗੱਦੀ ਨਸ਼ੀਨ ਹੋਣ ਦੀ ਤੁਲਨਾ ਕਿਸੇ ਬਾਂਦਸ਼ਾਹ ਦੇ ਤਖਤ ਤੇ ਬੈਠਣ ਨਾਲ ਕੀਤੀ ਗਈ ਹੈ। ਅਕਾਲ ਪੁਰਖ ਦੇ ਤਖਤ ਤੇ ਬੈਠ ਰੱਬੀ-ਹੁਕਮ ਵਰਤਾਉਣ ਦੀ ਗੱਲ ਵੀ ਕੀਤੀ ਗਈ ਹੈ। ਇਸ ਤੋਂ ਸਿਵਾ 'ਚੰਦੋਆ ਤਾਣਨਾ' 'ਸਿਰ ਤੇ ਛੱਤਰ ਝੁਲਣਾ', 'ਅਟੱਲ-ਰਾਜ ਦੇ ਮਾਲਕ ਹੋਣਾ' 'ਹੱਥ ਵਿਚ ਗਿਆਨ ਦਾ ਨੇਜਾ ਫੜਨਾ' 'ਨਾ ਨਾਸ਼ ਹੋਣ ਵਾਲੀ ਫ਼ੌਜ ਦਾ ਮਾਲਕ ਹੋਣਾ' ..... ਆਦਿਕ ਸ਼ਬਦਾਵਲੀ ਰਾਜ ਦਰਬਾਰ ਅਤੇ ਸੂਰਬੀਰ ਰਾਜਿਆਂ ਲਈ ਵਰਤੀ ਜਾਣ ਵਾਲੀ ਸ਼ਬਦਾਵਲੀ ਹੈ। ਅਜਿਹੇ ਹੋਰ ਅਨੇਕਾਂ ਸ਼ਬਦ ਰਾਮਕਲੀ ਰਾਗ ਵਿਚ ਸਤੇ ਬਲਵੰਡ ਦੀ ਵਾਰ, ਭੱਟਾਂ ਦੇ ਸਵਈਆਂ, ਭਾਈ ਗੁਰਦਾਸ ਜੀ ਦੀ ਬਾਣੀ ਅਤੇ ਹੋਰ ਗਰੰਥਾਂ ਵਿਚ ਵੇਖੇ ਜਾ ਸਕਦੇ ਹਨ।

ਭਾਈ ਬਲਵੰਡ ਰਾਇ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਧਰਮ ਦਾ ਰਾਜ ਸਥਾਪਤ ਕਰਨ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ-

ਨਾਨਕਿ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਨੀਵ ਦੈ॥
ਲਹਣੇ ਧਰਿਓਨੁ ਛਤੁ ਸਿਰਿ, ਕਰਿ ਸਿਫਤੀ ਅੰਮ੍ਰਿਤੁ ਪੀਵਦੈ॥
ਮਤਿ ਗੁਰ ਆਤਮ ਦੇਵ ਦੀ, ਖੜਗਿ ਜੋਰਿ ਪਰਾਕੁਇ ਜੀਅ ਦੈ॥
ਗੁਰਿ ਚੇਲੇ ਰਹਰਾਸਿ ਕੀਈ, ਨਾਨਕਿ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ॥ ੧ ॥
ਲਹਣੇ ਦੀ ਫੇਰਾਈਐ, ਨਾਨਕਾ ਦੋਹੀ ਖਟੀਐ॥
ਜੋਤਿ ਓਹਾ, ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥
ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥
ਕਰਹਿ ਜਿ ਗੁਰ ਫੁਰਮਾਇਆ, ਸਿਲ ਜੋਗੁ ਅਲੂਣੀ ਚਟੀਐ॥

*(ਰਾਮਕਲੀ ਕੀ ਵਾਰ, ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਪੰਨਾ ੯੬੬)*

(ਅਰਥ : ਗੁਰੂ ਨਾਨਕ ਦੇਵ ਜੀ ਨੇ ਸੱਚ-ਰੂਪ ਕਿਲ੍ਹਾ ਬਣਾਕੇ, ਪੱਕੀ ਨੀਂਹ ਰੱਖਕੇ (ਧਰਮ ਦਾ) ਰਾਜ ਚਲਾਇਆ ਹੈ। ਗੁਰੂ ਅਕਾਲ ਪੁਰਖ ਦੀ ਬਖਸ਼ੀ ਹੋਈ ਮਤਿ-ਰੂਪ ਤਲਵਾਰ ਨਾਲ, ਜ਼ੋਰ ਨਾਲ ਅਤੇ ਬਲ ਨਾਲ ਆਤਮਕ ਜ਼ਿੰਦਗੀ ਬਖਸ਼ ਕੇ, ਲਹਿਣਾ ਜੀ ਦੇ ਸਿਰ ਉਤੇ ਜੋ ਕਿ ਸਿਫਤ-ਸਲਾਹ ਕਰਕੇ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਪੀ ਰਹੇ ਸਨ, ਗੁਰੂ ਨਾਨਕ ਦੇਵ ਜੀ ਨੇ (ਗੁਰਿਆਈ ਦਾ) ਛਤਰ ਧਰਿਆ। ਆਪਣੀ ਹੋਂਦ ਵਿਚ ਹੀ ਗੁਰੂ ਨਾਨਕ ਦੇਵ ਜੀ

ਨੇ ਆਪਣੇ ਸਿੱਖ, ਬਾਬਾ ਲਹਿਣਾ ਜੀ ਅੱਗੇ ਮੱਥਾ ਟੇਕਿਆ ਤੇ ਸਤਿਗੁਰੂ ਜੀ ਨੇ ਜਿਉਂਦਿਆਂ ਹੀ ਗੁਰਿਆਈ ਦੇ ਦਿੱਤੀ। ਫਿਰ ਗੁਰੂ ਨਾਨਕ ਸਾਹਿਬ ਦੀ ਵਡਿਆਈ ਦੀ ਧੁੰਮ ਦੀ ਬਰਕਤ ਨਾਲ ਬਾਬਾ ਲਹਿਣਾ ਜੀ ਦੀ ਵਡਿਆਈ ਦੀ ਧੁੰਮ ਪੈ ਗਈ, ਕਿਉਂਕਿ ਉਨ੍ਹਾਂ ਵਿਚ ਵੀ ਉਹੀ (ਗੁਰੂ ਨਾਨਕ ਜੀ ਵਾਲੀ) ਜੋਤਿ ਸੀ ਤੇ ਜੀਵਨ ਦਾ ਢੰਗ ਵੀ ਉਹੀ ਸੀ। ਗੁਰੂ (ਨਾਨਕ ਜੀ) ਨੇ ਕੇਵਲ ਸਰੀਰ ਹੀ ਬਦਲਿਆ ਸੀ। ਹੁਣ ਬਾਬਾ ਲਹਿਣਾ ਜੀ ਦੇ ਸਿਰ ਉੱਤੇ ਰੱਬੀ-ਛੱਤਰ ਝੁਲ ਰਿਹਾ ਹੈ। ਆਪ ਨੇ (ਨਾਮ-ਸੌਦਾ ਵੰਡਣ ਲਈ) ਗੁਰੂ ਦੀ ਹੱਟੀ ਦੀ ਗੱਦੀ ਮੱਲ ਲਈ ਹੈ ਅਤੇ ਗੁਰੂ ਨਾਨਕ ਸਾਹਿਬ ਦੇ ਫੁਰਮਾਏ ਹੋਏ ਹੁਕਮ ਨੂੰ ਪਾਲ ਰਹੇ ਹਨ। ਹੁਕਮ ਪਾਲਣ ਰੂਪੀ ਜੋਗ ਦੀ ਕਮਾਈ ਅਲੂਣੀ ਸਿਲ ਚੱਟਣ ਵਾਂਗ ਬੜੀ ਔਖੀ ਕਾਰ ਹੈ।)

ਧਾਰਮਿਕ ਜਗਤ ਵਿੱਚ ਰਾਜਨੀਤਿਕ ਸ਼ਬਦਾਵਲੀ ਦਾ ਵਰਤਿਆ ਜਾਣਾ ਕੋਈ ਸਹਿਜ ਸੁਭਾਅ ਹੋਈ ਗੱਲ ਨਹੀਂ ਸੀ। ਸਗੋਂ ਇਹ ਸਤਿਗੁਰਾਂ ਦੁਆਰਾ ਸਮਾਜ ਨੂੰ ਧਾਰਮਿਕ, ਸਮਾਜਕ ਖੇਤਰਾਂ ਦੇ ਨਾਲ-ਨਾਲ ਰਾਜਨੀਤਿਕ ਖੇਤਰ ਵਿਚ ਅਗਵਾਈ ਦੇਣ ਦਾ ਪ੍ਰਤੀਕ ਸੀ। ਸਿੱਖ ਸਤਿਗੁਰਾਂ ਦੁਆਰਾ ਬਖਸ਼ੀ ਸਿਆਸੀ ਸੂਝ ਕਾਰਨ ਸਿੱਖਾਂ ਦੇ ਮਨਾਂ ਵਿਚੋਂ ਵੇਲੇ ਦੇ ਹਾਕਮਾਂ ਦਾ ਡਰ ਜਾਂਦਾ ਰਿਹਾ ਸੀ। ਸਿੱਖ ਉਨ੍ਹਾਂ ਨੂੰ 'ਏ ਭੂਪਤਿ ਸਭ ਦਿਵਸ ਚਾਰ ਕੇ' ਅਤੇ 'ਝੂਠੇ ਕਰਤ ਦਿਵਾਜਾ' ਸਮਝਣ ਲਗ ਪਏ ਸਨ। ਉਹ ਰਾਜਿਆਂ ਨੂੰ 'ਝੂਠੇ ਬਾਦਸ਼ਾਹ' ਤੇ ਗੁਰੂ-ਸਾਹਿਬਾਨ ਨੂੰ ਸੱਚਾ ਪਾਤਸ਼ਾਹ ਆਖਣ ਲੱਗ ਪਏ ਸਨ। ਸਿੱਖ-ਸੰਗਤਾਂ ਵਿਚ ਆਈ ਰਾਜਨੀਤਿਕ ਚੇਤਨਤਾ ਦਾ ਜ਼ਿਕਰ ਡਾ: ਜੀਤ ਸਿੰਘ 'ਸੀਤਲ' ਨੇ ਬੜੇ ਹੀ ਭਾਵਪੂਰਤ ਸ਼ਬਦਾਂ ਵਿਚ ਕੀਤਾ ਹੈ। ਆਪ ਲਿਖਦੇ ਹਨ :

..... ਗੁਰੂ ਰਾਮਦਾਸ ਜੀ ਤੋਂ ਉਹ ਮਿਸ਼ਨ ਤੇ ਮਨੋਰਥ ਜੋ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਸਥਾਪਨਾ ਨਾਲ ਆਰੰਭ ਕੀਤਾ ਸੀ, ਦਿਨ-ਬ-ਦਿਨ ਪ੍ਰਫੁਲਤ ਤੇ ਵਿਕਸਤ ਹੋਣ ਲੱਗਾ ਤੇ ਜੋ ਰਾਜ-ਸਤਾਣੀ ਦੀ ਸ਼ਬਦਾਵਲੀ ਗੁਰੂ ਨਾਨਕ ਨੇ ਸੰਸਾਰੀ ਬਾਦਸ਼ਾਹਾਂ ਦੇ ਪ੍ਰਥਾਇ ਵਰਤਕੇ ਸੱਚੀ ਪਾਤਸ਼ਾਹੀ ਤੇ ਲਾਗੂ ਕਰਨੀ ਸੀ, ਉਹ ਵਾਸਤਵਿਕ ਰੂਪ ਧਾਰਨ ਕਾਰਨ ਲੱਗੀ।

ਰਾਮਦਾਸ ਗੁਰੂ ਪਹਿਲੀ ਵਾਰ ਸੋਢੀ ਸੁਲਤਾਨ ਨਾਮ ਨਾਲ ਪ੍ਰਸਿੱਧ ਹੋਣ ਲੱਗੇ। 'ਸੁਲਤਾਨ' ਅਰਬੀ ਦਾ ਸ਼ਬਦ ਹੈ, ਜਿਸ ਦੇ ਅਰਥ ਹਨ : ਸੁਤੰਤਰ ਬਾਦਸ਼ਾਹ, ਸ਼ਹਿਨਸ਼ਾਹ, ਮੁਤਲਿਕ ਸ਼ਕਤੀ ਦਾ ਸੁਆਮੀ, ਪੂਰਨ ਅਧਿਕਾਰ ਤੇ ਸ਼ਾਸਨ ਦਾ ਮਾਲਕ, ਜਿਸ ਦਾ ਸ਼ਬਦ ਹੀ ਕਾਨੂੰਨ ਸੀ ਤੇ ਜਿਸ ਦੇ ਫੁਰਮਾਨ ਜਾਂ

ਹੁਕਮ ਨੂੰ ਦੁਨੀਆਂ ਦੀ ਕੋਈ ਸ਼ਕਤੀ ਮੋੜ ਨਹੀਂ ਸਕਦੀ ਸੀ।.....

ਦੇਸ਼ ਦੀ ਅਧੋਗਤੀ ਤੇ ਮੰਦੀ ਮਾਨਸਿਕ ਸਥਿਤੀ ਨੂੰ ਵੇਖ ਕੇ ਗੁਰੂ ਨਾਨਕ ਜੀ ਨੇ 'ਸੱਚ ਦਾ ਰਾਜ' ਤੇ 'ਸੱਚ ਦਾ ਅਮਰ' ਚਲਾਇਆ। ਸਿੱਖ ਧਰਮ ਦੇ ਨਿਤਾਪ੍ਰਤਿ ਨੇਮ ਤੇ ਕਰਮ ਦੀ ਸਾਰੀ ਸ਼ਬਦਾਵਲੀ ਹੀ ਸੁਲਤਾਨਾਂ ਵਾਲੀ ਪ੍ਰਚਲਤ ਕਰ ਦਿੱਤੀ। ਝੂਠੇ ਸੁਲਤਾਨਾਂ ਦੀ ਥਾਂ ਸੱਚੇ ਸੁਲਤਾਨ ਅਤੇ ਸੰਸਾਰੀ ਪਾਤਸ਼ਾਹਾਂ ਦੇ ਟਾਕਰੇ ਤੇ ਸਿੱਖ-ਗੁਰੂ 'ਸੱਚੇ ਪਾਤਸ਼ਾਹ' ਦੇ ਨਾਮ ਨਾਲ ਗੁਰਸਿੱਖਾਂ ਦੇ ਹਿਰਦਿਆਂ ਤੇ ਸੱਚਾ ਰਾਜ ਕਰਨ ਲਗੇ। ਸੁਲਤਾਨ ਜਾਂ ਬਾਦਸ਼ਾਹ ਦੇ ਦਰਬਾਰ ਦੀ ਥਾਂ 'ਗੁਰੂ ਦੇ ਦਰਬਾਰ' ਜਾਂ 'ਦਰਬਾਰ ਸਾਹਿਬ' ਨੇ ਲੈ ਲਈ। ਬਾਦਸ਼ਾਹਾਂ ਦੇ ਦੀਵਾਨਾਂ ਦੀ ਤਰ੍ਹਾਂ ਸੰਗਤਾਂ ਦੇ ਦੀਵਾਨ ਲੱਗਣ ਲੱਗੇ। ਸੱਚਾ ਗੁਰੂ ਸੱਚੇ ਤਖਤ ਪੁਰ ਬਿਰਾਜਮਾਨ ਹੋਣ ਲੱਗਾ ਤੇ ਸੇਵਾਦਾਰ (ਚਵਰ ਬਰਦਾਰ) ਸੀਸ ਪੁਰ ਚਵਰ ਝੁਲਾਣ ਲੱਗਾ। ਇਹ ਰੀਤ ਅੱਜ ਤੱਕ ਕਾਇਮ ਹੈ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਸਿੱਖ-ਸੰਗਤਾਂ ਦੇ ਸੁਲਤਾਨ ਪਾਤਸ਼ਾਹ 'ਤਖਤ ਚਵਰ ਦੇ ਮਾਲਕ ਹਨ।'

ਸਿੱਖ ਸੰਗਤਾਂ ਵਿਚ ਆਈ ਜਾਗਰਤੀ, ਸਮੇਂ ਦੇ ਹਾਕਮਾਂ ਦੇ ਲਈ ਵੰਗਾਰ ਸੀ। ਕਿਸੇ ਹੋਰ ਦਾ 'ਰਾਜਾ' ਕਹਾਉਣ ਤੇ ਦਰਬਾਰ ਲਗਾ ਕੇ ਸ਼ੁਸ਼ੋਭਿਤ ਹੋਣ ਨੂੰ ਸੰਸਾਰੀ ਹੋਣ ਨੂੰ ਸੰਸਾਰੀ ਰਾਜੇ ਸਹਾਰ ਨਹੀਂ ਸਕਦੇ। ਇਸੇ ਲਈ ਜਹਾਂਗੀਰ ਨੇ 'ਤੁਜ਼ਕਿ-ਜਹਾਂਗੀਰੀ' ਵਿਚ ਗੁਰੂ-ਦਰਬਾਰ ਨੂੰ ਝੂਠ ਦੀ ਦੁਕਾਨ ਆਖਿਆ ਹੈ ਤੇ ਕਿਸੇ ਸੰਭਾਵੀ ਬਗਾਵਤ ਤੋਂ ਡਰਕੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ। ਪਰ ਇਸਦੇ ਨਾਲ ਰਾਜ-ਯੋਗ ਦੀ ਵਿਚਾਰਧਾਰਾ ਸਮਾਪਤ ਨਹੀਂ ਹੋਈ ਸਗੋਂ ਇਹ ਮੀਰੀ-ਪੀਰੀ ਦੇ ਸੰਕਲਪ ਵਿਚ ਵਿਕਸਿਤ ਹੋਈ। ਸਿੱਖਾਂ ਦੀ ਰਾਜਧਾਨੀ, ਸ੍ਰੀ ਅੰਮ੍ਰਿਤਸਰ ਵਿਚ, ਗੁਰੂ ਹਰਿਗੋਬਿੰਦ ਪਾਤਸ਼ਾਹ ਨੇ 'ਸ੍ਰੀ ਅਕਾਲ ਤਖਤ' ਦੀ ਰਚਨਾ ਕੀਤੀ, ਜਿਥੋਂ ਸਿੱਖ ਸੰਗਤਾਂ ਦੇ ਨਾਮ ਹੁਕਮਨਾਮੇ ਜਾਰੀ ਹੁੰਦੇ।

ਗੁਰੂ ਦਰਬਾਰ ਦੀ ਚਮਕ-ਦਮਕ ਹੋਰ ਤੇਜਮਈ ਹੋ ਗਈ। ਬਾਹਰ ਚਾਂਦੀ ਦੀਆਂ ਚੋਬਾਂ ਫੜੀ ਚੋਬਦਾਰ ਖਲੋਣ ਲੱਗੇ। ਗੁਰੂ ਦੇ ਸੀਸ ਤੇ ਚੰਦੋਆ ਤਾਣਿਆ ਜਾਂਦਾ, ਚਵਰ ਕੀਤੀ ਜਾਂਦੀ। ਦੀਵਾਨ ਦੀ ਸਮਾਪਤੀ ਤੇ ਗੁਰੂ ਸਾਹਿਬ ਦੇ ਪਰਵਚਨਾਂ ਨੂੰ ਸਿੱਖ ਸ਼ਾਹੀ ਫੁਰਮਾਨਾਂ ਤੋਂ ਵਧੀਕ ਸਤਿਕਾਰ ਦਿੰਦੇ ਤੇ ਇਸ ਨੂੰ 'ਹੁਕਮ' ਲੈਣਾ ਆਖਦੇ। ਫਰਿਆਦਾਂ ਦੀ ਤਰ੍ਹਾਂ 'ਅਰਦਾਸ' ਹੁੰਦੀ। ਨੌਬਤ ਦੀ ਥਾਂ ਨਗਾਰਾ ਵੱਜਣ ਲੱਗਾ। ਰਾਜਿਆਂ ਦੀ ਤਰ੍ਹਾਂ ਗੁਰੂ ਸਾਹਿਬ ਵੀ ਫ਼ੌਜਾਂ ਰੱਖਣ ਲੱਗੇ।

ਇੰਝ ਉਹ ਸੱਚੀ-ਪਾਤਸ਼ਾਹੀ ਜਿਸ ਦੀ ਰੂਪ ਰੇਖਾ ਗੁਰੂ ਨਾਨਕ ਪਾਤਸ਼ਾਹ ਨੇ ਉਲੀਕੀ ਸੀ, ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਹੋਂਦ ਵਿਚ ਆਉਣੀ ਆਰੰਭ ਹੋਈ ਤੇ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਸਮੇਂ ਤੱਕ ਭਰ ਜੁਆਨੀ ਵਿਚ ਪੁੱਜ ਗਈ।

# 5. ਗੁਰਿਆਈ ਦੇ ਮੁੱਢਲੇ ਸਾਲ

## ਇਕਾਂਤ-ਵਾਸ

ਗੁਰੂ ਅਮਰਦਾਸ ਪਾਤਸ਼ਾਹ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਰਾਮਦਾਸ ਜੀ ਨੂੰ ਸੌਂਪ ਕੇ 1 ਸਤੰਬਰ, 1574 ਨੂੰ ਜੋਤੀ ਜੋਤਿ ਸਮਾ ਗਏ। ਉਸ ਸਮੇਂ ਜੋ ਉਪਦੇਸ਼ ਉਨ੍ਹਾਂ ਨੇ ਸਿੱਖ-ਸੰਗਤਾਂ ਨੂੰ ਦਿੱਤੇ ਉਹ ਰਾਮਕਲੀ ਰਾਗ ਵਿਚ ਸਦੁ ਬਾਣੀ ਸਿਰਲੇਖ ਹੇਠ ਦਰਜ ਹਨ, ਜੋ ਕਿ ਉਨ੍ਹਾਂ ਦੇ ਪੜਪੋਤੇ ਬਾਬਾ ਸੁੰਦਰ ਜੀ ਦੀ ਰਚਨਾ ਹੈ। ਇਸ 'ਬਾਣੀ' ਵਿਚ ਜਿਥੇ ਗੁਰੂ ਅਮਰਦਾਸ ਜੀ ਦਾ ਪ੍ਰਲੋਕ ਗਮਨ ਦੀ ਤਿਆਰੀ ਤੇ ਮ੍ਰਿਤਕ-ਕ੍ਰਿਆ ਸੰਬੰਧੀ ਗੁਰ-ਮਰਯਾਦਾ ਦਾ ਜ਼ਿਕਰ ਹੈ, ਉਥੇ ਗੁਰੂ ਰਾਮਦਾਸ ਜੀ ਦੀ ਗੁਰੂ ਬਣਨ ਦਾ ਇੰਝ ਜ਼ਿਕਰ ਕੀਤਾ ਗਿਆ ਹੈ :

ਹਰਿ ਭਾਇਆ ਸਤਿਗੁਰੁ ਬੋਲਿਆ,<br>
ਹਰਿ ਮਿਲਿਆ ਪੁਰਖੁ ਸੁਜਾਣੁ ਜੀਉ॥<br>
ਰਾਮਦਾਸ ਸੋਢੀ ਤਿਲਕੁ ਦੀਆ, ਗੁਰ ਸਬਦੁ ਸਚੁ ਨੀਸਾਣੁ ਜੀਉ॥ ੫॥<br>
ਸਤਿਗੁਰੁ ਪੁਰਖੁ ਜਿ ਬੋਲਿਆ, ਗੁਰਸਿਖਾ ਮੰਨਿ ਲਈ ਰਜਾਇ ਜੀਉ॥<br>
ਮੋਹਰੀ ਪੁਤੁ ਸਨਮੁਖੁ ਹੋਇਆ, ਰਾਮਦਾਸੈ ਪੈਰੀ ਪਾਇ ਜੀਉ॥<br>
ਸਭ ਪਵੈ ਪੈਰੀ ਸਤਿਗੁਰੂ ਕੇਰੀ, ਜਿਥੈ ਗੁਰੂ ਆਪੁ ਰਖਿਆ॥<br>
ਕੋਈ ਕਰਿ ਬਖੀਲੀ ਨਿਵੈ ਨਾਹੀ<br>
ਫਿਰਿ ਸਤਿਗੁਰੂ ਆਣਿ ਨਿਵਾਇਆ॥<br>
ਹਰਿ ਗੁਰਹਿ ਭਾਣਾ ਦੀਈ ਵਡਿਆਈ,<br>
ਧੁਰਿ ਲਿਖਿਆ ਲੇਖੁ ਰਜਾਇ ਜੀਉ॥<br>
ਕਹੈ ਸੁੰਦਰੁ ਸੁਣਹੁ ਸੰਤਹੁ, ਸਭੁ ਜਗਤੁ ਪੈਰੀ ਪਾਇ ਜੀਉ॥ ੬॥

*(ਰਾਮਕਲੀ, ਸਦੁ, ਪੰਨਾ ੯੨੩)*

ਅਰਥ : ਅਕਾਲ ਪੁਰਖ ਨੂੰ ਪਿਆਰੇ ਲੱਗੇ ਹੋਏ ਗੁਰੂ (ਅਮਰਦਾਸ ਜੀ) ਨੇ ਉਸ ਵੇਲੇ ਇਉਂ ਆਖਿਆ- "ਸਤਿਗੁਰੂ ਨੂੰ ਸੁਜਾਣ ਅਕਾਲ ਪੁਰਖ ਮਿਲ ਗਿਆ ਹੈ।" ਫਿਰ ਗੁਰੂ ਅਮਰਦਾਸ ਜੀ ਨੇ ਸੋਢੀ (ਗੁਰੂ) ਰਾਮਦਾਸ ਜੀ ਨੂੰ ਗੁਰਿਆਈ ਬਖਸ਼ੀ ਅਤੇ ਗੁਰ-ਸ਼ਬਦ ਰੂਪੀ ਸੱਚੀ ਰਾਹਦਾਰੀ ਬਖਸ਼ੀ। ਗੁਰੂ ਅਮਰਦਾਸ ਜੀ ਦੇ ਬਚਨ ਕਰਨ ਤੇ, ਸਭ ਸਿੱਖਾਂ ਨੇ ਉਹਨਾਂ ਦਾ ਹੁਕਮ ਮੰਨ ਲਿਆ। ਉਨ੍ਹਾਂ ਦੇ ਪੁੱਤਰ ਬਾਬਾ ਮੋਹਰੀ ਜੀ ਗੁਰੂ ਰਾਮਦਾਸ ਜੀ ਦੇ ਪੈਰਾਂ ਤੇ ਸੀਸ ਨਿਵਾਕੇ, ਪਿਤਾ (ਗੁਰੂ ਅਮਰਦਾਸ ਜੀ) ਦੇ ਸਾਹਮਣੇ ਸੁਰਖਰੂ ਹੋ ਕੇ ਆ ਖਲੋਤੇ। ਗੁਰੂ ਰਾਮਦਾਸ ਜੀ ਵਿਚ ਗੁਰੂ ਅਮਰਦਾਸ ਜੀ ਨੇ ਆਪਣੀ ਆਤਮਾ ਟਿਕਾ ਦਿੱਤੀ, ਇਸ ਲਈ ਸਾਰੀ

ਲੋਕਾਈ ਗੁਰੂ ਰਾਮਦਾਸ ਜੀ ਦੇ ਪੈਰੀਂ ਆ ਪਈ। ਜੇ ਕੋਈ ਨਿੰਦਕ ਪਹਿਲਾਂ ਨਹੀਂ ਸੀ ਨਿਵਿਆਂ, ਉਸਨੂੰ ਭੀ ਗੁਰੂ ਅਮਰਦਾਸ ਜੀ ਨੇ ਲਿਆ ਕੇ ਪੈਰੀਂ ਪਾਇਆ। ਸੁੰਦਰ ਆਖਦਾ ਹੈ -ਹੇ ਸੰਤਹੁ! ਸੁਣੋ, ਅਕਾਲ ਪੁਰਖ ਅਤੇ ਗੁਰੂ ਅਮਰਦਾਸ ਜੀ ਨੂੰ ਇਹੀ ਚੰਗਾ ਲੱਗਾ, ਉਨ੍ਹਾਂ ਗੁਰੂ ਰਾਮਦਾਸ ਜੀ ਨੂੰ ਵਡਿਆਈ ਬਖਸ਼ੀ, ਧੁਰੋਂ ਅਕਾਲ ਪੁਰਖ ਦਾ ਇਹੀ ਹੁਕਮ ਲਿਖਿਆ ਆਇਆ ਸੀ, ਇਸੇ ਵਾਸਤੇ ਸਾਰਾ ਜਗਤ ਗੁਰੂ ਰਾਮਦਾਸ ਜੀ ਦੀ ਪੈਰੀਂ ਪਿਆ ੬।

ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਰੀ ਜੀ ਨੇ ਤਾਂ ਗੁਰੂ ਰਾਮਦਾਸ ਜੀ ਨੂੰ ਸੱਚੇ ਦਿਲੋਂ ਗੁਰੂ ਸਵੀਕਾਰ ਕਰ ਲਿਆ, ਪਰ ਬਾਬਾ ਮੋਹਨ ਜੀ ਹਉਮੈ ਵਸ ਪਿਤਾ ਗੁਰੂ ਦੇ ਹਾਕਮਾਂ ਤੇ ਨਾ ਚੱਲੇ, ਸਗੋਂ ਕਮਲਿਆਂ ਵਾਂਗ ਗੁਰੂ-ਨਿੰਦਿਆ ਕਰਨ ਲਗ ਪਏ। ਦੁਬਿਧਾ ਵਧਦੀ ਦੇਖ ਕੇ ਗੁਰੂ ਰਾਮਦਾਸ ਜੀ ਇਕਾਂਤ ਵਿਚ ਚਲੇ ਗਏ। ਘਰ ਵਿਚ ਹੀ ਰਹਿੰਦੇ ਤੇ ਦੀਵਾਨ ਵਿਚ ਨਾ ਆਉਂਦੇ। ਇਹ ਸਮਾਂ ਉਹਨਾਂ ਬਿਰਹੋਂ ਦੀ ਸੱਟ ਖਾ ਕੇ ਪ੍ਰੇਮ ਦੀ ਕਸਕ ਵਿਚ ਗੁਜ਼ਾਰਿਆ, ਪ੍ਰਭੂ-ਚਰਨਾਂ ਵਿਚ ਲੀਨ ਰਹੇ।

ਇਕਾਂਤ-ਵਾਸ ਦਾ ਸਮਾਂ ਸਿੱਖਾਂ ਦੇ ਗੁਰੂ-ਪਿਆਰ ਤੇ ਸ਼ਰਧਾ ਦਾ ਟੈਸਟ ਸੀ। ਬਾਬਾ ਮੋਹਨ ਜੀ ਤੇ ਕੁਝ ਹੋਰ ਨਿੰਦਕਾਂ ਦੀਆਂ ਹਰਕਤਾਂ ਦਾ ਸੰਗਤਾਂ ਤੇ ਸਗੋਂ ਉਲਟਾ ਅਸਰ ਹੋਇਆ। ਸੰਗਤਾਂ ਗੁਰੂ-ਦਰਸ਼ਨਾਂ ਲਈ ਬਿਹਬਲ ਹੋ ਉਠੀਆਂ। ਕੁਝ ਮੁਖੀ ਸਿੱਖ ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਇਕੱਤਰ ਹੋਏ। ਸਿੱਖ ਇਤਿਹਾਸ ਨੇ ਉਨ੍ਹਾਂ ਦੇ ਨਾਮ ਭਾਈ ਸਚਨਿ-ਸਚ, ਮਾਣਕ ਚੰਦ, ਡਲੇ ਨਿਵਾਸੀ ਸਿੱਖ, ਭਾਈ ਸਾਵਣ ਮੱਲ, ਭਾਈ ਮਾਈ ਦਾਸ, ਭਾਈ ਗੰਗੋ ਜੀ, ਬੀਬੀ ਮਥੋ ਤੇ ਮੁਰਾਰੀ, ਭਾਈ ਫਿਰਿਯਾ ਕਟਾਰਾ, ਭਾਈ ਖੇਡਾ ਸਇਨੀ, ਭਾਈ ਬੇਣੀ ਪੰਡਿਤ, ਭਾਈ ਹਿੰਦਾਲ ਆਦਿ ਦਿੱਤੇ ਹਨ। ਬਾਬਾ ਮੋਹਰੀ ਜੀ ਵੀ ਨਾਲ ਸਨ।

ਬਾਬਾ ਬੁੱਢਾ ਜੀ ਤੇ ਹੋਰ ਸਿੱਖ ਗੁਰੂ ਜੀ ਪਾਸ ਚੁਪ ਚਾਪ ਜਾ ਬੈਠੇ। ਗੁਰੂ ਜੀ ਪ੍ਰਭੂ-ਭਗਤੀ ਵਿਚ ਲੀਨ ਸਨ। ਨੈਣ ਖੋਹਲੇ ਤਾਂ ਬਾਬਾ ਜੀ ਨੇ ਬੇਨਤੀ ਕੀਤੀ ਕਿ ਸੰਗਤਾਂ ਵਿਆਕੁਲ ਫਿਰ ਰਹੀਆਂ ਹਨ। ਗੁਰੂ ਅਮਰਦਾਸ ਜੀ ਆਪ ਜੀ ਨੂੰ ਆਪਣੀ ਥਾਂ ਬਿਠਾ ਗਏ ਹਨ, ਹੁਣ ਹੋਰ ਨਾ ਤਰਸਾਓ :

'ਸਭਿਹਿਨ ਮਹਿ ਬੈਠਹੁ ਹਰਖਾਵਹੁ।
ਉਪਦੇਸਹੁ ਸਤਿਨਾਮ ਜਪਾਵਹੁ।

ਸੰਗਤਾਂ ਦਾ ਪ੍ਰੇਮ ਵੇਖ ਕੇ ਆਪ ਨੇ ਇਕਾਂਤ-ਵਾਸ ਤਿਆਗ ਦਿੱਤਾ ਅਤੇ ਰੋਜ਼ ਦੀਵਾਨ ਵਿਚ ਸੰਗਤਾਂ ਨੂੰ ਦਰਸ਼ਨ-ਦੀਦਾਰੇ ਦੇਣ ਲਗੇ ਅਤੇ ਗੁਰਗੱਦੀ ਦੀ ਜ਼ਿੰਮੇਵਾਰੀ ਨਿਭਾਉਣ ਲਗੇ। ਸੰਗਤਾਂ ਦੀ ਪ੍ਰਸੰਨਤਾ ਦੀ ਹੱਦ ਨਾ ਰਹੀ। ਗੁਰੂ ਜੀ ਨੂੰ ਆਪਣੇ ਵਿਚਕਾਰ ਵੇਖ, ਸਿੱਖ ਇਸ ਤਰ੍ਹਾਂ ਚਹਿਕੇ ਜਿਵੇਂ ਚਕੋਰ ਚੰਨ ਨੂੰ ਦੇਖਕੇ

ਖੁਸ਼ੀਆਂ ਵਿਚ ਝੂਮਦਾ ਹੈ :-

ਸਤਿਗੁਰ ਮੁਖ ਦੇਖ ਸੰਗਤ ਬਿਗਸਾਇ॥
ਜਿਮ ਚੰਦ ਚਕੋਰ ਨਿਰਖਤ ਟਕ ਲਾਇ॥

### ਗੁਰ ਦਰਬਾਰ ਵਿਚ ਸਿੱਧਾਂ ਦਾ ਆਉਣਾ।

ਸਿਧ-ਯੋਗੀਆਂ ਦਾ ਉਦੋਂ ਕਾਫੀ ਪ੍ਰਭਾਵ ਸੀ। ਜਿਥੇ ਇਹ ਕਰਾਮਾਤੀ ਸ਼ਕਤੀਆਂ (ਨਾਟਕਾਂ-ਚੇਟਕਾਂ) ਨਾਲ ਆਮ ਸੰਸਾਰੀਆਂ ਨੂੰ ਭਰਮਾਈ ਰੱਖਦੇ ਸਨ, ਉਥੇ ਧਰਮ-ਸਿਧਾਂਤਾਂ ਦੀ ਚਰਚਾ ਵਿਚ ਵੀ ਪਰਬੀਨ ਸਨ। ਇਨ੍ਹਾਂ ਦਾ ਵਾਹ, ਗੁਰੂ ਨਾਨਕ ਦੇਵ ਜੀ ਨਾਲ ਗੋਰਖ ਮਤੇ (ਹੁਣ ਨਾਨਕ ਮਤਾ), ਸੁਮੇਰ ਪਰਬਤ ਤੇ ਅਚੱਲ ਵਟਾਲੇ ਪਿਆ ਸੀ। ਇਨ੍ਹਾਂ ਨੇ ਆਪਣੇ ਮੱਤ ਦੀਆਂ ਖੂਬੀਆਂ ਨੂੰ ਬੜੀ ਚਤੁਰਾਈ ਨਾਲ ਪੇਸ਼ ਕੀਤਾ ਸੀ। ਪਰ ਗੁਰੂ ਜੀ ਦੀਆਂ ਅਕੱਟ ਦਲੀਲਾਂ ਅਤੇ ਗੁਰਮਤਿ-ਮਾਰਗ ਦੀ ਵਿਆਖਿਆ ਕਾਰਨ ਇਨ੍ਹਾਂ ਨੂੰ ਹਮੇਸ਼ਾ ਹੀ ਮੂੰਹ ਦੀ ਖਾਣੀ ਪਈ ਸੀ। 'ਧੰਨ ਨਾਨਕ ਤੇਰੀ ਵਡੀ ਕਮਾਈ' ਅਤੇ 'ਵੱਡਾ ਪੁਰਖੁ ਪ੍ਰਗਟਿਆ, ਕਲਿਜੁਗ ਅੰਦਰ ਜੋਤ ਜਗਾਈ' ਆਖ ਕੇ ਸਤਿਗੁਰਾਂ ਅਤੇ ਗੁਰਮਤਿ ਦੀ ਉਚਤਾ ਅਗੇ ਉਨ੍ਹਾਂ ਨੂੰ ਸੀਸ ਨਿਵਾਉਣਾ ਪਿਆ ਸੀ। ਗੁਰੂ ਅੰਗਦ-ਪਾਤਸ਼ਾਹ ਦੇ ਦਰਬਾਰ ਵਿਚ ਵੀ ਆਏ ਸਨ, ਪਰ ਸਤਿਗੁਰਾਂ ਦੀ 'ਗਰੀਬੀ-ਗਦਾ' ਦੇ ਭਉ ਕਾਰਨ ਨਮਸਕਾਰਾਂ ਕਰਦੇ ਚਲੇ ਗਏ ਸਨ।

ਗੁਰੂ ਰਾਮਦਾਸ ਜੀ ਦੇ ਗੱਦੀ ਨਸ਼ੀਨ ਹੋਣ ਮਗਰੋਂ ਵੀ ਸਿੱਧਾਂ ਦਾ ਟੋਲਾ ਇਕ ਦਿਨ ਗੁਰ-ਦਰਬਾਰ ਵਿਚ ਆ ਪੁੱਜਾ। ਹਠੀ ਸੁਭਾਅ ਮੁਤਾਬਿਕ ਚਰਚਾ ਆਰੰਭ ਕਰ ਦਿੱਤੀ। ਸਤਿਗੁਰਾਂ ਨੂੰ ਆਖਣ ਲੱਗੇ ਕਿ ਤੁਸੀਂ ਸਿੱਖਾਂ ਨੂੰ ਅਸ਼ਟ-ਯੋਗ ਤਾਂ ਸਿਖਾਉਂਦੇ ਨਹੀਂ। ਉਸ ਤੋਂ ਬਿਨਾਂ ਮਨ ਵਸ ਵਿਚ ਨਹੀਂ ਆ ਸਕਦਾ ਤੇ ਭਟਕਣਾ ਨਹੀਂ ਮਿਟ ਸਕਦੀ। ਮਨ ਦੀ ਸ਼ਾਂਤੀ ਤੋਂ ਬਿਨਾਂ ਆਤਮ ਦਰਸ਼ਨ ਨਹੀਂ ਹੁੰਦਾ। ਆਤਮ ਦਰਸ਼ਨ ਤੋਂ ਬਿਨਾਂ ਜੁਗਤ ਨਹੀਂ, ਤੇ ਜੁਗਤ ਬਿਨਾਂ ਮੁਕਤੀ ਨਹੀਂ, ਵਿਚਾਰੇ ਸਿੱਖਾਂ ਦਾ ਕੀ ਹੋਵੇਗਾ?-

ਹੇ ਗੁਰ ਤੁਮਰੀ ਸੰਗਤ ਦੇਖੀ। ਕੁਛ ਜੋਗ ਸਾਧਨਾ ਜਗਤ ਨ ਪੇਖੀ।
ਬਿਨਾਂ ਜੋਗ ਮਨ ਹੋਇ ਨ ਸ਼ਾਂਤ। ਬਿਨ ਜੋਗ ਨਹੀਂ ਮਿਟੇ ਭ੍ਰਾਂਤ।
ਜੋਗ ਤੇ ਹੋਇ ਗਿਆਨ ਪ੍ਰਗਾਸ। ਪਾਇ ਗਿਆਨ ਮੁਕਤ ਸੁਖ ਰਾਸ।

*(ਸਾਖੀ ਦੂਜੀ, ਪਾਤਸ਼ਾਹੀ ਚੌਥੀ, ਮਹਿਮਾ ਪ੍ਰਕਾਸ਼)*

ਸ਼ਾਂਤ-ਸੁਭਾਅ ਸਤਿਗੁਰੂ ਜੀ ਨੇ ਯੋਗੀਆਂ ਨੂੰ ਬੜੇ ਧੀਰਜ ਨਾਲ ਸਮਝਾਇਆ ਕਿ ਗੁਰਸਿੱਖ ਸ਼ਬਦ-ਗੁਰੂ ਦੀ ਅਗਵਾਈ ਵਿਚ ਚੱਲ ਕੇ ਪ੍ਰਭੂ ਦੀ ਸਿਫਤ-ਸਲਾਹ ਵਿਚ ਚਿੱਤ (ਧਿਆਨ) ਜੋੜਦੇ ਹਨ, ਭਲਕੇ (ਅੰਮ੍ਰਿਤ ਵੇਲੇ) ਉੱਠ

ਕੇ ਹਰਿਨਾਮ ਧਿਆਉਂਦੇ ਹਨ, ਗੁਰ-ਸੰਗਤ ਵਿਚ ਜਾ ਕੇ ਪ੍ਰਭੂ ਦੇ ਗੁਣ ਗਾਇਨ ਕਰਦੇ ਹਨ, ਦਿਨ ਭਰ ਗੁਰ-ਉਪਦੇਸ਼ ਦੀ ਕਮਾਈ ਕਰਦੇ ਹਨ, 'ਹੱਥ ਕਾਰ ਵੱਲ ਚਿਤ ਕਰਤਾਰ ਵੱਲ' ਦੇ ਸੁਨਹਿਰੀ ਉਪਦੇਸ਼ ਨੂੰ ਦ੍ਰਿੜ ਕਰੀ ਰਖਦੇ ਹਨ, ਇਹੀ ਜੀਵਨ ਦੀ ਅਸਲੀ ਜੁਗਤ ਹੈ। ਇਹੀ ਜੁਗਤ ਹੈ, ਜਿਸ ਨਾਲ ਵਿਕਾਰਾਂ ਤੋਂ ਮੁਕਤੀ ਹੋ ਜਾਂਦੀ ਹੈ, ਤੇ ਪ੍ਰਭੂ ਦੀ ਨੇੜਤਾ ਹਾਸਲ ਹੁੰਦੀ ਹੈ। ਗੁਰਸਿੱਖ-ਯੋਗੀ ਮਾਇਆ ਵਿਚ ਉਦਾਸ ਰਹਿੰਦਿਆਂ, ਜਿਥੇ ਆਪਣਾ ਜੀਵਨ ਸਫਲ ਕਰਦੇ ਹਨ, ਉਥੇ ਆਪਣੇ ਆਲੇ-ਦੁਆਲੇ ਨੂੰ ਵੀ ਪ੍ਰਭੂ ਰੰਗਣ ਵਿਚ ਰੰਗ ਦਿੰਦੇ ਹਨ। ਹਰ ਪ੍ਰਾਣੀ-ਮਾਤਰ ਵਿਚ ਪ੍ਰਭੂ ਦੀ ਜੋਤਿ ਜਾਣਕੇ ਸਮਾਜ-ਸੇਵਾ ਵਿਚ ਜੀਵਨ ਬਤੀਤ ਕਰ ਦਿੰਦੇ ਹਨ। ਇਸ ਦੇ ਉਲਟ ਯੋਗੀ ਪਰਵਾਰਿਕ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਕੇ ਪਹਾੜਾਂ-ਜੰਗਲਾਂ ਵਿਚ ਭਟਕਦੇ ਫਿਰਦੇ ਹਨ। ਕਠਿਨ ਸਾਧਨਾਵਾਂ ਕਰਦੇ ਹਨ, ਪਰ ਮਨ ਫਿਰ ਵੀ ਵੱਸ ਵਿਚ ਨਹੀਂ ਆਉਂਦਾ। ਆਵੇ ਵੀ ਕਿਵੇਂ? ਸਰੀਰ ਨੂੰ ਕਸ਼ਟ ਦੇਣ ਨਾਲ ਮਨ ਵੱਸ ਵਿਚ ਨਹੀਂ ਆਉਂਦਾ, ਸਗੋਂ ਗੁਰੂ ਦੱਸੇ ਮਾਰਗ ਤੇ ਚੱਲ ਕੇ, ਪ੍ਰਭੂ ਦੀ ਸਿਫਤ ਸਲਾਹ ਕਰਨ ਨਾਲ ਮਨ ਵੱਸ ਵਿਚ ਆਉਂਦਾ ਹੈ। ਸਾਰੇ ਗਿਆਨ-ਇੰਦਰੇ ਅਤੇ ਕਰਮ-ਇੰਦਰੇ, ਮਨ ਦੇ ਵੱਸ ਵਿਚ ਹਨ। ਜਦ ਮਨ ਠੀਕ ਪਾਸੇ ਤੁਰ ਪਿਆ ਤਾਂ ਸਰੀਰ ਦੇ ਗਿਆਨ ਅਤੇ ਕਰਮ-ਇੰਦਰਿਆਂ ਨੂੰ ਠੀਕ ਰਾਹ ਤੇ ਤੋਰ ਲੈਂਦਾ ਹੈ ਤੇ ਮਨੁੱਖ ਪ੍ਰਭੂ-ਪ੍ਰੀਤ ਰਾਹੀਂ ਪ੍ਰਭੂ ਵਿਚ ਸਮਾਈ (ਲੀਨਤਾ) ਹਾਸਲ ਕਰ ਲੈਂਦਾ ਹੈ। ਇਹੀ ਤਾਂ ਹੈ ਮੁਕਤੀ।

ਗੁਰੂ ਪਾਤਸ਼ਾਹ ਦਾ ਉਪਦੇਸ਼ ਸੁਣਕੇ ਯੋਗੀ ਨਿਰੁੱਤਰ ਹੋ ਗਏ। ਆਏ ਤਾਂ ਸਨ ਸੰਗਤਾਂ ਵਿਚ ਆਪਣੀ ਭੱਲ ਬਣਾਉਣ ਲਈ, ਪਰ ਗੁਰ-ਗਿਆਨ ਦੇ ਪ੍ਰਕਾਸ਼ ਵਿਚ ਆਪਣੇ ਮੱਤ ਦਾ ਖੋਖਲਾਪਨ ਹੀ ਜ਼ਾਹਰ ਕਰਵਾ ਬੈਠੇ।

## ਤਪੇ ਨੇ ਸਿੱਖੀ ਧਾਰਨ ਕੀਤੀ

ਪੰਜਾਬ ਵਿਚ ਸਿੱਧਾਂ, ਯੋਗੀਆਂ, ਨਾਥਾਂ ਦਾ ਬੜਾ ਜ਼ੋਰ ਰਿਹਾ ਹੈ। ਆਮ ਪੇਂਡੂ ਜਨਤਾ ਉਤੇ ਇਹ ਲੋਕ ਜਨਤਾ ਦੀ ਸਮਝ ਵਿਚ ਨਾ ਆ ਸਕਣ ਵਾਲੇ ਕੌਤਕਾਂ (ਕਰਾਮਾਤਾਂ) ਦੇ ਕਾਰਨ ਆਪਣਾ ਪ੍ਰਭਾਵ ਜਮਾਈ ਰੱਖਣ ਵਿਚ ਕਾਫੀ ਸਫਲ ਰਹੇ ਹਨ। ਇਸੇ ਤਰ੍ਹਾਂ ਸਾਧਾਂ ਦੀ ਇਕ ਹੋਰ ਸ਼੍ਰੇਣੀ. ਤਪੇ ਵੀ ਸਰੀਰ ਨੂੰ ਕਸ਼ਟ ਦੇਣ ਵਾਲੇ ਕਰਮਾਂ (ਤਪਾਂ, ਤਪ ਸਾਧਨਾਵਾਂ) ਨਾਲ ਲੋਕਾਂ ਨੂੰ ਭਰਮਾਈ ਰਖਦੇ ਸਨ। ਇਕ ਟੰਗ ਉਤੇ ਖੜ੍ਹੇ ਹੋ ਕੇ 'ਪੂਜਾ' ਕਰਨੀ, ਸਿਆਲ ਦੀ ਰੁੱਤੇ ਪਾਣੀ ਵਿਚ ਖੜ੍ਹੇ ਹੋ ਕੇ 'ਤਪੱਸਿਆ' ਕਰਨੀ, ਇਕ ਸਮੇਂ ਕਿੰਨੇ ਹੀ ਠੰਢੇ ਪਾਣੀ ਦੇ ਘੜਿਆਂ ਨਾਲ ਨਹਾਉਣਾ, ਜੇਠ ਹਾੜ ਦੇ ਦਿਨਾਂ ਵਿਚ ਪਾਥੀਆਂ (ਗੋਹਿਆਂ) ਦਾ ਘੇਰਾ ਬਣਾ ਕੇ, ਉਸ ਨੂੰ ਅੱਗ ਲਾ ਕੇ ਵਿਚ ਬੈਠ ਜਾਣਾ-ਆਦਿਕ ਤਪ-ਕਰਮਾਂ ਕਾਰਨ ਲੋਕਾਂ ਨੂੰ

• Guru Ram Das compiled the histories and precepts of his predecessors and annexed a commentary to their work. (Travels-297) –ਕਨਿੰਘਮ, ਹਿਸਟਰੀ ਆਫ ਦੀ ਸਿੱਖਜ਼, ਪੰਨਾ 46.

ਹੈਰਾਨ ਕਰਕੇ ਆਪਣੀ 'ਸ਼ਕਤੀ' ਦੀ ਧਾਂਕ ਜਮਾਉਂਦੇ ਸਨ। ਲੋਕ ਇਨ੍ਹਾਂ ਦੀ ਅੰਨ, ਦੁੱਧ, ਕਪੱੜਿਆਂ, ਧਨ ਆਦਿ ਨਾਲ ਸੇਵਾ ਕਰਦੇ ਸਨ।

ਇਹੋ ਜਿਹਾ ਇਕ ਤਪਾ ਗੋਇੰਦਵਾਲ ਵਿਚ ਵੀ ਰਹਿ ਰਿਹਾ ਸੀ। ਪਰ ਗੁਰੂ ਸਾਹਿਬ ਦੇ ਪ੍ਰਚਾਰ ਨੇ ਲੋਕਾਂ ਵਿਚ ਉਸ ਦੀ ਹਾਲਤ ਨੂੰ ਬਹੁਤ ਤਰਸਯੋਗ ਬਣਾ ਦਿੱਤਾ ਸੀ। ਲੋਕ ਸਮਝ ਗਏ ਸਨ ਕਿ ਤਪਾਂ ਤਾਂ ਨਿਰੀ ਸ਼ੁਹਰਤ ਦਾ ਭੁੱਖਾ ਹੈ, ਹੱਡ-ਹਰਾਮੀ ਹੈ, ਧਨ ਦਾ ਲੋਭੀ ਹੈ। ਨਾ ਤਾਂ ਉਸ ਨੂੰ ਅਧਿਆਤਮਕ ਗਿਆਨ ਹੈ, ਨਾ ਰੱਬ ਦੇ ਦਰ ਦੀ ਸੋਝੀ ਹੈ ਤੇ ਨਾ ਹੀ ਉਹ ਲੋਕਾਂ ਦੇ ਦੁੱਖ-ਸੁੱਖ ਵਿਚ ਉਨ੍ਹਾਂ ਦੀ ਕੋਈ ਸਹਾਇਤਾ ਹੀ ਕਰ ਸਕਦਾ ਹੈ।

ਲੋਕਾਂ ਵਿਚ ਘਟਦੀ ਮਾਨਤਾ ਕਾਰਨ ਤਪਾ ਬਹੁਤ ਕਰੁਝਦਾ ਰਹਿੰਦਾ ਸੀ। ਅਗਿਆਨੀ ਮਨੁੱਖਾਂ ਵਿਚ ਪ੍ਰਚਾਰ ਵੀ ਕਰਦਾ ਸੀ ਕਿ ਸਿੱਖ ਕਾਹਦੇ ਧਰਮੀ ਪੁਰਸ਼ ਹਨ? ਨਾ ਤਾਂ ਜਪ ਤਪ ਕਰਦੇ ਹਨ ਤੇ ਨਾ ਕੋਈ ਯੋਗ ਸਾਧਨਾ। ਕਿਸੇ ਵੇਦ-ਸ਼ਾਸਤਰ ਨੂੰ ਵੀ ਨਹੀਂ ਮੰਨਦੇ, ਪੁੰਨ-ਦਾਨ, ਤੀਰਥ-ਯਾਤਰਾ, ਵਰਤ ਨਹੀਂ ਰਖਦੇ, ਗੋਰਾਂ-ਮੜ੍ਹੀਆਂ ਦੀ ਪੂਜਾ ਨਹੀਂ ਕਰਦੇ, ਦੇਵੀ-ਦੇਵਤਿਆਂ ਨੂੰ ਨਹੀਂ ਮੰਨਦੇ, ਬੱਸ ਆਪਣੇ ਗੁਰੂ ਦੀ ਬਾਣੀ ਦਾ ਪਾਠ ਤੇ ਕੀਰਤਨ ਹੀ ਕਰਦੇ ਹਨ। ਜਾਤ-ਅਭਿਮਾਨੀ ਤੇ ਪੁਰਾਤਨ-ਪੰਥੀਆਂ ਤੇ ਆਪਣੇ ਚੇਲੇ-ਚਾਟੜਿਆਂ ਦੀ ਚੁੱਕ ਵਿੱਚ ਆ ਕੇ, ਉਹ ਇਕ ਦਿਨ ਗੁਰ ਦਰਬਾਰ ਵਿਚ ਆ ਪਹੁੰਚਿਆ, ਤੇ ਗੁਰੂ ਪਾਤਸ਼ਾਹ ਨੂੰ ਆਖਣ ਲੱਗਾ :

ਤੁਮਰੇ ਸਿੱਖ ਦੀਸੈਂ ਅਭਿਮਾਨੀ
ਬੇਦ, ਪੁਰਾਨ ਤੀਰਥ ਨਹੀਂ ਜਾਨੀ।
ਤੁਮਰੇ ਸਿੱਖ ਤੁਮਹੀ ਕੋ ਜਾਨੇ।
ਵਾਹਿਗੁਰੂ ਮੁਖ ਜਾਪ ਬਖਾਨੇ।
ਨਹੀਂ ਦੀਸੈ ਇਨ ਕੋ ਧਰਮ ਸੁਭਾਉ। *(ਮਹਿਮਾ ਪ੍ਰਕਾਸ਼, ਸਾਖੀ ੩, ਪਾਤਸ਼ਾਹੀ ੪)*

ਇੰਞ ਸਿੱਖਾਂ ਦੀ ਮੁਕਤੀ ਕਿਵੇਂ ਹੋਵੇਗੀ? ਇਨ੍ਹਾਂ ਨੂੰ ਸੁਰਗਾਂ ਦੀ ਪ੍ਰਾਪਤੀ ਕਿਵੇਂ ਹੋਵੇਗੀ? ਗੁਰੂ ਜੀ ਤਪੇ ਦੀ ਚਲਾਕੀ ਨੂੰ ਤਾੜ ਤਾਂ ਗਏ, ਪਰ ਬੜੇ ਧੀਰਜ ਨਾਲ ਉਸਨੂੰ ਸਮਝਾਇਆ ਕਿ ਇਹ ਗੱਲਾਂ ਜੋ ਤੁਸਾਂ ਕਹੀਆਂ ਹਨ, ਅਸੀਂ ਉਨ੍ਹਾਂ ਵਿਚੋਂ ਸਿੱਖਾਂ ਨੂੰ ਕੱਢ ਲਿਆ ਹੈ। ਇਹ ਹੁਣ ਵੇਦ-ਸ਼ਾਸਤਰਾਂ ਦੀਆਂ ਰੀਤਾਂ ਤੇ ਕਰਮ ਕਾਂਡਾਂ ਦੇ ਦਾਸ ਨਹੀਂ ਰਹੇ। ਸਵਰਗਾਂ ਦੀ ਇੱਛਾ, ਨਰਕਾਂ ਦੇ ਡਰ, ਸੰਸਾਰਕ ਸੁੱਖਾਂ ਦੀ ਪ੍ਰਾਪਤੀ ਆਦਿਕ ਵਿਚਾਰਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਚੁੱਕੇ ਹਨ। ਆਪਣੀ ਹਉਮੈ ਨੂੰ ਪੱਠੇ ਪਾਉਣ ਵਾਲੇ ਕੰਮ ਨਹੀਂ ਕਰਦੇ, ਸਗੋਂ ਸਭ ਮਨੁੱਖਾਂ ਵਿਚ ਇਕੋ ਪ੍ਰਭੂ ਦੀ ਜੋਤਿ ਜਾਣਕੇ ਉਨ੍ਹਾਂ ਦੀ ਸੇਵਾ ਕਰਦੇ ਹਨ ਅਤੇ ਆਪਣੇ ਮਨ ਵਿੱਚ ਨਿਮ੍ਰਤਾ

ਧਾਰਨ ਕਰਦੇ ਹਨ। ਜੋ ਕੁਝ ਤੁਸੀਂ ਤਪਾਂ ਨਾਲ ਪ੍ਰਾਪਤ ਨਹੀਂ ਕਰ ਸਕਦੇ ਇਹ ਪ੍ਰਭੂ ਦੀ ਸਿਫ਼ਤ-ਸਲਾਹ ਦੁਆਰਾ (ਨਾਮ ਜਪ ਕੇ) ਪ੍ਰਾਪਤ ਕਰ ਲੈਂਦੇ ਹਨ। ਗੁਣੀ-ਨਿਧਾਨ ਪ੍ਰਭੂ ਦਾ ਗੁਣ-ਗਾਇਨ ਕਰਕੇ ਆਪਣੇ ਆਪ ਨੂੰ ਅੱਟਲ ਆਤਮਕ ਗੁਣਾਂ ਨਾਲ ਭਰਪੂਰ ਕਰ ਲੈਂਦੇ ਹਨ। ਇੰਝ ਇਹ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਲੋਕ-ਪ੍ਰਲੋਕ ਸੁਹੇਲਾ ਕਰ ਲੈਂਦੇ ਹਨ। ਤੁਸੀਂ ਤਾਂ ਕੇਵਲ ਸਰੀਰ ਨੂੰ ਕਸ਼ਟ ਦੇਣ ਵਾਲੇ ਕਰਮ ਕਰਕੇ ਲੋਕਾਂ ਵਿਚ ਫੋਕੀ ਸ਼ੁਹਰਤ ਹੀ ਹਾਸਲ ਕਰਦੇ ਹੋ; ਜਾਂ ਧਨ ਆਦਿ ਹਾਸਲ ਕਰਦੇ ਹੋ; ਕੁਝ ਲੋਕਾਂ ਨੂੰ ਸੇਵਕ ਵੀ ਬਣਾ ਲੈਂਦੇ ਹੋ, ਇਸ ਤੋਂ ਅੱਗੇ ਕੁਝ ਵੀ ਨਹੀਂ। ਨਾ ਤਾਂ ਰੱਬ ਦੇ ਦਰ ਦੀ ਸੋਝੀ ਹੁੰਦੀ ਹੈ, ਤੇ ਨਾ ਹੀ ਪ੍ਰਭੂ-ਪ੍ਰੀਤ ਦਾ ਅਨੰਦ ਮਾਣਦੇ ਹੋ। ਲੋਕਾਂ ਦੀ ਸੇਵਾ ਤਾਂ ਕੀ ਕਰਨੀ ਹੋਈ, ਸਗੋਂ ਲੋਕਾਂ ਤੇ ਵਾਧੂ ਦਾ ਭਾਰ ਬਣੇ ਰਹਿੰਦੇ ਹੋ। ਨਾਮ ਜਪਿਆ ਕਰੋ। ਮਨ ਸੰਤੋਖ ਵਿਚ ਆਉਂਦਾ ਹੈ, ਸਾਰੀਆਂ ਖਾਹਿਸ਼ਾਂ ਮੁੱਕ ਜਾਂਦੀਆਂ ਹਨ; ਤਿਆਗ, ਕੁਰਬਾਨੀ ਤੇ ਸੇਵਾ ਦੇ ਵਲਵਲੇ ਮਨ ਵਿਚ ਠਾਠਾਂ ਮਾਰਨ ਲੱਗ ਪੈਂਦੇ ਹਨ; ਲੋਕ-ਪ੍ਰਲੋਕ ਸੰਵਰ ਜਾਂਦਾ ਹੈ।

ਗੁਰੂ ਸਾਹਿਬ ਦਾ ਇਕ-ਇਕ ਸ਼ਬਦ ਤਪੇ ਦੇ ਮਨ ਤੇ ਜਾਦੂਈ ਅਸਰ ਕਰ ਰਿਹਾ ਸੀ। ਕਰਮ-ਕਾਂਡਾਂ ਦੀ ਨਿਰਾਥਕਤਾ ਨੂੰ ਤਾਂ ਉਹ ਜਾਣਦਾ ਸੀ। ਗੁਰੂ ਜੀ ਦੇ ਉਪਦੇਸ਼ ਦਾ ਉਸਦੇ ਮਨ ਉੱਤੇ ਇਨਾਂ ਅਸਰ ਹੋਇਆ ਕਿ ਉਹ ਗੁਰੂ ਜੀ ਦੇ ਚਰਨੀ ਢਹਿ ਪਿਆ। ਸਿੱਖੀ-ਦਾਨ ਬਖਸ਼ਣ ਦੀ ਬੇਨਤੀ ਕੀਤੀ। ਸਤਿਗੁਰ ਜੀ ਕਿਰਪਾ ਦੇ ਘਰ ਵਿੱਚ ਆਏ ਤੇ ਤਪੇ ਨੂੰ ਸਿੱਖ-ਸੰਗਤਾਂ ਵਿਚ ਸ਼ਾਮਲ ਕਰ ਲਿਆ। ਉਹ ਪਾਖੰਡ ਤਜ ਕੇ ਸੇਵਾ ਦਾ ਜੀਵਨ ਬਿਤਾਉਣ ਲੱਗਾ।

ਤਜਿ ਪਖੰਡ ਗੁਰ ਕੋ ਸਿਖ ਹੋਇਓ।
ਮਿਲਿ ਸਤਿ ਸੰਗਤਿ ਮਹਿ ਸੁਖ ਜੋਇਓ।'

*(ਸੂਰਜ ਪ੍ਰਕਾਸ਼, ਰਾਸ ਦੂਜੀ, ਅੰਸ਼ ੩)*

## ਧਾਰਮਿਕ-ਜਾਗਰਤੀ

ਸਿੱਖ ਸੰਗਤਾਂ ਭਾਰੀ ਗਿਣਤੀ ਵਿਚ ਗੁਰ-ਦਰਬਾਰ ਵਿਚ ਆਉਂਦੀਆਂ ਸਨ। ਗੁਰ ਉਪਦੇਸ਼ ਗ੍ਰਹਿਣ ਕਰਦੀਆਂ ਤੇ ਪ੍ਰਭੂ-ਰੰਗਣ ਵਿੱਚ ਰੰਗੀਆਂ ਜਾਂਦੀਆਂ। ਜਦੋਂ ਵਾਪਿਸ ਆਪਣੇ ਇਲਾਕੇ ਵਿਚ ਜਾਂਦੀਆਂ ਤਾਂ ਗੁਰੂ-ਮਹਿਮਾਂ ਦੀਆਂ ਸਾਖੀਆਂ ਲੋਕਾਂ ਨੂੰ ਸੁਣਾਉਂਦੀਆਂ। ਸਿੱਧ, ਯੋਗੀ, ਤਪੇ, ਹੋਰ ਸਾਧ-ਸੰਤ ਵੀ ਗੁਰੂ ਪਾਤਸ਼ਾਹ ਨਾਲ ਬਚਨ-ਬਿਲਾਸ ਕਰਕੇ ਜਾਂਦੇ ਤਾਂ ਗੁਰੂ-ਗਿਆਨ ਦੇ ਚਮਤਕਾਰ ਨੂੰ ਅੱਖੀਂ ਵਿੰਹਦੇ ਅਤੇ ਗੁਰੂ ਜੀ ਦੀਆਂ ਸਿੱਖਿਆਵਾਂ ਦੀ ਵਡਿਆਈ ਕਰਦੇ। ਇੰਝ ਗੁਰਮਤਿ-ਪ੍ਰਚਾਰ ਦਾ ਕੰਮ ਸਹਿਜੇ ਹੀ ਹੋਣ ਲੱਗ ਪਿਆ। ਆਪ ਜੀ ਨੇ ਮੰਜੀਦਾਰਾਂ ਦਾ ਇੱਕਠ ਵੀ ਕੀਤਾ ਤੇ ਉਨ੍ਹਾਂ ਨੂੰ ਧਰਮ ਪ੍ਰਚਾਰ ਦਾ ਕਾਰਜ ਲਗਨ

ਨਾਲ ਨਿਭਾਉਣ ਲਈ ਉਤਸ਼ਾਹਿਤ ਕੀਤਾ। ਮੰਜੀਦਾਰਾਂ ਨੂੰ ਸਮਝਾਇਆ ਕਿ ਕੋਈ ਵੀ ਆਪ-ਹੁਦਰੀ ਨਾ ਕਰੇ। ਸਾਰੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨ, ਸ਼ਬਦ ਦੇ ਲੰਗਰ ਨੂੰ ਵਰਤਾਉਣ।

ਇਨ੍ਹਾਂ ਦਿਨਾਂ ਵਿੱਚ ਹੀ ਭਾਈ ਗੁਰਦਾਸ ਜੀ ਜੰਮੂ ਵੱਲੋਂ ਪ੍ਰਚਾਰ ਕਰਕੇ ਵਾਪਸ ਪੁੱਜੇ। ਆਪ ਜੀ ਨੇ ਉਨ੍ਹਾਂ ਨੂੰ ਆਗਰੇ ਵੱਲ ਜਾ ਕੇ ਧਰਮ ਪਰਚਾਰ ਕਰਨ ਦਾ ਹੁਕਮ ਕੀਤਾ। ਭਾਈ ਗੁਰਦਾਸ ਜੀ ਜਿਥੇ ਪੰਜਾਬੀ, ਸੰਸਕ੍ਰਿਤ ਤੇ ਫ਼ਾਰਸੀ ਦੇ ਮਾਹਿਰ ਸਨ, ਉਥੇ ਹਿੰਦੀ ਤੇ ਬ੍ਰਜ-ਭਾਸ਼ਾ ਦੇ ਵੀ ਤਕੜੇ ਵਿਦਵਾਨ ਸਨ। ਗੁਰੂ ਜੀ ਤੋਂ ਆਗਿਆ ਲੈ ਕੇ ਆਪ ਆਗਰੇ ਵੱਲ ਚਲੇ ਗਏ।

### ਅੰਮ੍ਰਿਤਸਰ ਜਾਣਾ

ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਅੰਮ੍ਰਿਤਸਰ ਸ਼ਹਿਰ ਦੀ ਉਸਾਰੀ ਵੱਲ ਵਿਸ਼ੇਸ਼ ਧਿਆਨ ਨਹੀਂ ਸੀ ਦਿੱਤਾ ਗਿਆ। ਅਧੂਰੇ ਕੰਮ ਨੂੰ ਸੰਪੂਰਨਤਾ ਬਖਸ਼ਣ ਲਈ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਜਾਣ ਦਾ ਫੈਸਲਾ ਕਰ ਲਿਆ।

## ਅੰਮ੍ਰਿਤਸਰ ਵਿਚ ਰੌਣਕਾਂ

ਗੁਰੂ ਜੀ ਦੇ ਅੰਮ੍ਰਿਤਸਰ ਵਿਚ ਆਉਣ ਨਾਲ ਤੇ ਪੱਕੇ ਤੌਰ ਤੇ ਇਥੇ ਨਿਵਾਸ ਕਰਨ ਨਾਲ ਇਹ ਨਵਾਂ ਉੱਸਰ ਰਿਹਾ ਸ਼ਹਿਰ ਸਿੱਖ-ਸਰਗਰਮੀਆਂ ਦਾ ਕੇਂਦਰ ਬਣ ਗਿਆ। ਸਿੱਖ ਸੰਗਤਾਂ ਵੀ ਭਾਰੀ ਗਿਣਤੀ ਵਿਚ ਆਉਣ ਲੱਗੀਆਂ। ਨਗਰ ਦੀ ਉਸਾਰੀ ਦਾ ਕੰਮ ਤੇਜ਼ੀ ਫੜ ਗਿਆ। ਅੰਮ੍ਰਿਤਸਰ ਸਰੋਵਰ ਦੀ ਖੁਦਾਈ ਫਿਰ ਆਰੰਭ ਕੀਤੀ ਗਈ। ਇਹ ਕੰਮ ਤਿੰਨ ਚਾਰ ਸਾਲਾਂ ਵਿਚ ਸੰਪੂਰਨ ਹੋਇਆ।

ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ, ਸੰਨ 1577 ਵਿਚ ਗੁਰੂ ਜੀ ਨੇ ਹੋਰ ਜ਼ਮੀਨ ਖਰੀਦੀ ਸੀ। ਮਕਾਨਾਂ ਆਦਿ ਦੇ ਬਣਨ ਨਾਲ ਨਗਰ ਦੀ ਵਸੋਂ ਵਿਚ ਚੋਖਾ ਵਾਧਾ ਹੋਇਆ; 1577 ਤੋਂ 1581 ਤੱਕ ਨਗਰ ਦੀ ਉਸਾਰੀ ਦਾ ਕੰਮ ਜਾਰੀ ਰਿਹਾ। ਸਿੱਖ ਸੰਗਤਾਂ ਅਤੇ ਉਸਾਰੀ ਕਰਨ ਵਾਲੇ ਰਾਜਾਂ, ਮਜ਼ਦੂਰਾਂ ਕੇ ਹੋਰ ਕਿਰਤੀਆਂ ਲਈ ਲੰਗਰ ਵੱਲ ਵਿਸ਼ੇਸ਼ ਧਿਆਨ ਦੇਣਾ ਜ਼ਰੂਰੀ ਸੀ। ਬਾਬਾ ਬੁੱਢਾ ਜੀ ਇਸ ਸੰਬੰਧ ਵਿੱਚ ਵਿਸ਼ੇਸ਼ ਸੇਵਾ ਨਿਭਾ ਰਹੇ ਸਨ। ਆਪ ਉਸ ਬੇਰੀ ਹੇਠ, ਜੋ ਕਿ ਹੁਣ ਤੱਕ ਦਰਬਾਰ ਸਾਹਿਬ ਦੀ ਪਰਕਰਮਾ ਵਿੱਚ ਕਾਇਮ ਹੈ ਤੇ 'ਬਾਬਾ ਬੁੱਢਾ ਜੀ ਦੀ ਬੇਰ' ਕਰਕੇ ਪ੍ਰਸਿੱਧ ਹੈ, ਗੁਰੂ ਕਾ ਲੰਗਰ ਉਨ੍ਹਾਂ ਸਿੱਖ-ਸੇਵਕਾਂ ਵਿਚ ਵਰਤਾਉਂਦੇ ਸਨ।

ਗੁਰੂ ਜੀ ਆਪ ਉਨ੍ਹਾਂ ਮਕਾਨਾਂ ਵਿਚ ਨਿਵਾਸ ਕਰਦੇ ਸਨ, ਜਿਨ੍ਹਾਂ ਨੂੰ 'ਗੁਰੂ ਕੇ ਮਹਿਲ' ਕਿਹਾ ਜਾਂਦਾ ਹੈ। ਨਿਜੀ ਲੰਗਰ ਲਈ ਅੰਨ ਪਾਣੀ ਦਾ ਇੰਤਜ਼ਾਮ ਆਪਣੇ ਵੱਡੇ ਸਪੁੱਤਰ ਪ੍ਰਿਥੀ ਚੰਦ ਦੇ ਸਪੁਰਦ ਕੀਤਾ ਹੋਇਆ ਸੀ। ਇਸ ਦੇ ਨਾਲ

ਹੀ ਉਹ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਨਗਰ ਦੀ ਉਸਾਰੀ ਦੇ ਕੰਮ ਅਤੇ ਸਾਂਝੇ ਲੰਗਰ ਦੀ ਸੇਵਾ ਦੀ ਨਿਗਰਾਨੀ ਵੀ ਕਰਦੇ ਸਨ। ਸਾਂਝਾ ਲੰਗਰ ਦਿਨ-ਰਾਤ ਹਰ ਸਮੇਂ ਜਾਰੀ ਰਹਿੰਦਾ ਸੀ। ਸ੍ਰੀ ਗੁਰੂ ਰਾਮਦਾਸ ਜੀ ਦਾ ਖਾਸ ਹੁਕਮ ਸੀ ਕਿ ਸੇਵਾ ਲਈ ਹਮੇਸ਼ਾ ਤਤਪਰ ਰਹੋ। ਆਏ ਗਏ ਮੁਸਾਫਿਰ, ਯੋਤਰੂ, ਅਭਿਆਗਤ ਤੇ ਕਿਰਤੀਆਂ-ਮਜ਼ਦੂਰਾਂ ਦੀ ਸੇਵਾ ਕਰੋ ਤੇ ਲੰਗਰ ਪਾਣੀ ਪੁੱਛ ਕੇ ਵਾਹਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਆਪਦੇ ਇਨ੍ਹਾਂ ਹੁਕਮਾਂ ਸਦਕਾ ਸਿੱਖ-ਸੰਗਤਾਂ ਜਲ-ਪਾਣੀ ਵਰਤਾ ਕੇ, ਪੱਖਾ ਝੱਲ ਕੇ, ਥੱਕੇ-ਟੁੱਟੇ ਮੁਸਾਫਿਰਾਂ ਦੀ ਮੁੱਠੀ ਚਾਪੀ ਕਰਕੇ ਤੇ ਪ੍ਰਸ਼ਾਦ ਆਦਿ ਛਕਾ ਕੇ ਇਕ ਦੂਜੇ ਦੀ ਸੇਵਾ ਬੜੇ ਚਾਅ ਨਾਲ ਕਰਦੀਆਂ ਸਨ।

ਜਦ ਗੁਰੂ ਜੀ ਆਪ ਸੇਵਾ ਕਰਦੇ ਸਨ ਤਾਂ ਇਕ ਬੇਰੀ ਹੇਠ ਬੈਠਿਆ ਕਰਦੇ ਸਨ। ਉਹ 'ਇਲਾਇਚੀ ਬੇਰੀ' ਦੇ ਨਾਮ ਨਾਲ ਪ੍ਰਸਿੱਧ ਹੈ, ਕਿਉਂਕਿ ਇਸ ਨੂੰ ਛੋਟੀ ਇਲਾਇਚੀ ਜਿਡੇ ਨਿੱਕੇ ਨਿੱਕੇ ਬੇਰ ਲਗਦੇ ਸਨ। ਉਸ ਬੇਰੀ ਹੇਠ ਦਰਸ਼ਨੀ ਦਰਵਾਜ਼ੇ ਦੇ ਕੋਲ, ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਖੇ ਆਪ ਜੀ ਦੀ ਯਾਦ ਵਿਚ ਹੁਣ ਛੋਟਾ ਜਿਹਾ ਗੁਰਦੁਆਰਾ ਸੁਸ਼ੋਭਿਤ ਹੈ।

## ਸਿੱਖਾਂ ਦੇ ਉੱਜਲੇ ਭਵਿਖ ਦੀ ਨੀਂਹ

ਅੰਮ੍ਰਿਤਸਰ ਸ਼ਹਿਰ ਦਾ ਵਸਣਾ ਅਤੇ ਇਸਦੇ ਵਿਚ (ਪੰਜਵੇਂ ਪਾਤਸ਼ਾਹ ਦੇ ਸਮੇਂ) ਪ੍ਰਮੁਖ ਧਰਮ-ਸਥਾਨ ਸ੍ਰੀ ਦਰਬਾਰ ਸਾਹਿਬ ਦਾ ਉਸਾਰਿਆ ਜਾਣਾ ਅਤੇ ਛੇਵੇਂ ਪਾਤਸ਼ਾਹ ਦੇ ਸਮੇਂ 'ਸ੍ਰੀ ਅਕਾਲ ਤਖਤ ਸਾਹਿਬ' ਦੀ ਉਸਾਰੀ ਦਾ ਹੋਣਾ ਇਸ ਨਗਰ ਦੀ ਕੌਮੀ ਤੇ ਅੰਤਰਰਾਸ਼ਟਰੀ ਪ੍ਰਸਿੱਧੀ ਦਾ ਕਾਰਨ ਬਣਿਆ। ਇਹ ਨਗਰ ਇਕ ਕਿਸਮ ਦੀ ਸਿੱਖ-ਰਾਜਧਾਨੀ ਬਣ ਗਿਆ। ਇਸ ਨਗਰ ਦੀ ਵਿਸ਼ੇਸ਼ਤਾ ਬਾਰੇ ਵੱਖ-ਵੱਖ ਵਿਦਵਾਨਾਂ ਨੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ।

ਡਾਕਟਰ ਸੱਯਦ ਮੁਹੰਮਦ ਲਤੀਫ਼ ਨੇ, ਹਿਸਟਰੀ ਆਫ ਦੀ ਪੰਜਾਬ, ਪੰਨਾ 253 ਤੇ ਲਿਖਿਆ ਹੈ ਕਿ ਗੁਰੂ (ਰਾਮਦਾਸ) ਜੀ ਨੇ ਅੰਮ੍ਰਿਤਸਰ ਦੀ ਨੀਂਹ ਇਕ ਕੇਂਦਰੀ ਅਸਥਾਨ ਤੇ ਰੱਖ ਕੇ ਸਿੱਖਾਂ ਦਾ ਭਵਿਖ ਬਤੌਰ ਇਕ ਕੌਮ ਦੇ ਉਜਾਗਰ ਕਰਨ ਦੀ ਨੀਂਹ ਰੱਖੀ। ਹੁਣ ਸਿੱਖ ਇਕ ਅਜਿਹੇ ਸਾਂਝੇ ਧਰਮ-ਅਸਥਾਨ ਤੇ ਇਕੱਠੇ ਹੋਣ ਲੱਗ ਪਏ, ਜਿੱਥੇ ਵੱਖ-ਵੱਖ ਥਾਵਾਂ ਤੋਂ ਪਹੁੰਚ ਸੌਖੀ ਸੀ ਅਤੇ ਜਿਥੋਂ ਦੀ ਧਰਤੀ ਵੀ ਬੜੀ ਉਪਜਾਊ ਸੀ। ਇਨ੍ਹਾਂ ਸ਼ਾਂਤ-ਚਿੱਤ ਤੇ ਨੇਕ ਸੁਭਾਅ ਵਾਲੇ ਸਿੱਖਾਂ ਨੇ ਆਪਣੇ ਆਦਿ-ਗੁਰੂ ਦੇ ਪਾਏ ਪੂਰਨਿਆਂ ਤੇ ਚੱਲਣ ਦਾ ਯਤਨ ਕਰਦੇ ਹੋਏ, ਇਕ ਸਾਂਝੇ-ਭਾਈਚਾਰੇ ਤੇ ਪ੍ਰੇਮ ਤੇ ਕੌਮੀ ਸ਼ਕਤੀ ਨੂੰ ਪੱਕਿਆਂ ਕਰਨਾ ਸਿੱਖਣਾ ਅਰੰਭਿਆ। ਇਸ ਤਰ੍ਹਾਂ ਉਨ੍ਹਾਂ ਨੇ ਇਕ ਸਾਂਝਾ ਰਾਜ ਕਾਇਮ ਕਰਨ ਲਈ ਰਸਤਾ ਪੱਧਰਾ ਕਰ ਲਿਆ।

**ਮੁਹੰਮਦ ਲਤੀਫ਼ ਲਿਖਦਾ ਹੈ :**

'ਕੇਂਦਰੀ ਸਥਾਨ ਸ੍ਰੀ ਅੰਮ੍ਰਿਤਸਰ ਬਣਾ ਕੇ ਗੁਰੂ ਜੀ ਨੇ ਕੌਮ ਦੀ ਨੀਂਹ ਰੱਖ ਦਿੱਤੀ। ਇਸ ਨਾਲ ਐਸਾ ਧੁਰਾ ਬਣ ਗਿਆ ਜਿਸ ਦੇ ਆਲੇ-ਦੁਆਲੇ ਸਿੱਖ ਆਸਾਨੀ ਨਾਲ ਇੱਕਠੇ ਹੋ ਸਕਦੇ ਸਨ। ਸਿੱਖਾਂ ਨੇ ਇੱਕਠੇ ਹੋਣ ਦਾ ਵੱਲ ਸਿਖਿਆ ਅਤੇ ਆਪਣੇ ਵਿੱਚ ਭਗਤੀ ਭਾਵ ਪੈਦਾ ਕਰਕੇ ਕੌਮੀ ਜਜ਼ਬੇ ਦੀ ਤਾਰ ਨੂੰ ਮਜ਼ਬੂਤ ਕੀਤਾ।"

*(ਗੁਰਮਤਿ ਪ੍ਰਕਾਸ਼/ਅਕਤੂਬਰ ੧੯੮੨/ਪੰਨਾ-੪)*

ਏਸੇ ਤਰ੍ਹਾਂ ਦੇ ਵਿਚਾਰ ਪੇਸ਼ ਕਰਦਿਆਂ ਹੋਇਆਂ ਡਾਕਟਰ ਹਰੀ ਰਾਮ ਗੁਪਤਾ ਨੇ ਵੀ ਲਿਖਿਆ ਹੈ : ਗੁਰੂ ਰਾਮਦਾਸ ਜੀ ਨੇ ਸਿੱਖਾਂ ਨੂੰ ਪਵਿੱਤਰ ਸਰੋਵਰ ਦੇ ਕੇ ਖ਼ਾਸ ਤੌਰ ਤੇ ਸੰਗਠਿਤ ਕੀਤਾ।

## ਨਿੱਤ ਦਾ ਕਰਮ

ਸ੍ਰੀ ਅੰਮ੍ਰਿਤਸਰ ਸਾਹਿਬ ਨਿਵਾਸ ਕਰਨ ਸਮੇਂ ਸ੍ਰੀ ਗੁਰੂ ਰਾਮਦਾਸ ਜੀ ਦਾ ਜੋ ਨਿੱਤ ਦਾ ਕਰਮ ਸੀ, ਉਸਦਾ ਜ਼ਿਕਰ 'ਮਹਿਮਾ ਪ੍ਰਕਾਸ਼' ਤੇ 'ਸੂਰਜ ਪ੍ਰਕਾਸ਼' ਵਿਚ ਮਿਲਦਾ ਹੈ। ਸਤਿਗੁਰੂ ਜੀ ਪਹਿਰ ਰਾਤ ਰਹਿੰਦੀ ਜਾਗਦੇ ਤੇ ਸੀਤਲ ਜਲ ਨਾਲ ਇਸ਼ਨਾਨ ਕਰਕੇ ਪ੍ਰਭੂ ਸਿਮਰਨ ਵਿਚ ਜੁੜ ਜਾਂਦੇ। ਪ੍ਰਭਾਤ ਹੁੰਦਿਆਂ ਹੀ 'ਗੁਰੂ ਕੇ ਮਹਿਲ' ਤੋਂ ਉਸ ਜਗ੍ਹਾ ਆ ਜਾਂਦੇ ਜਿਥੇ ਹੁਣ ਸ੍ਰੀ ਹਰਿਮੰਦਰ ਸਾਹਿਬ ਸੁਸ਼ੋਭਿਤ ਹੈ। ਸੰਗਤਾਂ ਪਹਿਲਾਂ ਹੀ ਉਨ੍ਹਾਂ ਦਾ ਇੰਤਜ਼ਾਰ ਕਰ ਰਹੀਆਂ ਹੁੰਦੀਆਂ। ਦੀਵਾਨ ਸਜਦਾ ਤੇ ਅੰਮ੍ਰਿਤਮਈ ਕੀਰਤਨ ਦੀ ਵਰਖਾ ਹੁੰਦੀ। 'ਮਹਿਮਾ ਪ੍ਰਕਾਸ਼' (ਵਾਰਤਕ) ਦੇ ਅਨੁਸਾਰ, 'ਫੇਰ ਜਬ ਪ੍ਰਭਾਤ ਹੋਤਾ, ਤਬ ਸਤਾ ਰਬਾਬੀ ਚਉਕੀ ਭਜਨ ਕੀ ਕਰਤਾ।' ਕੀਰਤਨ ਸਮਾਪਤ ਹੁੰਦਾ ਤਾਂ ਲੰਗਰ ਲਈ ਆਵਾਜ਼ਾ ਪੈਂਦਾ। ਗੁਰੂ ਜੀ ਤੇ ਹੋਰ ਸਾਰੀ ਸੰਗਤ ਰਲ ਕੇ ਲੰਗਰ ਛਕਦੇ।

ਇਸ ਦੇ ਮਗਰੋਂ ਕੁਝ ਸਮਾਂ ਆਰਾਮ ਕਰਦੇ ਤੇ ਫਿਰ ਉਸਾਰੀ ਦੇ ਕੰਮਾਂ ਨੂੰ ਵੇਖਣ ਲਈ ਚੱਲ ਪੈਂਦੇ। ਕਈ ਵਾਰ ਆਪੂੰ ਵੀ ਸੇਵਾ ਕਰਨ ਲੱਗ ਪੈਂਦੇ। ਦੁਪਹਿਰ ਮਗਰੋਂ, ਸ਼ਾਮ ਨੂੰ, ਫਿਰ ਦੀਵਾਨ ਸੱਜਦਾ। ਇਸ ਸਮੇਂ ਆਪ ਗੁਰਬਾਣੀ ਦੀ ਕਥਾ ਕਰਦੇ ਅਤੇ ਗੁਰਸਿੱਖਾਂ ਦੇ ਧਾਰਮਕ ਪ੍ਰਸ਼ਨਾਂ ਦੇ ਉੱਤਰ ਦਿੰਦੇ ਤੇ ਗੁਰਮਤਿ ਦ੍ਰਿੜ ਕਰਵਾਉਂਦੇ :

**ਬਹੁ ਪ੍ਰੇਮੀ ਸਿੱਖ ਕੋ ਜਬਿ ਆਵੈ। ਤਿਸੁ ਕਉ ਸ਼ੁਭ ਉਪਦੇਸ਼ ਬਤਾਵੈ।**

ਗੁਰਸਿੱਖ ਸਤਿਗੁਰਾਂ ਦੇ ਮਨੋਹਰ ਬਚਨਾਂ ਨੂੰ ਸੁਣਕੇ ਨਿਹਾਲ ਹੁੰਦੇ ਅਤੇ ਸਤਿਗੁਰਾਂ ਤੋਂ ਉਨ੍ਹਾਂ ਦੇ ਨਿਜੀ ਜੀਵਨ ਦੇ ਤਜ਼ਰਬੇ ਸੁਣ ਕੇ ਧਰਮ-ਮਾਰਗ ਤੇ ਚਲਣ ਲਈ ਉਤਸ਼ਾਹਿਤ ਹੁੰਦੇ।

ਫਿਰ ਕੁਝ ਸਮਾਂ ਸੈਰ ਕਰਨ ਲਈ ਜਾਂਦੇ। ਜਦ ਚਾਰ ਘੜੀਆਂ ਦਿਨ ਬਾਕੀ

ਰਹਿੰਦਾ, ਰਾਤ ਹੋਣ ਵਾਲੀ ਹੁੰਦੀ, ਤਾਂ 'ਸੋ ਦੁਰ' ਦੀ ਚੌਕੀ ਲਗਵਾਉਂਦੇ ਤੇ ਕੀਰਤਨ ਹੁੰਦਾ। ਵੱਖ ਵੱਖ ਰਾਗਾਂ ਵਿੱਚ ਗੁਰਸਿੱਖ ਕੀਰਤਨ ਕਰਦੇ, ਜਿਸ ਨਾਲ ਸੰਗਤਾਂ ਵਿਸਮਾਦ ਦੀ ਰੰਗਣ ਵਿਚ ਰੰਗੀਆਂ ਜਾਂਦੀਆਂ ਤੇ ਨਾਮ-ਰਸ ਆਨੰਦਿਤ ਹੋ ਉਠਦੀਆਂ :

ਚਾਰ ਘਰੀ ਬਾਸਰ ਜਬਿ ਰਹੈ, ਸ਼ਬਦ ਕੀਰਤਨ ਕੋ ਸੁਖ ਲਹੈਂ।੪੧।
ਅਨਿਕ ਪ੍ਰਕਾਰਨ ਕੇ ਹੁਇ ਰਾਗ, ਰਾਗ ਦ੍ਵੈਖ ਜਿਨ ਸੁਨਿ ਅਘ ਭਾਗ।
ਭਾਗ ਜਗੇ ਜਿਨ ਕੇ ਹੁਇ ਲਾਗ। ਲਾਗ ਸ੍ਵਾਦ ਜਿਨ ਪ੍ਰੇਮ ਸੁ ਪਾਗ।੪੨।

ਕੀਰਤਨ ਸਭਾ ਦੀ ਸਮਾਪਤੀ ਤੇ ਜਦ ਸਭ ਆਪਣੇ ਆਪਣੇ ਟਿਕਾਣਿਆਂ ਤੇ ਤੁਰ ਜਾਂਦੇ ਤਾਂ ਸਤਿਗੁਰੂ ਆਪ ਇਹ ਵੇਖਦੇ ਕਿ ਬਾਹਰੋਂ ਆਇਆਂ ਨੂੰ ਟਿਕਾਣਾ ਮਿਲਿਆ ਹੈ ਕਿ ਨਹੀਂ। ਪੂਰੀ ਤਸੱਲੀ ਕਰਨ ਮਗਰੋਂ ਬਿਸ਼ਰਾਮ ਕਰਨ ਲਈ ਗੁਰੂ ਕੇ ਮਹਲ ਚਲੇ ਜਾਂਦੇ।

## ਲਾਹੌਰ ਦੀ ਫੇਰੀ

ਲਾਹੌਰ ਤੋਂ ਭਾਈ ਸਿਹਾਰੀ ਮੱਲ ਜੀ ਤੇ ਹੋਰ ਸਿੱਖ ਸੰਗਤਾਂ ਦੀ ਇਹ ਪ੍ਰਬਲ ਇੱਛਾ ਸੀ ਕਿ ਸਤਿਗੁਰੂ ਜੀ ਆਪਣੀ ਜਨਮ-ਭੋਇ ਤੇ ਇਕ ਵਾਰ ਫਿਰ ਚਰਨ ਪਾਉਣ। ਸੰਗਤਾਂ ਨੇ ਅਰਜ਼ੋਈਆਂ ਵੀ ਕੀਤੀਆਂ। ਸੰਗਤਾਂ ਦੇ ਪ੍ਰੇਮ ਨੂੰ ਦੇਖ ਕੇ ਆਪ ਲਾਹੌਰ ਆਏ। ਬਰਾਦਰੀ ਦੇ ਉਹ ਲੋਕ ਜਿਨ੍ਹਾਂ ਕਦੇ ਗੁਰੂ ਜੀ ਨੂੰ ਗੋਇੰਦਵਾਲ ਸੇਵਾ ਕਰਦਿਆਂ ਵੇਖ ਕੇ ਕਿਹਾ ਸੀ : 'ਸਹੁਰੇ ਮੇਂ ਰਹਿ ਕੇ ਮਿਟੀ ਢੋਵਤੇ ਹੋ, ਹਮਾਰੇ ਬਡਿਆਂ ਕੇ ਸਿਰ ਖਾਕ ਡਾਲਤੇ ਹੋ', ਸਤਿਗੁਰੂ ਜੀ ਦਾ ਪ੍ਰਤਾਪ ਵੇਖਕੇ ਆ ਚਰਨੀਂ ਲੱਗੇ। ਸੇਵਾ, ਭਗਤੀ ਉਪਕਾਰ, ਦਇਆ, ਉਦਾਰਤਾ ਤੇ ਪ੍ਰਭੂ-ਪ੍ਰੀਤ ਆਦਿਕ ਗੁਣਾਂ ਨਾਲ ਭਰਪੂਰ ਤੇ ਨਿਮਰਤਾ ਭਰੀ ਸ਼ਖਸੀਅਤ ਨੂੰ ਵੇਖਕੇ ਲਾਹੌਰ ਵਾਸੀ ਗਦ ਗਦ ਹੋਈ ਜਾਣ। ਪਹਿਲਾਂ ਤਾਂ ਆਪ ਆਪਣੇ ਨਿਜੀ ਮਕਾਨ ਵਿਚ ਰਹੇ, ਫਿਰ ਘਰ ਨੂੰ ਧਰਮਸ਼ਾਲਾ ਵਿਚ ਬਦਲ ਦਿੱਤਾ। ਵੱਡਾ ਖੂਹ ਵੀ ਲੁਆ ਦਿੱਤਾ। ਇਥੇ ਵੀ ਅੰਮ੍ਰਿਤ ਵੇਲੇ ਕੀਰਤਨ ਹੁੰਦਾ, ਆਸਾ ਦੀ ਵਾਰ ਲਾਈ ਜਾਂਦੀ। ਘਰ ਨੂੰ ਧਰਮਸ਼ਾਲਾ ਬਣਾਉਣ ਮਗਰੋਂ ਆਪ ਭਾਈ ਸਿਹਾਰੀ ਮੱਲ ਜੀ ਦੇ ਘਰ ਆ ਟਿਕੇ। ਗੁਰੂ ਜੀ ਦੇ ਲਾਹੌਰ ਟਿਕਣ ਸਮੇਂ ਲਾਹੌਰ ਵੀ ਅੰਮ੍ਰਿਤਸਰ ਸਾਹਿਬ ਦੀ ਤਰ੍ਹਾਂ 'ਸਿਫ਼ਤੀ ਦਾ ਘਰ' ਬਣ ਗਿਆ। ਕੁਝ ਸਮੇਂ ਮਗਰੋਂ ਵਾਪਿਸ ਅੰਮ੍ਰਿਤਸਰ ਆ ਗਏ।

## ਅਕਬਰ ਦਾ ਆਉਣਾ

ਗੁਰੂ ਰਾਮਦਾਸ ਜੀ ਲਾਹੌਰ ਤੋਂ ਵਾਪਿਸ ਅੰਮ੍ਰਿਤਸਰ ਆਏ ਹੀ ਸਨ ਕਿ ਬਾਦਸ਼ਾਹ ਅਕਬਰ ਵੀ ਕਾਬਲ ਦੀ ਮੁਹਿੰਮ ਤੋਂ ਮੁੜਦਾ ਸੰਨ ੧੫੭੯ ਨੂੰ ਸ੍ਰੀ ਅੰਮ੍ਰਿਤਸਰ ਆਇਆ। ਗੁਰ-ਦਰਬਾਰ ਦੀ ਸ਼ੋਭਾ ਅਤੇ ਸ਼ਹਿਰ ਦੀਆਂ ਰੌਣਕਾਂ

ਵੇਖਕੇ ਹੈਰਾਨ ਰਹਿ ਗਿਆ। ਗਿਆਨੀ ਗਿਆਨ ਸਿੰਘ ਜੀ ਨੇ ਅਕਬਰ ਦੇ ਆਉਣ ਦਾ ਇੰਞ ਜ਼ਿਕਰ ਕੀਤਾ ਹੈ :-

"ਗੁਰੂ ਰਾਮਦਾਸ ਜੀ ਦੇ ਦਰਸ਼ਨ ਕੀਤੇ ਅਤੇ ੧੦੧ ਮੋਹਰਾਂ ਅੱਗੇ ਰੱਖੀਆਂ ਤਾਂ ਗੁਰੂ ਜੀ ਦੀ ਮਰਜ਼ੀ ਅਨੁਸਾਰ (ਗੁਰੂ) ਅਰਜਨ ਦੇਵ ਜੀ ਨੇ ਚੁੱਕ ਕੇ ਗਰੀਬਾਂ, ਮੁਹਤਾਜਾਂ ਨੂੰ ਵੰਡ ਦਿੱਤੀਆਂ। ਜਦ ਅਕਬਰ ਨੇ ੧੨ ਪਿੰਡਾਂ ਦੀ ਜਾਗੀਰ ਇਹਨਾਂ ਦੇ ਨਾਮ ਕਰਨ ਦਾ ਆਪਣੇ ਕਾਰਦਾਰ ਨੂੰ ਕਿਹਾ ਤਾਂ ਗੁਰੂ ਰਾਮਦਾਸ ਜੀ ਬੋਲੇ: 'ਫਕੀਰਾਂ ਦੀ ਜਾਗੀਰ ਚਾਰੇ ਚੱਕ ਹੈ। ਅਸੀਂ ਗੁਰੂ ਨਾਨਕ ਜੀ ਦੇ ਘਰ ਨੂੰ ਕਿਸੇ ਜਾਗੀਰਦਾਰ ਦਾ ਨਹੀਂ ਕਰਨਾ ਚਾਹੁੰਦੇ।'—'ਜਿਸ ਤਰ੍ਹਾਂ ਮੇਘ ਬਰਸੇ ਤੇ ਸਾਉਣ ਵਿਚ ਮੱਛਰ, ਭਿੰਡ ਆਦਿ ਪੈਦਾ ਹੁੰਦੇ ਦੁਖਦਾਈ ਹੁੰਦੇ ਹਨ, ਤੈਸੇ ਹੀ ਜਾਗੀਰ ਵੀ ਕਾਮ, ਕ੍ਰੋਧ, ਲੋਭ, ਈਰਖਾ, ਬਖੀਲੀ, ਪ੍ਰਾਧੀਨਤਾ, ਲੜਾਈ ਝਗੜੇ ਪੈਦਾ ਕਰਨ ਵਾਲੀ ਹੈ।' ਸਤਿਗੁਰਾਂ ਦੀ ਬੇਬਾਕੀ ਦਾ ਅਕਬਰ ਦੇ ਮਨ ਤੇ ਡੂੰਘਾ ਅਸਰ ਹੋਇਆ ਤੇ ਉਸਨੇ ਸਤਿਗੁਰਾਂ ਦੀ ਅਜ਼ਮਤ ਸਾਹਮਣੇ ਸੀਸ ਨਿਵਾਇਆ।

## 6. ਜੀਵਨ ਸਾਖੀਆਂ ਤੇ ਉਪਦੇਸ਼

### (1) ਬਾਬਾ ਸ੍ਰੀ ਚੰਦ ਜੀ ਦਾ ਦਰਸ਼ਨਾਂ ਨੂੰ ਆਉਣਾ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਆਪਣਾ ਵੱਖਰਾ ਮੱਤ ਚਲਾ ਲਿਆ ਸੀ, ਜਿਸਨੂੰ ਉਦਾਸੀ ਮੱਤ ਕਿਹਾ ਜਾਂਦਾ ਹੈ। ਉਨ੍ਹਾਂ ਦੇ ਅਨੁਯਾਈ ਉਦਾਸੀ-ਸਾਧ ਕਹਾਉਂਦੇ ਸਨ। ਬਾਬਾ ਜੀ ਦੇ ਮਨ ਵਿਚ ਗੁਰੂ-ਸੰਤਾਨ ਹੋਣ, ਬ੍ਰਹਮਚਾਰੀ ਅਤੇ ਤਿਆਗੀ ਹੋਣ ਦਾ ਬਹੁਤ ਹੰਕਾਰ ਸੀ। ਇਸ ਹੰਕਾਰ-ਵੱਸ ਹੀ ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਨੂੰ 'ਗੁਰੂ' ਸਵੀਕਾਰ ਨਹੀਂ ਸੀ ਕੀਤਾ, ਅਤੇ ਗੁਰੂ-ਪਿਤਾ (ਸ੍ਰੀ ਗੁਰੂ ਨਾਨਕ ਦੇਵ ਜੀ) ਦਾ ਆਖਰੀ ਹੁਕਮ ਨਹੀਂ ਸੀ ਮੰਨਿਆ। ਇਸ ਗੱਲ ਦਾ ਜ਼ਿਕਰ ਕਰਦਿਆਂ ਹੋਇਆਂ, ਭਾਈ ਸੱਤਾ ਤੇ ਬਲਵੰਡ ਨੇ ਆਪਣੀ ਵਾਰ ਵਿੱਚ ਲਿਖਿਆ ਹੈ ਕਿ (ਗੁਰੂ ਨਾਨਕ ਦੇਵ ਜੀ ਦੇ) ਪੁੱਤਰਾਂ ਨੇ ਉਨ੍ਹਾਂ ਦਾ ਬਚਨ ਨਾ ਮੰਨਿਆ ਅਤੇ ਨਵੇਂ ਬਣਾਏ ਗੁਰੂ (ਗੁਰੂ ਅੰਗਦ ਦੇਵ ਜੀ) ਵੱਲ ਪਿੱਠ ਕਰ ਲਈ।

ਪੁਤ੍ਰੀ ਕਉਲੁ ਨ ਪਾਲਿਓ, ਕਰਿ ਪੀਰਹੁ ਕੰਨ੍ ਮੁਰਟੀਐ॥
ਦਿਲਿ ਖੋਟੈ ਆਕੀ ਫਿਰਨ੍ਹਿ, ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥

*(ਪੰਨਾ ੯੬੭)*

ਬਾਬਾ ਸ੍ਰੀ ਚੰਦ ਜੀ ਗੁਰੂ ਅੰਗਦ ਦੇਵ ਜੀ ਦੇ ਖਿਲਾਫ਼ ਪ੍ਰਚਾਰ ਕਰਦੇ ਰਹੇ ਅਤੇ ਜਦ ਵੀ ਕੋਈ ਗੱਲ ਕਰਦੇ ਤਾਂ ਉਨ੍ਹਾਂ ਨੂੰ 'ਸਾਡੇ ਘਰ ਦਾ ਟਹਿਲੂਆ' ਕਰ ਕੇ ਆਖਦੇ। ਗੁਰੂ ਅਮਰਦਾਸ ਜੀ ਨੂੰ ਤਾਂ ਉਹ ਮਿਲਣ ਵੀ ਨਾ ਆਏ। ਗੁਰੂ

ਰਾਮਦਾਸ ਜੀ ਦੇ ਸਮੇਂ ਤਕ ਗੁਰੂ-ਦਰਬਾਰ ਅਤੇ ਸਿੱਖੀ ਦੀ ਸ਼ੋਭਾ ਇਨੀ ਫੈਲ ਗਈ ਸੀ ਕਿ ਬਾਬਾ ਸ੍ਰੀ ਚੰਦ ਜੀ ਵੀ ਪ੍ਰਭਾਵਿਤ ਹੋਣੋ ਨਾ ਰਹਿ ਸਕੇ। ਉਹ ਬਾਰਠ *ਤੋਂ ਚੱਲ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਗੁਰੂ ਜੀ ਦੇ ਦਰਸ਼ਨਾਂ ਨੂੰ ਪੁੱਜੇ। ਨਾਲ ਉਨ੍ਹਾਂ ਦੇ ਹੋਰ ਸਾਧ ਵੀ ਸਨ। ਸਤਿਗੁਰਾਂ ਨੇ ਸਭ ਨੂੰ ਬੜਾ ਆਦਰ ਦਿੱਤਾ। ਬਾਬਾ ਜੀ ਦੀ ਉਮਰ ਸੱਤਰ ਸਾਲਾਂ ਤੋਂ ਵੀ ਵੱਧ ਹੋ ਚੁੱਕੀ ਸੀ, ਕਾਫੀ ਬਿਰਧ ਹੋ ਗਏ ਸਨ। ਸਤਿਗੁਰੂ ਜੀ ਨੇ ਆਪਣੀ ਹੱਥੀਂ ਉਨ੍ਹਾਂ ਦੀਆਂ ਲੱਤਾਂ ਘੁੱਟੀਆਂ, ਸੇਵਾ ਕੀਤੀ। ਗੁਰੂ ਰਾਮਦਾਸ ਜੀ ਦੀ ਦਾੜ੍ਹੀ ਬਹੁਤ ਲੰਮੀ ਸੀ। ਬਾਬਾ ਸ੍ਰੀ ਚੰਦ ਜੀ ਵੇਖ ਕੇ ਮੁਸਕਰਾ ਪਏ, ਤੇ ਆਖਣ ਲੱਗੇ : ਇੰਨਾਂ ਸੁੰਦਰ ਦਾੜ੍ਹਾ ਕਾਹਦੇ ਲਈ ਵਧਾਇਆ ਹੈ? ਸਤਿਗੁਰਾਂ ਨੇ ਉੱਤਰ ਦਿੱਤਾ ਕਿ ਤੁਹਾਡੇ ਵਰਗੇ ਮਹਾਂਪੁਰਖਾਂ ਦੇ ਪੈਰ ਝਾੜਨ ਲਈ। ਇਨਾ ਸੁਣਨਾ ਹੀ ਸੀ ਕਿ ਬਾਬਾ ਸ੍ਰੀ ਚੰਦ ਜੀ ਬੋਲੇ ਕਿ ਗੁਰੂ ਅੰਗਦ ਦੇਵ ਜੀ ਗੁਰਗੱਦੀ ਸੇਵਾ ਕਰਕੇ ਲੈ ਗਏ ਤੇ ਤੁਸੀਂ ਨਿਮ੍ਰਤਾ ਤੇ ਪ੍ਰੇਮ ਦੀ ਮੂਰਤ ਹੋਣ ਕਾਰਨ ਪਾਈ ਹੈ। ਤੁਹਾਡੀ ਮਹਿਮਾਂ ਪਹਿਲਾਂ ਵੀ ਸੁਣੀ ਸੀ, ਹੁਣ ਤਾਂ ਪ੍ਰੱਤਖ ਵੇਖ ਲਈ ਹੈ।

ਗੁਰੂ ਰਾਮਦਾਸ ਜੀ ਨੇ ਅਮਲੀ ਤੌਰ ਤੇ ਇਸ ਗੱਲ ਦੀ ਸਿੱਖਿਆ ਦਿਤੀ ਕਿ ਜਦੋਂ ਕੋਈ ਰੁਤਬਾ ਮਿਲ ਜਾਵੇ ਤਾਂ ਗੁਰਸਿੱਖ ਨੇ ਉਸਦਾ ਹੰਕਾਰ ਨਹੀਂ ਕਰਨਾ, ਸਗੋਂ ਰਿਦੇ-ਗਰੀਬੀ ਧਾਰਨ ਕਰਕੇ ਸੇਵਕ ਵਾਲਾ ਜੀਵਨ ਜੀਉਣਾ ਹੈ। ਗੁਰਗੱਦੀ ਦੀ ਮਹਾਨ ਬਖਸ਼ਿਸ਼ ਹੋਣ ਮਗਰੋਂ (ਹਜ਼ਾਰਾਂ ਲੱਖਾਂ ਤਨ, ਮਨ, ਧਨ ਵਾਰਨ ਵਾਲੇ ਗੁਰਸਿੱਖਾਂ ਦੇ ਗੁਰੂ ਬਣਨ ਮਗਰੋਂ) ਵੀ ਸਤਿਗੁਰੂ ਜੀ ਉਵੇਂ ਹੀ ਨਿਮਰਤਾ, ਹਲੀਮੀ, ਪ੍ਰੇਮ ਤੇ ਸੇਵਾ ਦਾ ਜੀਵਨ ਜੀਉਂਦੇ ਸਨ, ਜਿਵੇਂ ਆਪ ਨਿੱਕੇ ਹੁੰਦਿਆਂ ਘੁੰਗਣੀਆਂ ਵੇਚਣ ਸਮੇਂ ਅਤੇ ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਨਿਸ਼ਕਾਮ ਸੇਵਾ ਕਰਿਆ ਕਰਦੇ ਸਨ। ਅੱਜ ਦੇ ਸਿੱਖ ਧਾਰਮਕ-ਆਗੂ ਅਤੇ ਸਮਾਜਿਕ ਤੇ ਰਾਜਨੀਤਿਕ ਲੀਡਰ ਜੇ ਕਿਤੇ ਸਤਿਗੁਰਾਂ ਦੇ ਪਾਏ ਪੂਰਨਿਆਂ ਤੇ ਚੱਲ ਸੱਕਣ ਤਾਂ ਕੌਮ ਵਿਚੋਂ ਤਰ੍ਹਾਂ ਤਰ੍ਹਾਂ ਦੇ ਮਤਭੇਦ ਦੂਰ ਹੋ ਜਾਣ ਤੇ ਸਾਰਾ ਸਿੱਖ ਭਾਈਚਾਰਾ ਏਕਤਾ ਦੇ ਮਜ਼ਬੂਤ ਸੂਤਰ ਵਿਚ ਪਰੋਇਆ ਜਾਵੇ।

### (2) ਅਨੋਖਾ ਸੇਵਕ-ਭਾਈ ਹਿੰਦਾਲ

ਭਾਈ ਹਿੰਦਾਲ ਗੁਰੂ ਜੀ ਦੇ ਅਨਿੰਨ ਸਿੱਖ ਹੋਏ ਹਨ। ਆਪ ਜਿਲ੍ਹਾ ਅੰਮ੍ਰਿਤਸਰ ਦੇ ਜੰਡਿਆਲਾ ਨਗਰ ਦੇ ਰਹਿਣ ਵਾਲੇ ਸਨ। ਆਪ ਗੁਰੂ ਕੇ ਲੰਗਰ ਵਿੱਚ ਦਿਨ-ਰਾਤ ਸੇਵਾ ਕਰਿਆ ਕਰਦੇ ਸਨ। ਆਏ ਗਏ ਯਾਤਰੂ ਦੀ ਸੇਵਾ ਕਰਕੇ ਉਨ੍ਹਾਂ ਨੂੰ ਆਤਮਕ-ਸੁਖ ਮਿਲਦਾ ਸੀ। ਸੇਵਾ ਵਿਚ ਇਨੇ ਰੁੱਝੇ ਰਹਿੰਦੇ ਸਨ ਕਿ ਗੁਰੂ-ਦਰਬਾਰ ਵਿੱਚ ਜਾਣ ਦਾ ਸਮਾਂ ਵੀ ਕਦੇ-ਕਦੇ ਹੀ ਮਿਲਦਾ ਸੀ। ਉਂਝ ਹੱਥ ਸੇਵਾ ਵਿਚ ਤੇ ਸੁਰਤ ਸ਼ਬਦ ਵਿਚ ਜੁੜੀ ਰਹਿੰਦੀ ਸੀ। ਭਾਈ ਸਾਹਿਬ ਦੇ ਉੱਚੇ-ਸੁੱਚੇ ਜੀਵਨ ਕਰਕੇ ਸਿੱਖ ਸੰਗਤਾਂ ਉਨ੍ਹਾਂ ਨੂੰ ਬੜੀ ਸਤਿਕਾਰ ਦੀ ਨਜ਼ਰ ਨਾਲ

ਵੇਖਦੀਆਂ ਸਨ। ਉਨ੍ਹਾਂ ਦੀ ਸੇਵਾ ਦੀ ਸੁਗੰਧੀ ਗੁਰੂ ਰਾਮਦਾਸ ਜੀ ਤੱਕ ਵੀ ਜਾ ਪਹੁੰਚੀ। ਇਕ ਦਿਨ ਸਤਿਗੁਰੂ ਜੀ ਭਾਈ ਹਿੰਦਾਲ ਜੀ ਨੂੰ ਵੇਖਣ ਲੰਗਰ ਵਿਚ ਆਪ ਆ ਗਏ। ਭਾਈ ਸਾਹਿਬ ਆਟਾ ਗੁੰਨ੍ਹ ਰਹੇ ਸਨ। ਸਤਿਗੁਰਾਂ ਨੂੰ ਵੇਖ ਕੇ ਹੈਰਾਨ ਰਹਿ ਗਏ। ਹੱਥ ਧੋਣ ਦਾ ਮੌਕਾ ਵੀ ਨਾ ਮਿਲਿਆ, ਪਰ ਆਟੇ ਨਾਲ ਲਿੱਬੜੇ ਹੱਥਾਂ ਨਾਲ ਗੁਰੂ-ਚਰਨਾਂ ਉਤੇ ਨਮਸਕਾਰ ਕਰਨ ਵਿਚ ਉਨ੍ਹਾਂ ਗੁਰੂ ਜੀ ਦੀ ਨਿਰਾਦਰੀ ਸਮਝੀ। ਲਿੱਬੜੇ ਹੱਥ ਭਾਈ ਜੀ ਨੇ ਪਿੱਠ ਪਿੱਛੇ ਕਰ ਲਏ, ਅਤੇ ਗੋਡਿਆਂ ਭਾਰ ਹੋ ਕੇ ਸਤਿਗੁਰੂ ਜੀ ਦੇ ਚਰਨਾਂ ਉੱਤੇ ਢਹਿ ਪਏ। ਉਨ੍ਹਾਂ ਦਾ ਇਹ ਅਨੋਖਾ ਢੰਗ ਵੇਖ ਕੇ ਸਤਿਗੁਰੂ ਜੀ ਮੁਸਕਰਾ ਪਏ। ਮਿਹਰ ਦੇ ਘਰ ਵਿੱਚ ਆ ਕੇ ਗੁਰਸਿੱਖ ਨੂੰ ਥਾਪੜਾ ਦਿੱਤਾ। ਭਾਈ ਹਿੰਦਾਲ ਦੇ ਉਚੇ-ਸੁੱਚੇ ਜੀਵਨ ਨੂੰ ਵੇਖਦਿਆਂ ਹੋਇਆਂ ਗੁਰੂ ਜੀ ਨੇ ਉਨ੍ਹਾਂ ਨੂੰ ਸਿੱਖ ਧਰਮ ਦਾ ਪ੍ਰਚਾਰਕ ਥਾਪ ਦਿੱਤਾ। ਖਾਲਕ ਨੂੰ ਖਲਕਤ ਵਿਚ ਵੇਖਣਾ; ਸਿੱਖ ਧਰਮ ਦਾ ਇਕ ਜ਼ਰੂਰੀ ਸਿਧਾਂਤ ਹੈ। ਨਿਸ਼ਕਾਮ ਸੇਵਾ ਵੀ ਤਾਂ ਹੀ ਹੋ ਸਕਦੀ ਹੈ ਜੇ ਆਪਣੇ ਅੰਦਰ ਵਸਦੀ ਪ੍ਰਭੂ ਦੀ ਜੋਤਿ ਸਭਨਾਂ ਦੇ ਹਿਰਦਿਆਂ ਵਿਚ ਵਸਦੀ ਅਨੁਭਵ ਕੀਤੀ ਜਾ ਸਕੇ। ਅਜਿਹੇ ਸੁਭਾਗੇ ਮਨੁੱਖ ਹੀ ਧਰਮ ਪ੍ਰਚਾਰ ਦੀ ਸੇਵਾ ਨੂੰ ਨਿਭਾ ਸਕਦੇ ਹਨ।

### (3) ਮਾਨਸਿਕ-ਸ਼ਾਂਤੀ ਕਿਵੇਂ ਹੋਵੇ

ਧਰਮ-ਮਾਰਗ ਦੇ ਪਾਂਧੀਆਂ ਦੀ ਸਭ ਤੋਂ ਪ੍ਰਬਲ ਇੱਛਾ ਮਾਨਸਿਕ-ਸ਼ਾਂਤੀ ਦੀ ਹੁੰਦੀ ਹੈ। ਸੰਸਾਰ ਦੇ ਝਮੇਲਿਆਂ ਵਿੱਚ ਮਨੁੱਖ ਨੂੰ ਕਈ ਤਰ੍ਹਾਂ ਦੀਆਂ ਚਿੰਤਾਵਾਂ ਘੇਰੀ ਰੱਖਦੀਆਂ ਹਨ। ਮਾਇਆ ਵੱਖ ਵੱਖ ਰੂਪਾਂ ਵਿਚ ਧਰਮ-ਪਾਂਧੀ ਦੇ ਰਾਹ ਵਿਚ ਆਣ ਖਲੋਂਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰ ਮਨੁੱਖੀ ਮਨ ਤੇ ਹਮਲਾ ਕਰਦੇ ਰਹਿੰਦੇ ਹਨ। ਦੁਖ, ਬੀਮਾਰੀ, ਗਰੀਬੀ ਤੇ ਹੋਰ ਮੁਸੀਬਤਾਂ ਮਨੁੱਖ ਨੂੰ ਚਿੰਤਾ-ਝੋਰਿਆਂ ਦੀ ਡੂੰਘੀ ਖੱਡ ਵਿਚ ਸੁੱਟੀ ਰਖਦੇ ਹਨ। ਵਿਚਾਰਵਾਨ ਮਨੁੱਖ ਐਸੀ ਦਸ਼ਾ ਤੋਂ ਬਚਣ ਦੇ ਉਪਾਅ ਸੋਚਦੇ ਰਹਿੰਦੇ ਹਨ। ਐਸਾ ਉਹ ਨਿਰੀ ਆਪਣੀ ਸੁਖ-ਸ਼ਾਂਤੀ ਲਈ ਨਹੀਂ ਸੋਚਦੇ, ਸਗੋਂ ਹਰੇਕ ਪ੍ਰਾਣੀ-ਮਾਤਰ ਦੇ ਭਲੇ ਲਈ ਸੋਚਦੇ ਤੇ ਉਪਰਾਲੇ ਕਰਦੇ ਹਨ।

ਗੁਰੂ ਰਾਮਦਾਸ ਜੀ ਦਾ ਇਕ ਪ੍ਰਮੁਖ ਸਿੱਖ ਭਾਈ ਤੀਰਥਾ ਸੀ। ਇਕ ਵਾਰ ਉਹ ਆਪਣੇ ਰਿਸ਼ਤੇਦਾਰਾਂ ਤੇ ਸੰਗੀ-ਸਾਥੀਆਂ ਦੇ ਨਾਲ ਗੁਰੂ-ਦਰਬਾਰ ਵਿਚ ਆਇਆ। ਗੁਰੂ ਪਾਤਸ਼ਾਹ ਨੂੰ ਬੇਨਤੀ ਕੀਤੀ : ਹੇ ਪਾਤਸ਼ਾਹ ਸਾਡਾ ਕਲਯੁਗੀ ਜੀਵਾਂ ਦਾ ਮਨ ਨਹੀਂ ਠਹਿਰਦਾ। ਸੰਸਾਰ ਵਿੱਚ ਲੋਕੀਂ ਸ਼ਾਂਤੀ ਲਈ ਭਟਕ ਰਹੇ ਹਨ, ਪਰ ਮਨ ਨੂੰ ਚੈਨ ਨਹੀਂ ਆਉਂਦਾ। ਆਪ ਕ੍ਰਿਪਾ ਕਰਕੇ ਮਨ ਵੱਸ ਕਰਨ ਦਾ ਤੇ ਮਾਇਆ ਦੇ ਸੇਕ ਨਾਲ ਤਪ ਰਹੇ ਮਨ ਨੂੰ ਸ਼ਾਂਤ ਕਰਨ ਦਾ ਉਪਾਅ ਦੱਸੋ। ਭਾਈ ਤੀਰਥਾ ਜੀ ਦੀ ਇਹ ਅਰਜ਼ੋਈ ਅਸਲ ਵਿਚ ਨਾਲ ਆਈ ਸੰਗਤ ਦੇ ਭਲੇ ਲਈ ਸੀ।

ਸਤਿਗੁਰੂ ਜੀ ਨੇ ਫੁਰਮਾਇਆ ਕਿ ਸੱਚੇ ਪ੍ਰਭੂ ਦੇ ਨਾਮ ਵਿਚ ਸੁਰਤ ਜੋੜਨ ਨਾਲ ਤੇ ਸੱਚ ਨੂੰ ਜੀਵਨ ਦਾ ਆਧਾਰ ਬਣਾਉਣ ਨਾਲ ਹੀ ਮਨ ਵੱਸ ਵਿੱਚ ਆ ਸਕਦਾ ਹੈ। ਇਸ ਲਈ ਹਰ ਉਹ 'ਪੂਜਾ' ਛੱਡ ਦੇਣੀ ਚਾਹੀਦੀ ਹੈ, ਜੋ ਚਿਤ ਬਿਰਤੀ ਨੂੰ ਖਿੰਡਾਉਂਦੀ ਹੈ :

**ਮੜ੍ਹੀ ਮਸਾਣ ਪੀਰ ਮਕਾਨੋ।ਮਾਨਨ ਪੂਜਨ ਇਨੈ ਨ ਠਾਨੋ।**

ਜਿਥੇ ਸੱਚੇ (ਸਦਾ ਕਾਇਮ ਰਹਿਣ ਵਾਲੇ) ਪ੍ਰਭੂ ਦੀ ਸਿਫਤ-ਸਲਾਹ ਕਰਨੀ ਹੈ, ਉਥੇ ਵਿਹਾਰ ਵੀ ਸੱਚ ਦਾ ਕਰਨਾ ਹੈ-ਮੁੱਖੋਂ ਵੀ ਸੱਚ ਬੋਲਣਾ ਹੈ, ਤੇ ਦਿਲੋਂ ਵੀ ਸਚਿਆਰ ਰਹਿਣਾ ਹੈ। ਸੱਚ ਦੀ ਕਮਾਈ ਨਾਲ ਸੱਚੇ ਪ੍ਰਭੂ ਵਿਚ ਸਮਾਈ ਪ੍ਰਾਪਤ ਹੁੰਦੀ ਹੈ। ਸਾਖੀਕਾਰ ਨੇ ਗੁਰੂ-ਬਚਨਾਂ ਨੂੰ ਇਝ ਅੰਕਿਤ ਕੀਤਾ ਹੈ :

**ਏਕ ਅਕਾਲ ਉਪਾਸ਼ੋ ਪਿਆਰੇ। ਛਕੋ, ਧਰਮ ਕੀ ਕਰ ਸਭ ਕਾਰੇ।**
**ਕਰੋ ਸਾਚ ਕਾ ਸਬ ਬਿਵਹਾਰ। ਸੁਖ ਸੰਪਤਿ ਜਯੋਂ ਬਢੈ ਅਪਾਰ।**
**ਏਕ ਬੋਲ ਇਕ ਤੋਲ ਰਖੀਜੈ। ਸੁਕ੍ਰਿਤ ਕਰੋ ਸਰਬ ਦੁਖ ਛੀਜੈ।**

*(ਸੂਰਜ ਪ੍ਰਕਾਸ਼)*

### (4) ਜਨਮ-ਮਰਨ ਤੋਂ ਖਲਾਸੀ

ਧਰਮੀ ਮਨੁੱਖਾਂ ਦੀ ਇਹ ਚਾਹ ਵੀ ਰਹੀ ਹੈ ਕਿ ਜਨਮ-ਮਰਨ ਅਥਵਾ ਆਵਾਗਵਣ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਕੀਤੀ ਜਾਵੇ। ਸੰਸਾਰ ਵਿਚ ਕਈ ਤਰ੍ਹਾਂ ਦੇ ਧਰਮ-ਕਰਮ ਇਸ ਮਨੋਰਥ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਹਨ।

ਇਕੇਰਾਂ ਭਾਈ ਮਾਣਕ ਚੰਦ, ਭਾਈ ਪੂਰੋ ਅਤੇ ਭਾਈ ਬਿਸ਼ਨ ਦਾਸ ਗੁਰੂ ਦਰਬਾਰ ਹਾਜ਼ਰ ਹੋਏ ਤੇ ਅਰਜ਼ੋਈ ਕੀਤੀ-ਹੇ ਸੱਚੇ ਪਾਤਸ਼ਾਹ! ਕੋਈ ਐਸਾ ਰਾਹ ਦੱਸੋ 'ਜਿਸ ਕਰਕੇ ਅਸਾਡਾ ਜਨਮ ਮਰਨ ਕੱਟੇ, ਪਰਵਾਰ ਸੁਧਰੇ।' ਸਤਿਗੁਰੂ ਜੀ ਨੇ ਬਚਨ ਕੀਤਾ ਕਿ ਇਹ ਅਪਣੱਤ ਦੀ ਭਾਵਨਾ ਹੀ ਹੈ, ਜੋ ਮਨੁੱਖ ਨੂੰ ਮੋਹ ਮਾਇਆ ਦੇ ਜਾਲ ਵਿਚ ਫਸਾਈ ਰੱਖਦੀ ਹੈ। 'ਮੈਂ' ਅਤੇ 'ਮੇਰੀ' ਦੀ ਭਾਵਨਾ ਦੇ ਅਧੀਨ ਕੀਤੇ ਕੰਮ ਮਨੁੱਖ ਨੂੰ ਜਨਮ-ਮਰਨ ਦੇ ਗੇੜ ਵਿੱਚ ਪਾਈ ਰਖਦੇ ਹਨ। ਸੋ, ਸਭ ਤੋਂ ਪਹਿਲਾਂ ਇਸ ਅਪਣੱਤ ਦੀ ਭਾਵਨਾ ਦਾ ਤਿਆਗ ਕਰੋ, ਤੇ ਮਨ ਵਿਚ ਇਹ ਦ੍ਰਿੜ ਕਰ ਲਓ ਕਿ ਸਭ ਕੁਝ ਕਰਤਾਰ ਦਾ ਹੀ ਹੈ। ਜਿਸ 'ਸਰੀਰ' ਨੂੰ ਆਪਣਾ ਕਹੀਦਾ ਹੈ, ਇਹ ਵੀ ਆਪਣਾ ਨਹੀਂ। ਇਹ ਉਨਾ ਚਿਰ ਹੀ ਕਾਇਮ ਹੈ, ਜਿੰਨਾ ਚਿਰ ਇਸ ਵਿਚ ਪ੍ਰਭੂ ਦੀ ਜੋਤਿ ਹੈ। ਧੀਆਂ-ਪੁੱਤਰ, ਧਨ-ਜਾਇਦਾਦ ਨਾਲ ਅਪਣੱਤ ਆਤਮਕ-ਮੌਤ ਦਾ ਕਾਰਨ ਬਣਦੀ ਹੈ। ਸੰਸਾਰ ਨੂੰ ਬੇੜੀ ਦਾ ਮੇਲਾ ਹੀ ਸਮਝਣਾ ਚਾਹੀਦਾ ਹੈ, ਜਿਸ ਵਿਚ ਮੁਸਾਫਿਰ ਮਿਲਦੇ ਹਨ ਪਰ ਆਪਸ ਵਿਚ ਕੋਈ ਡੂੰਘੀ ਸਾਂਝ ਨਹੀਂ ਪਾਉਂਦੇ :

**ਤਜਹਿ ਅਪਨਪੌ ਤਿਨ ਤੇ ਘਨੋ। ਜਾਨਹਿ ਤਰੀ ਮੇਲ ਗਨ ਮਨੋ।**

ਇਸ ਤਰ੍ਹਾਂ ਸੋਚਣ ਵਾਲੇ ਸੇਵਕ-ਜਨਾਂ ਦੀ ਪ੍ਰਭੂ ਆਪ ਪੈਜ ਰਖਦਾ ਹੈ। ਉਨ੍ਹਾਂ ਦਾ ਰਾਜ਼ਕ ਤੇ ਪਾਲਕ ਬਣ ਜਾਂਦਾ ਹੈ। ਦੁੱਖਾਂ-ਕਸ਼ਟਾਂ ਦੀ ਨਵਿਰਤੀ ਵੀ ਆਪ ਕਰ ਦਿੰਦਾ ਹੈ। ਅਪਣੱਤ ਦੀ ਭਾਵਨਾ ਨੂੰ ਮਾਰ ਕੇ ਗੁਰ-ਸੰਗਤਾਂ ਅਤੇ ਲੋੜਵੰਦਾਂ ਦੀ ਸੇਵਾ ਕਰਨੀ ਹੈ। ਉਹ ਵੀ ਨਿਰਾ ਆਪ ਹੀ ਨਹੀਂ ਕਰਨੀ, ਸਗੋਂ ਸਾਰੇ ਪਰਿਵਾਰ ਕੋਲੋਂ ਕਰਾਉਣੀ ਹੈ। ਆਪਣੇ ਆਪ ਨੂੰ ਪ੍ਰਭੂ ਦੇ ਟਹਿਲੀਏ ਜਾਣਨਾ ਹੈ।

ਸਤਿਗੁਰੂ ਜੀ ਨੇ ਹੋਰ ਸਮਝਾਇਆ ਕਿ ਜਿਹੜਾ ਮਨੁੱਖ ਅਜਿਹੇ ਵਿਚਾਰਾਂ ਦਾ ਧਾਰਨੀ ਹੋ ਕੇ ਜੀਵਨ ਬਸਰ ਕਰਦਾ ਹੈ, ਉਸਦਾ ਰਾਖਾ ਆਪ ਸਤਿਗੁਰੂ-ਨਿਰੰਕਾਰ ਬਣ ਜਾਂਦਾ ਹੈ। ਜਿਵੇਂ ਨੌਕਰ ਘੋੜੇ ਦੀ ਸਵਾਰੀ ਕਰਨ ਮਗਰੋਂ, ਘੋੜੇ ਨੂੰ ਮਾਲਕ ਦੇ ਬੂਹੇ ਤੇ ਲਿਆ ਬੰਨ੍ਹਦੇ ਹਨ, ਤਾਂ ਘੋੜੇ ਦੀ ਸਾਰੀ ਚਿੰਤਾ ਮਾਲਕ ਨੂੰ ਹੁੰਦੀ ਹੈ। ਤਿਵੇਂ ਹੀ ਜਿਹੜੇ ਅਪਣੱਤ ਛੱਡ, ਪ੍ਰਭੂ ਦੇ ਹੋ ਜਾਂਦੇ ਹਨ, ਉਨ੍ਹਾਂ ਦੀ ਚਿੰਤਾ ਪ੍ਰਭੂ ਆਪ ਕਰਦਾ ਹੈ। ਚਿੰਤਾ ਗਈ, ਤਾਂ ਮਾਨਸਿਕ ਸ਼ਾਂਤੀ ਆ ਜਾਂਦੀ ਹੈ:

**ਜਥਾ ਖਸਮ ਕੇ ਦਰ ਪਰ ਘੋਰਾ। ਚਾਕਰ ਚੜਿ ਆਵਹਿ ਦੇ ਛੋਰਾ।**
**ਤਬਿ ਸਭ ਚਿੰਤ ਖਸਮ ਕੋ ਹੋਇ। ਖਾਨ ਪਾਨ ਦੇ ਪੋਖਹਿ ਸੋਇ।੩੮।**

*(ਸੂਰਜ ਪ੍ਰਕਾਸ਼, ਰਾਸ ਦੂਜੀ, ਅੰਸ਼ ੧੭)*

ਭਾਈ ਮਾਣਕ ਚੰਦ ਜੀ ਤੇ ਹੋਰ ਸਿੱਖਾਂ ਨੇ ਗੁਰ-ਉਪਦੇਸ਼ ਨੂੰ ਪੱਲੇ ਬੰਨ੍ਹ ਲਿਆ। ਗੁਰ ਉਪਦੇਸ਼ ਦੀ ਕਮਾਈ ਕਰਨ ਦੇ ਨਾਲ ਪਰਿਵਾਰ ਸਮੇਤ ਸੇਵਾ ਵਿਚ ਜੁਟੇ ਰਹੇ। ਜਿਥੇ ਆਮ ਜਨਮ-ਮਰਨ ਦੇ ਗੇੜ ਤੋਂ ਮੁਕਤੀ ਹਾਸਿਲ ਕੀਤੀ, ਉਥੇ ਅਨੇਕਾਂ ਹੋਰਾਂ ਨੂੰ ਭਵ-ਸਾਗਰ ਤਰਨ ਦੀ ਜਾਚ ਸਿਖਾਈ।

## (5) ਗ੍ਰਿਹਸਤ ਵਿਚ ਮੁਕਤੀ

ਹਿੰਦੋਸਤਾਨ ਵਿਚ ਪੁਰਾਣੇ ਧਰਮਾਂ ਨੇ ਇਹ ਪ੍ਰਚਾਰ ਕੀਤਾ ਹੋਇਆ ਸੀ ਕਿ ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਇਸੇ ਲਈ ਮੁਕਤੀ ਦੇ ਚਾਹਵਾਨ ਵਸੋਂ ਤੋਂ ਦੂਰ ਜੰਗਲਾਂ, ਬੇਲਿਆਂ ਜਾਂ ਪਹਾੜਾਂ ਦੀਆਂ ਕੰਦਰਾਂ ਵਿਚ ਰਹਿਣਾ ਸ਼ੁਰੂ ਕਰ ਦਿੰਦੇ ਸਨ ਅਤੇ ਅਨੇਕਾਂ ਤਰ੍ਹਾਂ ਦੇ ਜਪ-ਤਪ ਕਰਦੇ ਸਨ। ਮੁਕਤੀ ਪ੍ਰਾਪਤ ਕਰਨ ਦੇ ਇਸ ਢੰਗ ਦਾ ਇਨਾ ਪ੍ਰਚਾਰ ਹੋਇਆ ਸੀ ਕਿ ਇਹ ਲੋਕਾਂ ਦੇ ਮਨ ਦੀ ਗਹਿਰਾਈ ਤੱਕ ਅਸਰ ਕਰ ਗਿਆ ਸੀ। ਗੁਰੂ ਸਾਹਿਬਾਨ ਅਤੇ ਅਨੇਕਾਂ ਗੁਰਸਿੱਖ ਪ੍ਰਚਾਰਕਾਂ ਨੂੰ ਇਸ ਭਰਮ-ਜਾਲ ਨੂੰ ਤੋੜਨ ਲਈ ਬਹੁਤ ਮਿਹਨਤ ਕਰਨੀ ਪਈ। ਕਈ ਪੁਰਾਤਨ-ਪੰਥੀ ਸਿੱਖਾਂ ਨੂੰ ਟਿੱਚਰਾਂ ਵੀ ਕਰਦੇ ਰਹਿੰਦੇ ਸਨ ਕਿ ਤੁਹਾਡਾ ਧਰਮ ਤਾਂ ਘਰਬਾਰੀ ਹੋਣ ਦੀ ਸਿਖਿਆ ਦਿੰਦਾ ਹੈ। ਤੁਹਾਡੀ ਮੁਕਤੀ ਤਾਂ ਹੋ ਹੀ ਨਹੀਂ ਸਕਦੀ।

ਇਕ ਦਿਨ ਤਿੰਨ ਪ੍ਰੇਮੀ ਗੁਰਸਿੱਖਾਂ-ਭਾਈ ਪਦਾਰਥੁ, ਭਾਈ ਤਾਰੂ ਅਤੇ ਭਾਈ ਭਾਰੂ ਜੀ ਨੇ ਭਰੇ ਦੀਵਾਨ ਵਿਚ ਗੁਰੂ ਜੀ ਅਗੇ ਅਰਜ਼ੋਈ ਕੀਤੀ ਕਿ ਅਸੀਂ ਤਾਂ ਗ੍ਰਿਹਸਤ-ਕੁਟੰਬਾਂ ਵਾਲੇ ਹਾਂ, ਪਰਿਵਾਰ ਦੀ ਪਾਲਣਾ ਲਈ ਕੰਮ-ਧੰਦਿਆਂ ਵਿਚ ਰੁੱਝੇ ਰਹਿੰਦੇ ਹਾਂ। ਸਾਡੀ ਕਲਿਆਣ ਕਿਵੇਂ ਹੋਵੇਗੀ?

ਗੁਰੂ ਪਾਤਸ਼ਾਹ ਨੇ ਉਨ੍ਹਾਂ ਨੂੰ ਸਮਝਾਇਆ ਕਿ ਇਹ ਖਿਆਲ ਮਨ ਵਿਚੋਂ ਕੱਢ ਦਿਓ ਕਿ ਪਰਿਵਾਰ ਨੂੰ ਪਾਲਣ ਵਾਲੇ ਅਸੀਂ ਹਾਂ। ਸਗੋਂ ਸਭ ਨੂੰ ਪਾਲਣ ਵਾਲਾ ਪ੍ਰਭੂ-ਅਕਾਲ ਪੁਰਖ ਹੀ ਹੈ। ਉਸਨੇ ਸਾਡੀ ਉਪਜੀਵਿਕਾ ਦੇ ਸਾਰੇ ਇੰਤਜ਼ਾਮ ਕੀਤੇ ਹੋਏ ਹਨ। ਸਾਡਾ ਫ਼ਰਜ਼ ਇੰਨਾ ਹੀ ਬਣਦਾ ਹੈ ਕਿ ਅਸੀਂ ਪ੍ਰਭੂ ਦਾ ਨਾਮ ਜਪੀਏ, ਉਸਦੀ ਸਿਫ਼ਤ ਸਲਾਹ ਕਰੀਏ, ਸੱਚੀ-ਸੁੱਚੀ ਕਿਰਤ ਕਰੀਏ ਤੇ ਆਪਣੀ ਨੇਕ ਕਮਾਈ ਨਾਲ ਲੋੜਵੰਦਾਂ ਦੀ ਸੇਵਾ ਕਰੀਏ ਜਾਂ ਧਰਮ ਕਾਰਜਾਂ ਦੀ ਪੂਰਤੀ ਲਈ ਦਸਵੰਧ ਕੱਢੀਏ। ਇਸ ਗੁਰਮਤਿ ਗਾਡੀ-ਰਾਹ ਤੇ ਚਲਦਿਆਂ ਕਲਿਆਣ ਅਵੱਸ਼ ਹੋਵੇਗੀ।

ਮੁਕਤੀ ਪ੍ਰਾਪਤੀ ਦਾ ਇਹ ਸੁਖੈਨ ਤੇ ਸਹਿਜੇ ਹੀ ਸਮਝ ਵਿਚ ਆ ਸਕਣ ਵਾਲਾ ਰਾਹ ਹੈ। ਪਰਿਵਾਰਕ ਫ਼ਰਜ਼ ਵੀ ਇਸ ਰਾਹ ਵਿਚ ਕੋਈ ਰੁਕਾਵਟ ਨਹੀਂ ਬਣਦੇ। ਲੋੜ ਤਾਂ ਹੈ ਸਿਰਫ ਪ੍ਰਭੂ ਉਤੇ ਪੂਰਨ ਭਰੋਸੇ ਦੀ ਅਤੇ ਗੁਰੂ ਦੇ ਦੱਸੇ ਰਾਹ ਤੇ ਦ੍ਰਿੜ੍ਹਤਾ ਨਾਲ ਚੱਲਣ ਦੀ। ਤਿੰਨਾਂ ਹੀ ਸਿੱਖਾਂ ਗੁਰ-ਉਪਦੇਸ਼ਾਂ ਅਨੁਸਾਰ ਆਪਣਾ ਜੀਵਨ ਢਾਲ ਲਿਆ ਅੰਤ ਗੁਰੂ ਦਰ ਦੇ ਖਾਸ ਸੇਵਕ ਕਰਕੇ ਜਾਣੇ ਗਏ :-

**ਪੁਰਖੁ ਪਦਾਰਥ ਜਾਣੀਐ। ਤਾਰੂ ਭਾਰੂ ਦਾਸ ਦੁਆਰਾ।**

### (6) ਆਤਮਕ ਸੁੱਖ ਦੀ ਪ੍ਰਾਪਤੀ

ਭਾਈ ਮਹਾਂ ਨੰਦ ਜੀ ਤੇ ਭਾਈ ਬਿਧੀ ਚੰਦ ਜੀ ਗੁਰੂ ਜੀ ਦੀ ਸ਼ਰਨ ਆਏ। ਇਕ ਦਿਨ ਆਖਣ ਲਗੇ, 'ਹੇ ਸੱਚੇ ਪਾਤਸ਼ਾਹ ਜੀ! ਸੁੱਖ ਦੀ ਪ੍ਰਾਪਤੀ ਲਈ ਥਾਂ-ਥਾਂ ਭਟਕਦੇ ਰਹੇ ਹਾਂ, ਪਰ ਅੰਦਰ ਦਾ ਸੁਖ ਨਹੀਂ ਮਿਲਿਆ। ਸਗੋਂ ਇੰਝ ਲਗਦਾ ਹੈ ਕਿ ਰਾਗ-ਦ੍ਵੈਸ਼ ਹੋਰ ਵਧ ਗਿਆ ਹੈ। ਕ੍ਰਿਪਾ ਕਰਕੇ ਦੱਸੋ ਕਿ ਅਸਲ ਸੁਖ ਕਿਵੇਂ ਮਿਲ ਸਕਦਾ ਹੈ ਤੇ ਜਨਮ-ਮਰਨ ਦਾ ਦੁਖ ਕਿਵੇਂ ਕੱਟਿਆ ਜਾ ਸਕਦਾ ਹੈ?

ਸਤਿਗੁਰਾਂ ਨੇ ਸਹਿਜੇ ਹੀ ਆਖਿਆ, 'ਗੁਰਸਿੱਖੋ ਆਪਣਾ ਸਰੂਪ ਪਛਾਣੋ, ਫਿਰ ਦੁਖ ਦੇ ਬੰਧਨ ਕੱਟੇ ਜਾਣਗੇ।' ਤਦ ਦੋਹਾਂ ਸਿੱਖਾਂ ਨੇ ਕਿਹਾ 'ਸਤਿਗੁਰ ਜੀ, ਅਸੀਂ ਤਾਂ ਆਪਣਾ ਸਰੂਪ ਤਾਂ ਇਹੀ ਜਾਣਦੇ ਹਾਂ ਕਿ ਅਸੀਂ ਖਤਰੀਆਂ ਦੇ ਪੁੱਤ ਹਾਂ, ਜੱਟ ਹਾਂ। ਇਸ ਤੋਂ ਵੱਧ ਕੁਝ ਨਹੀਂ ਪਤਾ।' ਜਵਾਬ ਸੁਣਕੇ ਸਤਿਗੁਰੂ ਜੀ ਮੁਸਕਰਾਏ ਤੇ ਫੁਰਮਾਇਆ, 'ਇਹ ਜੱਟ-ਖੱਤਰੀ ਤਾਂ ਤੁਹਾਨੂੰ ਮਾਤਾ-ਪਿਤਾ ਨੇ ਆਖਿਆ ਹੈ, ਜਾਂ ਲੋਕ ਕਹਿੰਦੇ ਹਨ। ਅਸੀਂ ਇਸ ਬਾਹਰੀ ਸਰੂਪ ਦੀ ਗੱਲ ਨਹੀਂ

ਕਰਦੇ, ਅੰਦਰਲੇ ਦੀ ਗੱਲ ਕਰਦੇ ਹਾਂ। ਸਰੀਰ ਵਿਚ ਕੋਈ ਹੋਰ ਵਸਤੂ ਵੀ ਹੈ, ਜਿਸਦੇ ਆਸਰੇ ਤੁਰ ਫਿਰ ਰਹੇ ਹੋ; ਕੰਮ-ਕਾਜ ਕਰਦੇ ਹੋ। ਅੰਦਰ ਜੋ ਹਰੀ ਦੀ ਜੋਤਿ ਹੈ ਉਹ ਅਸਲ ਵਸਤੂ ਹੈ। ਉਸਤੋਂ ਬਿਨਾਂ ਤਾਂ ਸਰੀਰ ਨਿਰੀ ਮਿੱਟੀ ਹੈ।

ਤਦ ਸਿੱਖਾਂ ਕਿਹਾ, 'ਆਪਣਾ ਸਰੂਪ ਕਿਵੇਂ ਪਛਾਣੀਏ? ਅੰਦਰਲੀ ਜੋਤਿ ਨਾਲ ਸਾਂਝ ਕਿਵੇਂ ਬਣੇ?' ਗੁਰੂ ਮਹਾਰਾਜ ਜੀ ਨੇ ਬਚਨ ਕੀਤਾ :

ਸਦਾ ਕਥਾ ਕੀਰਤਨ ਨੇਮ ਨਾਲ ਸੁਣੋ। ਸੰਗਤ ਦੀ ਸੇਵਾ ਪਿਆਰ ਨਾਲ ਕਰੋ। ਬਾਣੀ ਪੜ੍ਹੋ, ਬਾਣੀ ਦੀ ਅਰਥ-ਵੀਚਾਰ ਕਰਦਿਆਂ ਆਪਣਾ ਹਿਰਦਾ ਤੋਲਦੇ ਰਹੋ। ਸੁਚੇਤ ਰਹੋ। ਜਦੋਂ ਮਨ ਡੋਲੇ, ਬਾਣੀ ਦੀ ਵੀਚਾਰ ਨਾਲ ਥੰਮ੍ਹ ਲਓ। ਇੰਝ ਕੀਤਿਆਂ ਸਰੂਪ ਦੀ ਪਛਾਣ ਹੋ ਜਾਵੇਗੀ:

ਸਤਿ ਸੰਗਤਿ ਕੀਜਹਿ ਚਿਤ ਲਾਈ।
ਕਥਾ ਨੇਮੁ ਤੇ ਸੁਨੀਅਹਿ ਕਾਨ। ਗੁਰ ਸਿਖਨ ਸੇਵਹੁ ਹਿਤ ਠਾਨਿ।੧੪।
ਕਰਹੁ ਬਿਚਾਰਨ ਸਤਿਗੁਰ ਬਾਨੀ। ਅਰਥ ਲਖਹੁ ਕਰਿ ਪ੍ਰੀਤ ਮਹਾਨੀ।
ਤਿਸ ਕੇ ਸਾਥ ਰਿਦਾ ਨਿਜ ਤੋਲਹੁ।
ਦੁਖ ਸੁਖ ਬਿਖੈ ਨ ਕਬਹੂੰ ਡੋਲਹੁ।੧੫।

### (7) ਗੁਰਸਿੱਖਾਂ ਦੀ ਸੇਵਾ

ਗੁਰੂ ਨਾਨਕ ਸਾਹਿਬ ਜੀ ਨੇ ਜੋ 'ਸੰਗਤਾਂ' ਥਾਪੀਆਂ ਸਨ, ਉਹਨਾਂ ਦਾ ਇਕ ਪ੍ਰਯੋਜਨ ਤਾਂ ਪ੍ਰਭੂ ਦੀ ਸਿਫ਼ਤ-ਸਲਾਹ, ਗੁਰਬਾਣੀ ਦੀ ਵੀਚਾਰ ਜਾਂ ਕੀਰਤਨ ਕਰਨਾ ਸੀ, ਤੇ ਦੂਜਾ ਪ੍ਰਯੋਜਨ ਸੀ ਭਾਈਚਾਰਕ ਦੁਖ-ਸੁਖ ਵਿਚ ਸਾਂਝ ਪਾਉਣੀ, ਗੁਰਸਿੱਖਾਂ ਵਿਚ ਪ੍ਰੇਮ-ਪਿਆਰ ਵਧਾਉਣਾ ਤੇ ਸਿਖ ਭਾਈਚਾਰੇ ਦੀਆਂ ਸਮੇਂ ਸਮੇਂ ਸਿਰ ਉੱਠਣ ਵਾਲੀਆਂ ਮੁਸ਼ਕਿਲਾਂ ਦਾ ਹੱਲ ਲੱਭਣਾ। ਸਾਰੇ ਗੁਰੂ ਸਾਹਿਬਾਨ ਸੰਗਤ ਦੀ ਇਸ ਮਹਾਨਤਾ ਨੂੰ ਆਪਣੇ ਆਪਣੇ ਸਮੇਂ ਉਜਾਗਰ ਕਰਦੇ ਰਹੇ ਹਨ।

ਇਕ ਦਿਨ ਭਾਈ ਧਰਮ ਦਾਸ, ਭਾਈ ਡਗੂਰ ਦਾਸ, ਭਾਈ ਦੀਪਾ, ਭਾਈ ਜੇਠਾ, ਭਾਈ ਸੰਸਾਰੂ, ਭਾਈ ਬੂਲਾ ਤੇ ਭਾਈ ਤੀਰਥਾ ਆਦਿ ਸਿੱਖਾਂ ਨੇ ਬੇਨਤੀ ਕੀਤੀ ਹੈ ਕਿ ਹੇ ਪਾਤਸ਼ਾਹ ਜਿਵੇਂ ਵੀ ਹੋਵੇ ਸਾਡਾ ਉਧਾਰ ਕਰੋ।

ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਉਪਦੇਸ਼ ਕਰਦਿਆਂ ਆਖਿਆ ਕਿ ਪਹਿਲਾਂ ਤਾਂ ਜਾਤ-ਅਭਿਮਾਨ ਤੇ ਕੁਲ-ਅਭਿਮਾਨ (ਉਚੇ ਖਾਨਦਾਨ ਦਾ ਹੰਕਾਰ) ਨੂੰ ਤਿਆਗੋ। ਹਿਰਦੇ ਵਿਚ ਨਿਮਰਤਾ ਧਾਰਨ ਕਰੋ ਤੇ ਨਿੰਦਿਆ-ਚੁਗਲੀ ਤੋਂ ਬਚੋ। ਨਿਰਮਾਣ ਹੋ ਕੇ ਸੇਵਾ ਕਰੋ। ਕੋਈ ਗੁਰਸਿਖ ਘਰ ਆਵੇ ਤਾਂ ਆਪਣੇ ਹੱਥੀਂ ਉਸਦੀ ਸੇਵਾ ਕਰੋ। ਜੇ ਕੋਈ ਲੋੜ ਦੱਸੇ ਤਾਂ ਪੂਰੀ ਕਰੋ। ਜੇ ਇੱਕਲਿਆਂ ਮਦਦ ਕੀਤਿਆਂ ਉਸਦਾ ਕਾਜ ਸਿਰੇ ਨਾ ਚੜ੍ਹਦਾ ਨਜ਼ਰ ਆਵੇ ਤਾਂ ਹੋਰਨਾਂ ਕੋਲੋਂ ਧਨ ਇੱਕਠਆਂ

ਕਰਕੇ ਵੀ ਕਾਰਜ ਸਾਰ ਦੇਣਾ। ਅਰਦਾਸ ਵੀ ਕਰਨੀ। ਐਸਾ ਕਰਨ ਨਾਲ ਆਤਮਕ ਸੁੱਖ ਮਿਲੇਗਾ :

**ਜੇ ਸਿਖ ਕੁ ਹੁਇ ਕਾਜ ਬਡੇਰਾ। ਬਿਨ ਧਨ ਸਰਹਿ ਨ, ਜੋ ਅਸ ਹੇਰਾ।**
**ਸਭ ਮਿਲ ਕਰ ਉਚਰਹੁ ਅਰਦਾਸ। ਸਭ ਤੇ ਇਕ ਥਲ ਕਰ ਨਿਜ ਪਾਸ।**
**ਸਿਖ ਕੋ ਕਾਰਜ ਦੀਜੈ ਸਾਰ। ਤਬਿ ਪ੍ਰਾਪਤਿ ਤੁਮ ਕੋ ਸੁਖ ਸਾਰ।੨੩।**

*(ਸੂਰਜ ਪ੍ਰਕਾਸ਼, ਰਾਸ ਦੂਜੀ, ਅੰਸ਼ ੧੮)*

ਫਿਰ ਫੁਰਮਾਇਆ ਕਿ ਜਿਥੇ ਸੁਣਹੁ ਕਿ ਕਥਾ ਕੀਰਤਨ ਹੋਣਾ ਹੈ, ਉਥੇ ਜ਼ਰੂਰ ਪੁੱਜੋ। ਆਪਣੇ ਇਲਾਕੇ ਵਿਚ ਧਰਮਸ਼ਾਲਾ (ਗੁਰਦਆਰਾ) ਬਣਾਉਣ ਦਾ ਯਤਨ ਕਰੋ। ਧਰਮਸ਼ਾਲਾ ਵਿਚ ਅਜਿਹਾ ਸੇਵਾਦਾਰ ਹੋਵੇ ਜੋ ਆਏ ਗਏ ਮੁਸਾਫਿਰ ਨੂੰ ਟਿਕਾਣਾ ਦੇਵੇ, ਤੇ ਅੰਨ-ਪਾਣੀ ਨਾਲ ਸੇਵਾ ਕਰੇ। ਆਪਣੀ ਕਿਰਤ ਕਾਰ ਵੀ ਕਰੋ ਸੱਚ ਬੋਲੋ, ਸੱਚ ਦੀ ਕਮਾਈ ਕਰੋ। ਗੁਰੂ ਅੰਗ ਸੰਗ ਹੋਵੇਗਾ। ਸਰਬ ਸੁਖਾਂ ਦੀ ਪ੍ਰਾਪਤੀ ਹੋਵੇਗੀ ਤੇ ਆਤਮਕ ਕਲਿਆਣ ਹੋਵੇਗੀ।

### (8) ਅੰਮ੍ਰਿਤ ਵੇਲੇ ਦੀ ਸੰਭਾਲ

ਭਾਈ ਮਈਆ, ਭਾਈ ਜਾਪਾ, ਭਾਈ ਨਈਆ ਅਤੇ ਭਾਈ ਤੁਲਸਾ ਆਦਿਕ ਸਿੱਖਾਂ ਨੇ ਬੇਨਤੀ ਕੀਤੀ ਕਿ ਅਸੀਂ ਤਾਂ ਗ੍ਰਿਹਸਤ-ਲਪੇਟੇ ਪਏ ਹਾਂ, ਕੋਈ ਉਧਾਰ ਦਾ ਰਾਹ ਦੱਸੋ।

ਗੁਰੂ ਜੀ ਨੇ ਉਪਦੇਸ਼ ਦਿਤਾ ਹੈ ਕਿ ਜੈਸਾ ਘਰ ਦੇ ਕੰਮ-ਧੰਦਿਆਂ ਨੂੰ ਪਿਆਰ ਕਰਦੇ ਹੋ, ਤੈਸਾ ਹੀ ਗੁਰਬਾਣੀ ਨਾਲ ਪਿਆਰ ਕਰੋ। ਪਹਿਰ ਰਾਤ ਰਹਿੰਦੀ, ਅੰਮ੍ਰਿਤ ਵੇਲੇ ਉੱਠ ਕੇ ਗੁਰਬਾਣੀ ਦਾ ਸ਼ਰਧਾ ਸਹਿਤ ਪਾਠ ਕਰੋ। ਜਦ ਬਾਣੀ ਦੇ ਅਰਥਾਂ ਵੱਲ ਧਿਆਨ ਦਿਉਗੇ ਤਾਂ ਮੋਹ ਟੁੱਟ ਜਾਏਗਾ। ਬਾਣੀ ਦਾ ਉਚਾਰਨ ਤੇ ਵਿਚਾਰ ਕਰਨੀ ਹੀ ਗੁਰੂ ਜੀ ਦਾ ਸਤਿਕਾਰ ਕਰਨਾ ਹੈ। ਮਨ ਨੂੰ ਹਮੇਸ਼ਾ ਹੀ ਪੁੱਛਦੇ ਰਹਿਣਾ ਹੈ, 'ਕੀ ਗੁਰੂ ਦੱਸੀ ਕਾਰ ਕਰ ਰਿਹਾ ਹੈਂ?' ਇਝ ਹੋਲੀ ਹੋਲੀ ਮਨ ਦਾ ਰੁਖ ਬਦਲ ਜਾਏਗਾ। ਟੱਬਰ ਵਲੋਂ ਪ੍ਰੀਤ ਘਟੇਗੀ ਤੇ ਪ੍ਰਭੂ ਪ੍ਰੀਤ ਜਾਗੇਗੀ। ਦਿਨ ਨੂੰ ਵੀ ਪ੍ਰਭੂ ਦੀ ਯਾਦ ਵਿਚ ਜੁੜ ਰਹਿਣਾ ਹੈ, ਪਰ ਕਿਰਤ ਨਹੀਂ ਛੱਡਣੀ। ਅੰਮ੍ਰਿਤ ਵੇਲੇ ਪ੍ਰਭੂ ਦੀ ਸਿਫ਼ਤ ਸਲਾਹ ਵਿਚ ਮਨ ਲਾਇਆਂ ਦਿਹਾੜੀ ਸੋਖੀ ਲੰਘੇਗੀ। ਮੋਹ ਦਾ ਰੋਗ ਨਹੀਂ ਵਿਆਪੇਗਾ। ਕੰਮ-ਕਾਜ ਕਰਦਿਆਂ ਧਿਆਨ ਵਾਹਿਗੁਰੂ ਜੀ ਵੱਲ ਰੱਖਣਾ :

**ਰਿਦਾ ਧਰਹੁ ਸਤਿਗੁਰ ਕੇ ਸੰਗ। ਅਪਰ ਕ੍ਰਿਯਾ ਕਰਿਯਹਿ ਸਭਿ ਅੰਗ।**

ਸਿੱਖਾਂ ਨੇ ਗੁਰ-ਉਪਦੇਸ਼ ਹਿਰਦੇ ਵਸਾਇਆ। ਉਹ 'ਗੁਰੂ-ਪਿਆਰੇ' ਤੇ 'ਆਚਾਰੀ' (ਉਚੇ-ਸੁਚੇ ਜੀਵਨ ਵਾਲੇ) ਕਰਕੇ ਪ੍ਰਸਿੱਧ ਹੋਏ :

ਮਈਆ ਜਾਪਾ ਜਾਣੀਅਨਿ, ਨਈਆ ਖੁਲਰੁ ਗੁਰੂ ਪਿਆਰਾ।
ਤੁਲਸਾ ਵਹੁਰਾ ਜਾਣੀਐ, ਗੁਰ ਉਪਦੇਸ਼ ਅਵੇਸ ਅਚਾਰਾ।

# 7. ਗੁਰਿਆਈ ਸਮੇਂ ਦੇ ਕਾਰਜ

ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਸੰਪੂਰਨ-ਕ੍ਰਾਂਤੀ ਅਥਵਾ ਧਾਰਮਿਕ, ਸਮਾਜਿਕ, ਆਰਥਕ ਤੇ ਰਾਜਨੀਤਿਕ ਆਦਿਕ ਜੀਵਨ ਦੇ ਸਭ ਪੱਖਾਂ ਵਿੱਚ ਨਵੀਂ ਸੋਚਣੀ ਦੇ ਪ੍ਰਸਾਰ ਅਤੇ ਇਨ੍ਹਾਂ ਵਿਚਾਰਾਂ ਤੇ ਆਧਾਰਿਤ ਨਵੇਂ ਸਮਾਜ ਦੀ ਸਿਰਜਣਾ ਲਈ, 'ਨਿਰਮਲ ਪੰਥ' ਚਲਾਇਆ ਸੀ। ਇਸ ਨੂੰ 'ਗੁਰਮੁਖਾਂ ਦਾ ਪੰਥ', 'ਪਾਰਬ੍ਰਹਮ ਦਾ ਪੰਥ' ਵੀ ਕਿਹਾ ਗਿਆ ਅਤੇ ਦਸਵੇਂ ਪਾਤਸ਼ਾਹ ਨੇ ਇਸ ਲਈ ਅੰਤਮ ਸ਼ਬਦ 'ਖਾਲਸਾ ਪੰਥ' ਵਰਤੇ। ਗੁਰੂ ਨਾਨਕ ਸਾਹਿਬ ਦੁਆਰਾ ਚਲਾਇਆ ਗਿਆ ਧਰਮ ਅਸਲ ਵਿਚ ਇਕ ਲੋਕ-ਲਹਿਰ ਸੀ। ਇਸ ਦੇ ਉਦੇਸ਼ਾਂ ਦੀ ਸੰਪੂਰਨਤਾ (ਸਮਾਜ ਵਿਚ ਸੰਪੂਰਨ ਕ੍ਰਾਂਤੀ) ਲਈ ਲੰਮੇ ਸਮੇਂ ਦੀ ਲੋੜ ਸੀ। ਇਸ ਲਈ ਇਹ ਕੰਮ ਗੁਰੂ ਨਾਨਕ ਦੇਵ ਜੀ ਨੇ ਦਸ ਜਾਮਿਆਂ ਵਿਚ ਲਗਪਗ 230 ਸਾਲਾਂ ਦੇ ਸਮੇਂ ਵਿਚ ਨੇਪਰੇ ਚਾੜ੍ਹਿਆ। ਹਰੇਕ ਗੁਰੂ-ਵਿਅਕਤੀ ਨੇ ਗੁਰੂ-ਨਾਨਕ ਸਾਹਿਬ ਦੁਆਰਾ ਮਿਥੇ ਗਏ ਨਿਸ਼ਾਨਿਆਂ ਦੀ ਪੂਰਤੀ ਲਈ ਭਰਪੂਰ ਯੋਗਦਾਨ ਪਾਇਆ। ਹੇਠਾਂ ਉਹ ਵਿਸ਼ੇਸ਼ ਕਾਰਜ ਅੰਕਿਤ ਕੀਤੇ ਜਾਂਦੇ ਹਨ ਜੋ ਗੁਰੂ ਰਾਮਦਾਸ ਜੀ ਦੇ ਗੁਰਿਆਈ ਕਾਲ ਵਿਚ ਨੇਪਰੇ ਚੜ੍ਹੇ ਤੇ ਜਿਨ੍ਹਾਂ ਨੇ ਸਿੱਖੀ ਦੀ ਲਹਿਰ ਨੂੰ ਮਜ਼ਬੂਤ ਕੀਤਾ :

### (ੳ) ਕੇਂਦਰੀ ਧਰਮ ਅਸਥਾਨ ਦੀ ਸਥਾਪਨਾ

ਕਿਸੇ ਵੀ ਕੌਮ ਦੇ ਨਿਰਮਾਣ ਵਿਚ ਕੇਂਦਰੀ ਧਰਮ ਅਸਥਾਨ ਦੀ ਵਿਸ਼ੇਸ਼ ਮਹੱਤਤਾ ਹੁੰਦੀ ਹੈ। ਇਹ ਨਿਰਾ 'ਸ਼ਹਿਰ' ਹੀ ਨਹੀਂ ਹੁੰਦਾ ਸਗੋਂ ਵਿਸ਼ੇਸ਼ ਵਿਚਾਰਧਾਰਾ ਅਤੇ ਸਭਿਆਚਾਰ ਦਾ ਲਖਾਇਕ ਹੁੰਦਾ ਹੈ। ਮਗਰੋਂ ਜਾ ਕੇ ਸਮੁੱਚੀ ਕੌਮ ਦੀਆਂ ਜਥੇਬੰਦਕ ਸਰਗਰਮੀਆਂ ਦਾ ਕੇਂਦਰ ਵੀ ਬਣ ਜਾਂਦਾ ਹੈ। ਗੁਰੂ ਰਾਮਦਾਸ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਕਰਕੇ ਸਿੱਖ ਕੌਮ ਦੇ ਕੇਂਦਰੀ ਅਸਥਾਨ ਦੀ ਨੀਂਹ ਰੱਖੀ, ਜਿਸਨੇ ਸਿੱਖਾਂ ਵਿਚ ਕੌਮੀਅਤ ਦੇ ਜਜ਼ਬੇ ਨੂੰ ਬਲ ਬਖਸ਼ਿਆ। (ਇਸ ਕੇਂਦਰ ਦੀ ਉਸਾਰੀ ਅਤੇ ਵਿਕਾਸ ਬਾਰੇ ਪਹਿਲਾਂ ਹੀ ਜ਼ਿਕਰ ਕੀਤਾ ਜਾ ਚੁੱਕਾ ਹੈ।)

### (ਅ) ਆਰਥਕ ਸੁਧਾਰ ਲਈ ਯਤਨ

ਕਿਸੇ ਵੀ ਕੌਮ ਦੇ ਵਿਕਾਸ ਅਤੇ ਉੱਜਲੇ ਭਵਿਖ ਲਈ ਉਸਦਾ ਅਰਥਚਾਰਾ ਵੀ ਵਿਸ਼ੇਸ਼ ਮਹੱਤਤਾ ਰਖਦਾ ਹੈ। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਨਾਮ ਜਪਣ ਦੇ ਨਾਲ ਕਿਰਤ ਕਰਨ ਤੇ ਵੰਡ ਛਕਣ ਦੇ ਸਿਧਾਂਤ ਦਾ ਪ੍ਰਚਾਰ ਕੀਤਾ ਸੀ।

ਗੁਰੂ ਰਾਮਦਾਸ ਜੀ ਨੇ 52 ਵੱਖ ਵੱਖ ਕਿੱਤਿਆਂ ਦੇ ਲੋਕਾਂ ਨੂੰ ਸ੍ਰੀ ਅੰਮ੍ਰਿਤਸਰ ਵਿੱਚ ਵਸਾਇਆ ਸੀ ਤੇ ਸਿੱਖਾਂ ਅੰਦਰ ਵਪਾਰ ਕਰਨ ਦੀ ਰੁਚੀ ਪੈਦਾ ਕੀਤੀ ਸੀ। ਇੰਝ ਅੰਮ੍ਰਿਤਸਰ ਮਗਰੋਂ ਜਾ ਕੇ ਦਸਤਕਾਰੀ ਅਤੇ ਵਪਾਰ ਦਾ ਵੱਡਾ ਕੇਂਦਰ ਬਣ ਗਿਆ। ਨਵੇਂ ਨਗਰਾਂ ਦੀ ਉਸਾਰੀ, ਧਰਮ-ਪ੍ਰਚਾਰ ਅਤੇ ਲੋਕ-ਭਲਾਈ ਦੇ ਕੰਮਾਂ ਲਈ ਅਥਾਹ ਪੈਸੇ ਦੀ ਲੋੜ ਸੀ। ਇਸ ਲਈ ਦਸਵੰਧ ਦੀ ਪ੍ਰਥਾ ਜਾਰੀ ਕੀਤੀ ਗਈ। ਇਸ ਅਧੀਨ ਹਰੇਕ ਸਿੱਖ ਲਈ ਇਹ ਜ਼ਰੂਰੀ ਹੋ ਗਿਆ ਕਿ ਉਹ ਆਪਣੀ ਕਮਾਈ ਦਾ ਦਸਵਾਂ ਹਿੱਸਾ ਸਾਂਝੇ ਕੌਮੀ ਖਜ਼ਾਨੇ ਵਿੱਚ ਜਮ੍ਹਾਂ ਕਰਾਵੇ, ਜਾਂ ਆਪ ਧਰਮ-ਕਾਰਜਾਂ ਅਤੇ ਲੋਕ-ਭਲਾਈ ਲਈ ਖਰਚ ਕਰੇ। ਦੂਰ-ਦੁਰਾਡੇ ਦੀਆਂ ਸੰਗਤਾਂ ਤੋਂ ਦਸਵੰਧ ਦੀ ਮਾਇਆ ਇੱਕਤਰ ਕਰਨ ਲਈ ਉਚੇ-ਸੁਚੇ ਗੁਰਸਿੱਖੀ ਜੀਵਨ ਦੇ ਧਾਰਨੀ ਅਤੇ ਪ੍ਰਚਾਰਕ ਲਗਨ ਵਾਲੇ ਸਿੱਖ ਨਿਯੁਕਤ ਕੀਤੇ ਗਏ। ਸਿੱਖ ਇਤਿਹਾਸ ਵਿਚ ਇਨ੍ਹਾਂ ਨੂੰ ਮਸੰਦ ਕਿਹਾ ਗਿਆ ਹੈ।

ਮਸੰਦ, ਅਰਬੀ ਦੇ ਸ਼ਬਦ 'ਮਸਨਦ' ਤੋਂ ਬਣਿਆ ਹੈ; ਜਿਸਦਾ ਅਰਥ ਹੈ ਸਿਰਹਾਣਾ, ਤਕੀਆਂ, ਜਾਂ ਗੱਦੀ। ਉਸ ਸਮੇਂ ਹਾਕਮ ਤਖਤ ਉੱਤੇ ਵੱਡੇ ਵੱਡੇ ਸਿਰਹਾਣੇ ਲਾਕੇ ਬੈਠਿਆ ਕਰਦੇ ਸਨ, ਲੋਕ ਉਨ੍ਹਾਂ ਨੂੰ 'ਮਸਨਦ ਨਸ਼ੀਨ' ਕਹਿੰਦੇ ਸਨ। ਅਨਪੜ੍ਹ ਲੋਕ ਨਿਰਾ ਮਸਨਦ ਹੀ ਕਹਿ ਦਿੰਦੇ, ਜੋ ਮਗਰੋ 'ਮਸੰਦ' ਕਰਕੇ ਪ੍ਰਚਲਤ ਹੋ ਗਿਆ। ਮਸੰਦ ਕਿਉਂਕਿ ਗੁਰੂ ਰਾਮਦਾਸ ਜੀ ਨੇ ਥਾਪੇ ਸਨ, ਇਸ ਲਈ ਇਨ੍ਹਾਂ ਨੂੰ ਲੋਕ 'ਰਾਮਦਾਸੀਏ' ਵੀ ਕਿਹਾ ਕਰਦੇ ਸਨ। ਪਿਛੋਂ ਇਨ੍ਹਾਂ ਵਾਸਤੇ ਸ਼ਬਦ 'ਗੁਰੂ ਕੇ' ਵਰਤਿਆ ਜਾਣ ਲੱਗ ਪਿਆ, ਪਰ ਵਧੇਰੇ ਪ੍ਰਸਿੱਧ 'ਮਸੰਦ' ਹੀ ਰਿਹਾ। ਇਹ ਹਰ ਸਾਲ ਵਿਸਾਖੀ ਅਤੇ ਦੀਵਾਲੀ ਦੇ ਮੌਕੇ ਤੇ ਦੋ ਵਾਰ ਗੁਰੂ-ਦਰਬਾਰ ਵਿੱਚ ਹਾਜ਼ਰ ਹੋ ਕੇ ਗੁਰੂ ਸਾਹਿਬ ਨੂੰ ਸਾਰਾ ਹਿਸਾਬ ਦਿੰਦੇ ਸਨ।

ਗੁਰੂ ਰਾਮਦਾਸ ਜੀ ਦੇ ਇਨ੍ਹਾਂ ਯਤਨਾਂ ਨੇ ਕੌਮ ਨੂੰ ਮਜ਼ਬੂਤ ਆਰਥਕ-ਪੈਰਾਂ ਤੇ ਖੜ੍ਹਾ ਕਰ ਦਿੱਤਾ।

### (ੲ) ਧਰਮ ਪ੍ਰਚਾਰ ਲਈ ਯਤਨ

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਲੰਮੀਆਂ ਲੰਮੀਆਂ ਉਦਾਸੀਆਂ ਵਿਚ ਗੁਰਮਤਿ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਸੀ। ਇਸ ਦੇ ਨਾਲ ਹੀ ਉਨ੍ਹਾਂ ਨੂੰ ਵੱਖ ਵੱਖ ਇਲਾਕਿਆਂ ਵਿਚ ਧਰਮ-ਪ੍ਰਚਾਰਕ ਨਿਯੁਕਤ ਕੀਤੇ ਸਨ ਅਤੇ ਸੰਗਤਾਂ ਥਾਪੀਆਂ ਸਨ। ਗੁਰੂ ਅਮਰਦਾਸ ਜੀ ਨੇ ਧਰਮ ਪ੍ਰਚਾਰ ਲਈ 22 ਮੰਜੀਆਂ ਤੇ 52 ਪੀਹੜੇ ਸਥਾਪਿਤ ਕੀਤੇ ਸਨ। ਸਿੱਖੀ ਦੇ ਤੇਜ਼ੀ ਨਾਲ ਹੋ ਰਹੇ ਫੈਲਾਅ ਕਾਰਨ ਇੰਨੇ ਯਤਨ ਵੀ ਕਾਫ਼ੀ ਨਹੀਂ ਸਨ। ਗੁਰੂ ਰਾਮਦਾਸ ਜੀ ਨੇ 'ਮਸੰਦ' ਵੀ ਥਾਪ ਦਿਤੇ। ਜੋ ਸੰਗਤਾਂ ਤੋਂ ਕਾਰ-ਭੇਟਾ (ਦਸਵੰਧ) ਉਗਰਾਹੁਣ ਦੇ ਨਾਲ-ਨਾਲ ਧਰਮ-ਪ੍ਰਚਾਰ ਦਾ ਕੰਮ ਵੀ ਕਰਦੇ ਸਨ। ਤੀਜੇ ਪਾਤਸ਼ਾਹ ਦੁਆਰਾ ਨਿਯੁਕਤ ਕੀਤੇ ਮੰਜੀਦਾਰਾਂ ਤੇ

ਪੀਹੜੇਦਾਰਾਂ ਨਾਲ ਸੰਪਰਕ ਰਖਦੇ ਸਨ, ਉਨ੍ਹਾਂ ਦੁਆਰਾ ਇੱਕਤਰ ਕੀਤੀ ਗਈ ਕਾਰ-ਭੇਟਾ ਗੁਰੂ-ਦਰਬਾਰ ਵਿਚ ਪਹੁੰਚਾਉਂਦੇ ਸਨ। ਜਿਥੇ ਇਹ ਗੁਰੂ ਜੀ ਦੇ ਹੁਕਮਨਾਮੇ ਅਤੇ ਗੁਰੂ ਜੀ ਦੁਆਰਾ ਸੰਚਾਲਤ ਕਾਰਜਾਂ ਦੀ ਵਾਕਫ਼ੀ ਸਿੱਖ-ਸੰਗਤਾਂ ਤੱਕ ਪਹੁੰਚਾਉਂਦੇ ਸਨ, ਉਥੇ ਸਿੱਖ-ਸੰਗਤਾਂ ਦੀ ਹਰ ਪ੍ਰਕਾਰ ਦੀ ਖਬਰ ਗੁਰੂ ਜੀ ਤੱਕ ਪਹੁੰਚਾਉਂਦੇ ਸਨ। ਇਹ ਇਕ ਕਿਸਮ ਦੇ ਸਿੱਖੀ ਦੇ ਦੂਤ ਸਨ। ਮੰਜੀਦਾਰਾਂ, ਪੀਹੜੇਦਾਰਾਂ ਤੇ ਮਸੰਦਾਂ ਨੇ ਸਿੱਖੀ-ਸੰਦੇਸ਼ ਨੂੰ ਦੂਰ ਤੱਕ ਪਹੁੰਚਾਇਆ ਅਤੇ ਲੋਕਾਂ ਨੂੰ ਭਾਰੀ ਗਿਣਤੀ ਵਿਚ ਸਿੱਖੀ ਦੇ ਦਾਇਰੇ ਵਿਚ ਲਿਆਂਦਾ।

ਗੁਰੂ ਰਾਮਦਾਸ ਜੀ ਨੇ ਭਾਈ ਗੁਰਦਾਸ ਜੀ ਨੂੰ ਪੂਰਬੀ ਭਾਰਤ ਵਿਚ ਧਰਮ ਪ੍ਰਚਾਰ ਦੀ ਸੇਵਾ ਲਈ ਭੇਜਿਆ ਸੀ। ਭਾਈ ਗੁਰਦਾਸ ਜੀ ਉਸ ਸਮੇਂ ਸਿੱਖੀ ਦੇ ਸਭ ਤੋਂ ਵੱਡੇ ਵਿਆਖਿਆਕਾਰ ਸਨ ਅਤੇ ਕਈ ਭਾਸ਼ਾਵਾਂ ਦੇ ਵਿਦਵਾਨ ਸਨ। ਆਪ ਨੇ ਆਗਰੇ ਅਤੇ ਕਾਂਸ਼ੀ ਵਿਖੇ ਨਿਵਾਸ ਰੱਖ ਕੇ ਆਸ ਪਾਸ ਦੇ ਇਲਾਕਿਆਂ ਵਿਚ ਸਿੱਖੀ ਦੀ ਖੁਸ਼ਬੋ ਫੈਲਾਈ। ਲੋਕਾਂ ਦੀ ਬੋਲੀ ਵਿਚ ਪ੍ਰਚਾਰ ਕੀਤਾ। ਏਸੇ ਹੀ ਮਕਸਦ ਲਈ ਆਪ ਨੇ ਬ੍ਰਜ ਭਾਸ਼ਾ ਵਿਚ ਕਬਿੱਤ ਤੇ ਸਵੱਈਏ ਰਚੇ।

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿਚ ਗੁਰੂ ਨਾਨਕ ਪਾਤਸ਼ਾਹ ਜੀ ਦੇ ਅਮੀਰ ਵਿਰਸੇ ਦੀ ਸੰਭਾਲ ਕੀਤੀ। ਅਜਿਹੀਆਂ ਸਾਖੀਆਂ, ਘਟਨਾਵਾਂ ਦਾ ਜ਼ਿਕਰ ਕੀਤਾ ਜੋ ਗੁਰਮਤ-ਮਾਰਗ ਦੀ ਉਚਤਾ ਨੂੰ ਦਰਸਾਉਂਦੀਆਂ ਹਨ। ਗੁਰ-ਨਿੰਦਕਾਂ ਦਾ ਜ਼ਿਕਰ ਤੇ ਉਹਨਾਂ ਦਾ ਹਸ਼ਰ, ਜਾਤਿ-ਅਭਿਮਾਨੀਆਂ ਦੀਆਂ ਕੋਝੀਆਂ ਹਰਕਤਾਂ, ਗੁਰੂ ਅਮਰਦਾਸ ਜੀ ਦੇ ਪ੍ਰਚਾਰਕ ਸਫ਼ਰ ਤੇ ਸਿੱਖੀ ਮਾਰਗ ਤੇ ਚਲਦਿਆਂ ਹੋਏ ਅਨੁਭਵਾਂ ਨੂੰ ਬਿਆਨ ਕੀਤਾ ਹੈ। ਏਸੇ ਲਈ ਫਾਰਸਟਰ ਨੇ ਆਪਣੇ ਸਫਰਾਂ ਵਿਚ ਲਿਖਿਆ ਹੈ ਕਿ ਗੁਰੂ ਰਾਮਦਾਸ ਜੀ ਨੇ ਇਤਿਹਾਸਕ ਘਟਨਾਵਾਂ ਅਤੇ ਵੱਡਕਿਆਂ ਦੇ ਉਪਦੇਸ਼ਾਂ ਤੇ ਨਿਯਮਾਂ ਨੂੰ ਇਕ ਥਾਵੇਂ ਕੀਤਾ ਅਤੇ ਉਨ੍ਹਾਂ ਦੀ ਰਚਨਾਂ ਦੀ ਵਿਆਖਿਆ ਕਰਕੇ ਨਾਲ ਜੋੜੀ।* (ਵਿਸਥਾਰ ਵਿਚ ਜ਼ਿਕਰ ਅਗੇ ਕੀਤਾ ਜਾਵੇਗਾ)

### (ਹ) ਮਰਯਾਦਾ ਤੇ ਰਹੁਰੀਤਾਂ ਪੱਕੀਆਂ ਕੀਤੀਆਂ

ਗੁਰਸਿੱਖ ਦੇ ਗੁਣਾਂ ਅਤੇ ਉਸਦੇ ਫ਼ਰਜ਼ਾਂ ਦਾ ਜ਼ਿਕਰ ਗੁਰਬਾਣੀ ਵਿਚ ਵੱਖ-ਵੱਖ ਥਾਵਾਂ ਤੇ ਕੀਤਾ ਗਿਆ ਹੈ। ਗੁਰੂ ਰਾਮਦਾਸ ਜੀ ਨੇ 'ਗਉੜੀ ਕੀ ਵਾਰ' ਦੇ ਸ਼ਬਦ (ਪੰਨਾ ੩੦੫) 'ਗੁਰ-ਸਤਿਗੁਰ ਕਾ ਜੋ ਸਿਖੁ ਅਖਾਏ' ਵਿਚ ਰੋਜ਼ਾਨਾ ਜੀਵਨ ਦਾ ਟਾਈਮ-ਟੇਬਲ ਨਿਸਚਿਤ ਕਰ ਦਿੱਤਾ ਹੈ। ਆਪ ਫਰਮਾਉਂਦੇ ਹਨ :-

'ਜੋ ਸਤਿਗੁਰੂ ਦਾ ਸਿੱਖ ਅਖਵਾਉਂਦਾ ਹੈ, ਉਹ ਅੰਮ੍ਰਿਤ ਵੇਲੇ ਜਾਗਦਾ ਹੈ, ਇਸ਼ਨਾਨ ਕਰਨ ਉਪਰੰਤ ਨਾਮ ਦੇ ਸਰੋਵਰ ਵਿਚ ਟੁੱਭੀ ਲਾਉਂਦਾ ਹੈ। ਗੁਰੂ ਦੇ ਉਪਦੇਸ਼ ਅਨੁਸਾਰ ਨਾਮ ਸਿਮਰਨ ਵਿਚ ਜੁੜਦਾ ਹੈ, ਜਿਸਦੀ ਬਰਕਤ ਨਾਲ ਸਭ

ਪਾਪ ਤੇ ਵਿਕਾਰ ਖਤਮ ਹੋ ਜਾਂਦੇ ਹਨ। ਫਿਰ ਸਾਧ-ਸੰਗਤ ਵਿਚ ਜਾਕੇ ਗੁਰਬਾਣੀ ਦਾ ਪਾਠ-ਕੀਰਤਨ ਸੁਣਦਾ ਹੈ। ਦਿਨ ਨੂੰ ਕਿਰਤ ਕਾਰ ਕਰਦਿਆਂ ਹੋਇਆ ਵੀ ਪ੍ਰਭੂ ਨੂੰ ਯਾਦ ਕਰਦਾ ਹੈ। ਅਜਿਹਾ ਸਿੱਖ ਹੀ ਗੁਰੂ ਨੂੰ ਭਾਉਂਦਾ ਹੈ। ਉਹ ਨਿਰਾ ਆਪ ਹੀ ਪ੍ਰਭੂ ਦੀ ਸਿਫ਼ਤ-ਸਲਾਹ ਨਹੀਂ ਕਰਦਾ, ਸਗੋਂ ਹੋਰਨਾਂ ਨੂੰ ਵੀ ਪ੍ਰਭੂ ਸਿਮਰਨ ਵਿਚ ਲਾਉਂਦਾ ਹੈ ਸਿੱਖੀ ਦੇ ਮਾਰਗ ਤੇ ਤੋਰਦਾ ਹੈ। ਅੰਤ ਵਿਚ ਫੁਰਮਾਨ ਕਰਦੇ ਹਨ ਕਿ ਮੈਂ ਅਜਿਹੇ ਗੁਰਸਿੱਖ ਦੀ ਚਰਨ ਧੂੜ ਪ੍ਰਾਪਤ ਕਰਨੀ ਲੋਚਦਾ ਹਾਂ।

ਸਤਿਗੁਰਾਂ ਨੇ ਆਪਣੀ ਬਾਣੀ ਵਿਚ ਗੁਰਮੁਖ ਅਤੇ ਮਨਮੁਖ ਦੇ ਅੰਤਰ ਨੂੰ ਵੀ ਵਿਆਖਿਆ ਸਹਿਤ ਉਜਾਗਰ ਕੀਤਾ ਹੈ।

ਆਪ ਜੀ ਨੇ ਅਰਦਾਸ ਦੀ ਮਹੱਤਤਾ ਤੇ ਜ਼ੋਰ ਦਿੱਤਾ ਤੇ ਸਿੱਖਾਂ ਨੂੰ ਪ੍ਰੇਰਨਾ ਕੀਤੀ ਕਿ ਹਰ ਕਾਰਜ ਦੀ ਅਰੰਭਤਾ ਸਮੇਂ ਆਪ ਪ੍ਰਭੂ ਅਗੇ ਅਰਦਾਸ ਕਰੋ। ਬ੍ਰਾਹਮਣਾ, ਪ੍ਰੋਹਿਤਾਂ ਤੇ ਅਰਦਾਸੀਆਂ ਦੀ ਕੋਈ ਲੋੜ ਨਹੀਂ। ਇਸ ਲਈ ਹਰ ਕਾਰਜ ਸਮੇਂ 'ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।' ਪੜ੍ਹਿਆ ਜਾਣ ਲੱਗ ਪਿਆ ਅਤੇ ਇਹ ਵਿਸ਼ਵਾਸ ਕੀਤਾ ਜਾਂਦਾ ਕਿ ਸਤਿਗੁਰੂ ਸਹਾਈ ਹੋ ਕੇ ਕਾਰਜ ਨੂੰ ਸਿਰੇ ਚਾੜ੍ਹਦਾ ਹੈ। ਇਸ ਮਰਯਾਦਾ ਦੇ ਨਾਲ ਸਿੱਖ ਸਮਾਜ ਸ਼ਗਨ-ਅਪਸ਼ਗਨ ਅਤੇ ਮਹੂਰਤਾਂ ਆਦਿ ਦੇ ਡਰਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਗਿਆ।

(ਹ) ਲਾਵਾਂ ਦਾ ਪਾਠ

ਗੁਰੂ ਜੀ ਨੇ ਸੂਹੀ ਰਾਗ ਵਿਚ ਚਾਰ ਲਾਵਾਂ ਦੀ ਰਚਨਾ ਕੀਤੀ। ਜਿਹਨਾਂ ਦਾ ਅੰਤ੍ਰੀਵ ਭਾਵ ਭਗਤ ਰੂਪੀ ਇਸਤ੍ਰੀ ਦਾ ਪ੍ਰਭੂ-ਪਤੀ ਨਾਲ ਮੇਲ ਅਥਵਾ ਸੰਜੋਗ ਹੈ। ਇਨ੍ਹਾਂ ਲਾਵਾਂ ਨੂੰ ਸਿੱਖ ਬੱਚੇ-ਬੱਚਿਆਂ ਦੇ ਵਿਆਹ ਸਮੇਂ ਪੜ੍ਹਨ ਦੀ ਮਰਯਾਦਾ ਵੀ ਕਾਇਮ ਕਰ ਦਿੱਤੀ। ਇਸ ਤਰ੍ਹਾਂ ਆਪ ਜੀ ਨੇ ਬ੍ਰਾਹਮਣ ਦੀ ਮੁਥਾਜੀ ਨੂੰ ਦੂਰ ਕਰ ਦਿਤਾ। ਵਿਆਹ ਵੇਲੇ ਬ੍ਰਾਹਮਣ ਵੇਦੀ ਗੱਡ-ਕੇ ਵੇਦ-ਮੰਤਰਾਂ ਨਾਲ ਵਿਆਹ ਦੀ ਰਸਮ ਪੂਰੀ ਕਰਦਾ ਸੀ, ਜੋ ਹੁਣ ਸਿੱਖ ਆਪ ਹੀ ਲਾਵਾਂ ਦੇ ਪਾਠ ਦੁਆਰਾ ਕਰਨ ਲਗ ਪਏ। ਇਸ ਵਿੱਚ ਕਿਸੇ ਪੁਜਾਰੀ ਦੀ ਲੋੜ ਨਹੀਂ, ਕੋਈ ਵੀ ਕਿਰਤੀ-ਵਿਰਤੀ ਸਿੱਖ ਇਹ ਕੰਮ ਕਰ ਸਕਦਾ ਹੈ।

ਗੁਰੂ ਸਾਹਿਬਾਨ ਦੇ ਯਤਨਾਂ ਸਦਕਾ ਇੰਞ ਸਿੱਖ-ਜਨਤਾ ਸਹਿਜੇ ਸਹਿਜੇ ਬ੍ਰਾਹਮਣ ਦੇ ਜੂਲੇ ਹੇਠੋਂ ਨਿਕਲਦੀ ਗਈ ਅਤੇ ਸਿੱਖ ਧਰਮ ਹਿੰਦੂ ਰਸਮਾਂ-ਰੀਤਾਂ ਤੋਂ ਵੱਖਰਾ ਹੁੰਦਾ ਗਿਆ।

(ਕ) ਸਮਾਜ-ਸੁਧਾਰ

ਭਾਰਤੀ ਸਮਾਜ ਵਿੱਚ ਇਸਤਰੀਆਂ ਦੀ ਬਹੁਤ ਦੁਰਦਸ਼ਾ ਸੀ। ਗੁਰੂ ਨਾਨਕ ਪਾਤਸ਼ਾਹ ਨੇ 'ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ' ਆਖ ਕੇ ਇਸਤਰੀ ਨੂੰ ਵਡਿਆਇਆ ਹੈ। ਇਸਤਰੀ ਨੂੰ ਧਰਮ ਕਾਰਜਾਂ ਤੇ ਧਰਮ-ਪ੍ਰਚਾਰ ਦੀ ਖੁਲ੍ਹ

ਦਿਤੀ। ਗੁਰੂ ਅਮਰਦਾਸ ਪਾਤਸ਼ਾਹ ਜੀ ਨੇ ਪਰਦੇ ਦੀ ਪ੍ਰਥਾ ਅਤੇ ਸਤੀ ਪ੍ਰਥਾ ਵਿਰੁੱਧ ਪ੍ਰਚਾਰ ਕੀਤਾ। ਗੁਰੂ ਰਾਮਦਾਸ ਜੀ ਨੇ ਇਸ ਕੰਮ ਵਿਚ ਬਹੁਤ ਯੋਗਦਾਨ ਪਾਇਆ। ਆਪ ਜੀ ਨੇ ਦਾਜ-ਪ੍ਰਥਾ ਦਾ ਡਟ ਕੇ ਵਿਰੋਧ ਕੀਤਾ।

ਸਮਾਜ ਵਿਚੋਂ ਵੇਲੇ ਦੇ ਹਾਕਮਾਂ ਅਤੇ ਚਉਧਰੀਆਂ ਦਾ ਡਰ ਕੱਢਣਾ ਬਹੁਤ ਜ਼ਰੂਰੀ ਸੀ। ਇਹ ਡਰ ਹੀ ਸੀ ਜਿਸਨੇ ਲੋਕਾਂ ਨੂੰ ਸਦੀਆਂ ਤੋਂ ਗੁਲਾਮ ਬਣਾਇਆ ਹੋਇਆ ਸੀ। ਗੁਰੂ ਜੀ ਨੇ ਸਮਝਾਇਆ ਕਿ ਸਭ ਹੁਕਮਰਾਨ, ਸਿਕਦਾਰ, ਨਵਾਬ, ਸ਼ਾਹ-ਬਾਦਸ਼ਾਹ ਤੇ ਚੌਧਰੀ ਚਾਰ ਦਿਨ ਦੇ ਪ੍ਰਾਹੁਣੇ ਹਨ। ਪ੍ਰਭੂ ਦੀਆਂ ਨਜ਼ਰਾਂ ਵਿਚ ਇਨ੍ਹਾਂ ਦੀ ਕੋਈ ਥਾਂ ਨਹੀਂ। ਉਹੀ ਮਨੁੱਖ ਸਭ ਤੋਂ ਉਤਮ ਹੈ ਜਿਸਦੇ ਹਿਰਦੇ ਵਿਚ ਨਿਰਭਉ-ਪ੍ਰਭੂ ਵਸਿਆ ਹੋਇਆ ਹੈ :

ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ
ਸਭਿ ਮਿਥਿਆ ਝੂਠੁ ਭਾਉ ਦੂਜਾ ਜਾਣੁ॥ ...... ....
ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ,
ਸਭਿ ਬਿਨਸਿ ਜਾਹਿ, ਜਿਉ ਰੰਗੁ ਕਸੁੰਭ ਕਚਾਣੁ। ..... ....
ਓਹੁ ਸਭ ਤੇ ਊਚਾ, ਸਭ ਤੇ ਸੂਚਾ,
ਜਾ ਕੈ ਹਿਰਦੈ ਵਸਿਆ ਭਗਵਾਨੁ।

*(ਗੋਂਡ, ਮ: ੪, ਪੰਨਾ ੮੬੧)*

## 8. ਗੁਰ ਜੋਤਿ ਅਰਜੁਨ ਮਾਹਿ ਧਰੀ

ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨਾਂ ਸਪੁੱਤਰਾਂ ਵਿਚੋਂ (ਗੁਰੂ) ਅਰਜਨ ਦੇਵ ਜੀ ਬਹੁਤ ਤੀਖਣ ਬੁੱਧੀ ਦੇ ਮਾਲਕ ਸਨ। ਗੁਰੂ ਨਾਨਕ ਦੇਵ ਜੀ ਦੇ ਆਸ਼ੇ ਨੂੰ ਉਨ੍ਹਾਂ ਨੇ ਸਹਿਜੇ ਹੀ ਸਮਝ ਲਿਆ ਸੀ ਅਤੇ ਬਾਣੀ ਨਾਲ ਅਥਾਹ ਪਿਆਰ ਸੀ। ਬਾਣੀ ਪੜ੍ਹਦੇ, ਗਾਉਂਦੇ, ਸਮਝਦੇ-ਸਮਝਾਉਂਦੇ ਅਤੇ ਆਪਣੇ ਜੀਵਨ ਨੂੰ ਗੁਰੂ-ਆਸ਼ੇ ਅਨੁਸਾਰ ਢਾਲ ਰਹੇ ਸਨ। ਆਪਣੇ ਭਗਤਾਂ ਵਿਚ ਹੀ ਨਹੀਂ ਸਗੋਂ ਸਭ ਸਿੱਖਾਂ ਵਿਚ, ਸਿੱਖੀ-ਆਸ਼ੇ ਨੂੰ ਸਮਝਣ ਤੇ ਅਪਨਾਉਣ ਵਿਚ ਸਭ ਤੋਂ ਅੱਗੇ ਸਨ। ਬਚਪਨ ਵਿਚ ਹੀ ਬਾਣੀ ਨਾਲ ਪਿਆਰ ਤੇ ਲਗਨ ਕਾਰਨ ਹੀ ਆਪਣੇ ਨਾਨਾ ਸ੍ਰੀ ਗੁਰੂ ਅਮਰਦਾਸ ਜੀ ਦੀ ਪ੍ਰਸੰਨਤਾ ਦਾ ਪਾਤਰ ਬਣੇ ਸਨ। ਉਨ੍ਹਾਂ ਨੇ 'ਦੋਹਿਤਾ ਬਾਣੀ ਕਾ ਬੋਹਿਥਾ' ਆਖ ਕੇ ਭਵਿੱਖ ਵੱਲ ਇਸ਼ਾਰਾ ਕੀਤਾ ਸੀ।

(ਗੁਰੂ) ਅਰਜਨ ਦੇਵ ਜੀ ਦੀ ਬਾਣੀ ਪ੍ਰਤਿ ਲਗਨ, ਸੇਵਾ-ਸਿਮਰਨ ਵਾਲਾ ਜੀਵਨ ਅਤੇ ਹੁਕਮ-ਮੰਨਣ ਦੇ ਗੁਣ ਨੇ ਗੁਰੂ ਰਾਮਦਾਸ ਜੀ ਦੇ ਮਨ ਨੂੰ ਜਿੱਤ ਲਿਆ ਸੀ ਅਤੇ ਉਹ (ਗੁਰੂ) ਅਰਜਨ ਦੇਵ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ

ਨਿਭਾਉਣ ਦੇ ਯੋਗ ਸਮਝ ਲਗ ਪਏ ਸਨ।

ਗੁਰੂ ਰਾਮਦਾਸ ਜੀ ਦਾ ਵੱਡਾ ਸਪੁੱਤਰ ਬਾਬਾ ਪ੍ਰਿਥੀ ਚੰਦ ਬਹੁਤ ਚਤੁਰ-ਸਿਆਣਾ ਸੀ। ਗੁਰੂ-ਦਰਬਾਰ ਦਾ ਸਾਰਾ ਪ੍ਰਬੰਧ ਉਸਦੇ ਹੱਥ ਸੀ। ਵੇਖਣ ਨੂੰ ਸੇਵਾ ਵੀ ਕਰਦਾ ਸੀ। ਪਰ ਉਸਦੇ ਮਨ ਵਿੱਚ ਸੱਚਾ ਧਰਮੀ ਬਣਨ ਦੀ ਲਗਨ ਘੱਟ ਹੀ ਸੀ। ਮਾਇਆ (ਧਨ) ਨਾਲ ਬਹੁਤ ਪਿਆਰ ਸੀ; ਮਾਣ ਵਡਿਆਈ ਦਾ ਵੀ ਭੁੱਖਾ ਸੀ। ਉਸਦੀ ਸਾਰੀ 'ਸੇਵਾ' ਦਾ ਨਿਸ਼ਾਨਾ 'ਗੁਰਗੱਦੀ ਪ੍ਰਾਪਤ ਕਰਨਾ' ਸੀ। ਪਰ (ਗੁਰੂ) ਅਰਜੁਨ ਦੇਵ ਜੀ ਨਾਲ ਪਿਤਾ-ਗੁਰੂ ਦਾ ਵਧੇਰੇ ਪ੍ਰੇਮ ਵੇਖ ਕੇ ਉਸਨੂੰ ਬਹੁਤ ਈਰਖਾ ਹੁੰਦੀ ਸੀ। ਉਹ ਨਹੀਂ ਸੀ ਚਾਹੁੰਦਾ ਕਿ ਉਸਦਾ ਛੋਟਾ ਭਰਾ ਗੁਰ-ਗੱਦੀ ਦਾ ਵਾਰਸ ਬਣੇ। ਇਸ ਲਈ ਉਸਨੇ ਗੁਪਤ ਤੌਰ ਤੇ ਚਾਲਾਂ ਵੀ ਚੱਲਣੀਆਂ ਸ਼ੁਰੂ ਕਰ ਦਿੱਤੀਆਂ-ਮਾਇਆ ਤੇ ਪੂਰਾ ਅਧਿਕਾਰ ਕਰ ਲਿਆ ਅਤੇ ਮਸੰਦਾਂ ਨੂੰ ਗੰਢਣਾ ਸ਼ੁਰੂ ਕਰ ਦਿਤਾ। ਈਰਖਾ ਵੱਸ ਉਹ ਕਈ ਵਾਰ ਗੁਰੂ ਰਾਮਦਾਸ ਜੀ ਨਾਲ ਵੱਧ ਘੱਟ ਵੀ ਬੋਲ ਜਾਂਦਾ। ਉਹ ਇਹ ਭੁੱਲ ਜਾਂਦਾ ਕਿ ਗੁਰੂ ਰਾਮਦਾਸ ਜੀ ਕੇਵਲ ਪਿਤਾ ਨਹੀਂ, ਸਗੋਂ ਗੁਰੂ ਵੀ ਹਨ। ਉਸਦੇ ਅਜਿਹੇ ਕਿਰਦਾਰ ਕਾਰਨ ਭਾਈ ਗੁਰਦਾਸ ਜੀ ਨੇ ਉਸਨੂੰ 'ਮੀਣਾ' ਕਰਕੇ ਲਿਖਿਆ ਹੈ:-

**ਮੀਣਾ ਹੋਆ ਪ੍ਰਿਥੀਆ, ਕਰਿ ਕਰਿ ਟੇਢਕ ਬਰਲ ਚਲਾਇਆ।**

ਗੁਰੂ ਰਾਮਦਾਸ ਜੀ ਦੇ ਸਾਰੰਗ ਰਾਗ ਵਿੱਚ ਉਚਾਰੇ ਸ਼ਬਦ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਪ੍ਰਿਥੀ ਚੰਦ ਕੁਝ ਜ਼ਿਆਦਾ ਹੀ ਲੜਨ-ਝਗੜਨ ਲਗ ਪਿਆ ਸੀ। ਧੀਰਜ ਦੀ ਮੂਰਤ ਗੁਰੂ ਰਾਮਦਾਸ ਜੀ ਨੇ ਬੜੇ ਧੀਰਜ ਨਾਲ ਸਮਝਾਇਆ, 'ਬੇਟਾ! ਪਿਤਾ ਨਾਲ ਝਗੜਨਾ ਕੋਈ ਚੰਗੀ ਗੱਲ ਨਹੀਂ। ਜਿਸਨੇ ਜੰਮਿਆਂ, ਪਾਲਿਆ-ਪਲੋਸਿਆ ਤੇ ਵੱਡਾ ਕੀਤਾ ਹੈ, ਉਸ ਨਾਲ ਝਗੜਨਾ ਮੂਰਖਤਾ ਹੈ:

**ਕਾਹੇ ਪੂਤ ਝਗਰਤ ਹਉ ਸੰਗਿ ਬਾਪ॥**
**ਜਿਨ ਕੇ ਜਣੇ ਬਡੀਰੇ ਤੁਮ ਹਉ**
**ਤਿਨ ਸਿਉ ਝਗਰਤ ਪਾਪ॥੧॥ ਰਹਾਉ॥**

*(ਸਾਰਗ, ਮ: ੪, ਪੰਨਾ ੧੨੦੦)*

ਗੁਰੂ ਰਾਮਦਾਸ ਜੀ ਨੇ ਉਸਨੂੰ ਇਹ ਵੀ ਸਮਝਾਇਆ ਕਿ ਜਿਸ ਮਾਇਆ ਤੇ ਕਬਜ਼ਾ ਕਰਕੇ ਤੂੰ ਹੰਕਾਰੀ ਬਣਿਆ ਪਿਆ ਹੈ, ਉਹ ਧਨ ਕਦੇ ਵੀ ਕਿਸੇ ਦਾ ਆਪਣਾ ਨਹੀਂ ਬਣਿਆ। ਮਾਇਆ ਦੇ ਚਸਕੇ ਦਾ ਨਸ਼ਾ ਤਾਂ ਖਿਨ-ਪਲ ਵਿਚ ਉਤਰ ਜਾਂਦਾ ਹੈ, ਤੇ ਫਿਰ ਪਛਤਾਵਾ ਹੁੰਦਾ ਹੈ:

**ਜਿਸੁ ਧਨ ਕਾ ਤੁਮ ਗਰਬੁ ਕਰਤ ਹਉ, ਸੋ ਧਨੁ ਕਿਸਹਿ ਨ ਆਪ॥**
**ਖਿਨ ਮਹਿ ਛੋਡਿ ਜਾਇ ਬਿਖਿਆ ਰਸੁ, ਤਉ ਲਾਗੈ ਪਛੁਤਾਪ॥੧॥**

*(ਸਾਰਗ, ਮ: ੪, ਪੰਨਾ ੧੨੦੦)*

ਬਾਬਾ ਪ੍ਰਿਥੀ ਚੰਦ ਦੇ ਪੱਥਰ-ਮਨ ਉਤੇ ਗੁਰੂ ਪਿਤਾ ਦੇ ਇਨ੍ਹਾਂ ਉਪਦੇਸ਼ਾਂ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ। ਉਹ ਤਾਂ ਬੱਸ ਗੁਰਗੱਦੀ ਹਥਿਆਉਣ ਲਈ ਤਰਲੋ-ਮੱਛੀ ਹੋ ਰਿਹਾ ਸੀ।

ਗੁਰੂ ਜੀ ਦੇ ਦੂਜੇ ਸਪੁੱਤਰ ਬਾਬਾ ਮਹਾਂਦੇਵ ਜੀ, ਮਸਤਾਨੇ ਅਤੇ ਵਿਰਕਤ ਸੁਭਾਅ ਦੇ ਮਾਲਕ ਸਨ। ਦੁਨਿਆਵੀ ਕਾਰ-ਵਿਹਾਰ ਉਨ੍ਹਾਂ ਨੂੰ ਝਮੇਲੇ ਜਾਪਦੇ ਸਨ। ਉਨ੍ਹਾਂ ਨੂੰ ਆਪਣੇ ਜਤੀ-ਸਤੀ ਅਤੇ ਤੱਪਸਵੀ ਹੋਣ ਦਾ ਬਹੁਤ ਹੰਕਾਰ ਸੀ। ਇਸ ਹੰਕਾਰ-ਵੱਸ ਉਹ ਕਈ ਵਾਰ ਗੁਰੂ ਰਾਮਦਾਸ ਜੀ ਨੂੰ ਹੀ ਉਪਦੇਸ਼ ਦੇਣ ਲਗ ਪੈਂਦੇ ਸਨ ਤੇ ਘੱਟ ਵੱਧ ਬੋਲ ਜਾਂਦੇ ਸਨ। ਉਹ ਗੁਰਮਤ ਦੇ ਮਹਾਨ ਅਸੂਲਾਂ 'ਮਾਇਆ ਵਿਚ ਉਦਾਸੀ' ਅਤੇ 'ਗੁਰੂ ਹੁਕਮਾਂ ਨੂੰ ਸ਼ਰਧਾ ਸਹਿਤ ਮੰਨਣ' ਦੀ ਕਸਵੱਟੀ ਤੇ ਖਰੇ ਨਹੀਂ ਸਨ ਉਤਰਦੇ।

ਗੁਰੂ ਰਾਮਦਾਸ ਜੀ ਨੇ ਆਪਣੇ ਸਪੁੱਤਰਾਂ ਅਤੇ ਹੋਰ ਨਿਕਟਵਰਤੀ ਗੁਰਸਿੱਖਾਂ ਬਾਰੇ ਦੀਰਘ ਵਿਚਾਰ ਕਰਨ ਮਗਰੋਂ (ਗੁਰੂ) ਅਰਜੁਨ ਦੇਵ ਜੀ ਨੂੰ ਆਪਣਾ ਉਤਰਾਧਿਕਾਰੀ ਨੀਯਤ ਕਰਨ ਦਾ ਫੈਸਲਾ ਕਰ ਲਿਆ ਅਤੇ ਇਕ ਦਿਨ ਭਰੇ ਦੀਵਾਨ ਵਿੱਚ (ਗੁਰੂ) ਅਰਜੁਨ ਦੇਵ ਜੀ ਨੂੰ ਗੁਰਗੱਦੀ ਦੀ ਸੌਂਪਣਾ ਕਰ ਦਿੱਤੀ। ਉਨ੍ਹਾਂ ਅੱਗੇ ਆਪ ਮੱਥਾ ਟੇਕਿਆ ਤੇ ਬਾਣੀ ਦੀ ਪੋਥੀ ਵੀ ਭੇਟ ਕਰ ਦਿਤੀ। ਮਗਰੋਂ ਸਾਰੀ ਸੰਗਤ ਨੇ ਗੁਰੂ ਅਰਜੁਨ ਦੇਵ ਜੀ ਨੂੰ ਮੱਥਾ ਟੇਕਿਆ। ਇਹ ਜ਼ਿਕਰ ਭਾਂਦਰੋਂ ਸੰਮਤ 1638 (ਅਗਸਤ ਸੰਨ 1581) ਦਾ ਹੈ। ਉਸ ਵੇਲੇ ਗੁਰੂ ਅਰਜੁਨ ਸਾਹਿਬ ਜੀ ਦੀ ਉਮਰ ਲਗਪਗ ਸਾਢੇ ਅਠਾਰਾਂ ਸਾਲਾਂ ਦੀ ਸੀ।

### ਜੋਤੀ ਜੋਤਿ ਸਮਾਉਣਾ

ਸ੍ਰੀ ਗੁਰੂ ਅਰਜੁਨ ਦੇਵ ਜੀ ਨੂੰ ਗੁਰਿਆਈ ਦੀ ਬਖਸ਼ਿਸ਼ ਕਰਨ ਮਗਰੋਂ ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਚਲੇ ਗਏ। ਨਾਲ ਗੁਰੂ ਅਰਜੁਨ ਦੇਵ ਜੀ ਨੂੰ ਵੀ ਲੈ ਗਏ। ਕੁਝ ਦਿਨ ਗੋਇੰਦਵਾਲ ਟਿਕਣ ਪਿਛੋਂ ਆਪ ਪਹਿਲੀ ਸਤੰਬਰ, ਸੰਨ 1581 (ਮੁਤਾਬਿਕ 2 ਅਸੂ, ਸੰਮਤ 1638) ਨੂੰ ਜੋਤੀ-ਜੋਤਿ ਸਮਾ ਗਏ। ਚੰਦ ਦੇ ਹਿਸਾਬ ਨਾਲ ਉਸ ਦਿਨ ਭਾਦਰੋਂ ਸੁਦੀ 3 ਸੀ। ਉਸ ਸਮੇਂ ਆਪਦੀ ਕੁਲ ਆਯੂ ਕੇਵਲ 47 ਸਾਲਾਂ ਦੀ ਹੀ ਸੀ।

## 9. ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ

ਸੰਨ 1574 ਤੋਂ 1581 ਤੱਕ ਗੁਰਿਆਈ ਦੇ ਸੱਤ ਸਾਲਾਂ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਨੇ ਵਿਸ਼ਾ-ਵਸਤੂ ਅਤੇ ਆਕਾਰ ਦੇ ਪੱਖੋਂ ਅਥਾਹ ਬਾਣੀ ਰਚੀ ਹੈ। ਆਪ ਦੀ ਬਾਣੀ ਵਿੱਚ ਕਾਵਿ-ਰੂਪਾਂ ਦੀ ਬਹੁਲਤਾ ਤੇ ਵਿਭਿੰਨਤਾ ਹੈ, ਕਵਿਤਾ ਤੇ ਰਾਗ ਦਾ ਸੁਮੇਲ ਹੈ ਅਤੇ ਉਚੇ ਅਧਿਆਤਮਕ ਮੰਡਲਾਂ ਦਾ ਪ੍ਰਗਟਾਵਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ 31 ਰਾਗਾਂ ਵਿਚੋਂ ਆਪ ਜੀ ਨੇ 30

ਰਾਗਾਂ ਵਿੱਚ ਬਾਣੀ ਰਚੀ ਹੈ। ਆਖਰੀ ਰਾਗ ਜੈਜਾਵੰਤੀ ਹੈ, ਜਿਸ ਵਿੱਚ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹੀ ਬਾਣੀ ਰਚੀ ਹੈ। ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ ਵਿਚ ਬਾਣੀ ਲਿਖੀ ਸੀ। ਗੁਰੂ ਰਾਮਦਾਸ ਜੀ ਨੇ ਇਨ੍ਹਾਂ 19 ਰਾਗਾਂ ਤੋਂ ਇਲਾਵਾ ਹੋਰ 11 ਰਾਗਾਂ ਵਿੱਚ ਬਾਣੀ ਰਚੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕੁਲ 22 ਵਾਰਾਂ ਵਿਚੋਂ 8 ਵਾਰਾਂ ਗੁਰੂ ਰਾਮਦਾਸ ਜੀ ਦੀਆਂ ਹਨ।

ਪ੍ਰਿੰਸੀਪਲ ਕੁਲਦੀਪ ਸਿੰਘ (ਹਉਰਾ) ਨੇ ਗੁਰੂ ਜੀ ਦੀ ਬਾਣੀ ਬਾਬਤ ਬੜੇ ਭਾਵ-ਪੂਰਤ ਵਿਚਾਰ ਪ੍ਰਗਟ ਕੀਤੇ ਹਨ। ਆਪ ਲਿਖਦੇ ਹਨ :-

'ਉਨ੍ਹਾਂ ਦੀ ਸਮੁੱਚੀ ਰਚਨਾ ਕੇਵਲ ਸੁਹਜ ਸੁਆਦ ਹੀ ਨਹੀਂ ਦਿੰਦੀ, ਸਗੋਂ ਜੀਵਨ ਦੇ ਡੂੰਘੇ ਮਰਮ ਸਮਝਾਂਦੀ ਹੈ। ਉਨ੍ਹਾਂ ਦੀ ਰਚਨਾ ਆਪ ਮੁਹਾਰੇ ਵਗਦੇ ਸੀਤਲ ਚਸ਼ਮੇ ਦੀ ਤਰ੍ਹਾਂ ਹੈ, ਜਿਸਨੂੰ ਮਾਣਿਆਂ ਅੰਦਰ ਠੰਢ ਪੈਂਦੀ ਹੈ, ਅੰਮ੍ਰਿਤ ਝਰਦਾ ਹੈ, ਸ਼ਾਂਤੀ ਆਉਂਦੀ ਹੈ। ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਮਹਾਨ ਤੇ ਕਾਫੀ ਵੱਡਾ ਹਿੱਸਾ ਹੈ, ਤੇ ਪੱਧਰ, ਰੂਪ ਤੇ ਵੰਨਗੀ ਆਦਿ ਦੇ ਪੱਖੋਂ ਵੀ ਮਹਾਨ ਹੈ। ਵਿਛੋੜਾ, ਵੈਰਾਗ ਤੇ ਮਿਲਣ ਦੀ ਤਾਂਘ ਆਪ ਦੀ ਬਾਣੀ ਦੇ ਮੁੱਖ ਵਿਸ਼ੇ ਹਨ। 'ਨੀਰ ਵਹੈ ਵਹਿ ਚਲੈ ਜੀਉ,' 'ਅੰਮ੍ਰਿਤ ਭਿੰਨੇ ਲੋਇਣਾ,' 'ਮੇਰਾ ਮਨੁ ਤਨੁ ਵਿਧਾ,' 'ਅਣੀਆਲੇ ਅਣੀਆ ਰਾਮ ਰਾਜੇ,' 'ਗੁਰਮੁਖ ਰੰਗ ਚਲੂਲਿਆ,' 'ਜਨੁ ਨਾਨਕੁ ਮੁਸਕਿ ਝਕੋਲਿਆ,' 'ਗੁਰ ਅੰਮ੍ਰਿਤ ਭਿੰਨੀ ਦੇਹੁਰੀ, ਅੰਮ੍ਰਿਤੁ ਬੁਰਕੇ ਰਾਮ ਰਾਜੇ,' 'ਮੈ ਚਿਰੀ ਵਿਛੁੰਨੇ ਰਾਮ ਰਾਜੇ,' 'ਹਰਿ ਸਜਣੁ ਲਧਾ ਰਾਮ ਰਾਜੇ' ਆਦਿ ਬੋਲਾਂ ਵਿਚ ਅਗੰਮੀ ਰਸ ਤੇ ਸੁਆਦ ਹੈ। ਆਪ ਨੇ ਅਪਾਰ ਕੋਮਲਤਾ, ਸੂਖਮਤਾ ਤੇ ਸੁਚੱਜਤਾ ਨਾਲ ਰਾਗ ਤੇ ਕਵਿਤਾ ਦਾ ਸੁਮੇਲ ਕੀਤਾ ਹੈ। ਆਪ ਜੀ ਦੀ ਸਮੁੱਚੀ ਬਾਣੀ ਆਪ ਜੀ ਦੇ ਜੀਵਨ ਵਾਂਗ ਹੀ ਰੱਬੀ ਪ੍ਰੀਤ ਵਿਚ ਰੰਗੀ ਹੋਈ ਹੈ। ਕਿੰਨੀ ਸਿੱਕ ਤੇ ਕਿੰਨੀ ਬਿਹਬਲਤਾ ਹੈ ਗੁਰੂ ਮਿਲਾਪ ਲਈ :

ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ
ਹਉ ਤਿਸੁ ਪਹਿ ਆਪੁ ਵੇਚਾਈ॥੧॥ *(ਪੰਨਾ ੭੫੭)*

*(ਗੁਰਮਤਿ ਪ੍ਰਕਾਸ਼, ਅਗਸਤ ੧੯੮੨, ਪੰਨਾ ੨੭-੨੮)*

ਇਕ ਹੋਰ ਜਗ੍ਹਾ ਪ੍ਰਿੰਸੀਪਲ ਕੁਲਦੀਪ ਸਿੰਘ ਲਿਖਦੇ ਹਨ :-

'ਗੁਰੂ ਰਾਮਦਾਸ ਜੀ ਦੀ ਬਾਣੀ ਪੜ੍ਹਦਿਆਂ ਇਸ ਤਰ੍ਹਾਂ ਲਗਦਾ ਹੈ, ਜਿਵੇਂ ਉਹ ਆਪਣੇ ਪਿਆਰੇ ਨੂੰ ਸਾਹਮਣੇ ਬਿਠਾ ਕੇ ਉਸ ਨਾਲ ਪਿਆਰ ਦੀਆਂ ਗੱਲਾਂ ਕਰ ਰਹੇ ਹਨ। ਉਸਦੇ ਬਚਨ ਸੁਣ ਰਹੇ ਹੋਣ, ਉਸ ਤੋਂ ਸਦਕੇ ਤੇ ਵਾਰੀ ਜਾ ਰਹੇ ਹੋਣ। ਇਹੋ ਜਾਪਦਾ ਹੈ ਜਿਵੇਂ ਗੁਰੂ ਰਾਮਦਾਸ ਜੀ ਆਪਣੇ ਸਤਿਗੁਰੂ ਦੇ ਸਦਾ ਨਿਕਟ ਵਸਦੇ, ਹਰ ਵੇਲੇ ਉਸਦੇ ਬਚਨ ਸੁਣਦੇ ਤੇ ਉਸਤੋਂ ਕੁਰਬਾਨ ਪਏ ਹੁੰਦੇ ਹੋਣ। ਇਤਨੇ ਸਰਲ ਸ਼ਬਦਾਂ ਵਿੱਚ ਇਤਨਾ ਤੀਖਣ ਪ੍ਰਭਾਵ ਪੈਦਾ ਕਰ ਸਕਣਾ ਵੀ ਉਨ੍ਹਾਂ ਦੇ ਹੀ ਹਿੱਸੇ ਆਇਆ ਹੈ, ਜਿਵੇਂ :-

ਅੰਤਰਿ ਪਿਆਸ ਉਠੀ ਪ੍ਰਭ ਕੇਰੀ,
ਸੁਣਿ ਗੁਰ ਬਚਨ ਮਨਿ ਤੀਰ ਲਗਈਆ॥ *(ਪੰਨਾ ੮੩੫)*
ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ,
ਹਉ ਸਤਿਗੁਰ ਕੈ ਬਲਿਹਾਰੀਐ॥ *(ਪੰਨਾ ੧੧੧੪)*
ਜੋ ਬੋਲੇ ਪੂਰਾ ਸਤਿਗੁਰੂ ਸੋ ਪਰਮੇਸਰਿ ਸੁਣਿਆ॥
ਸੋਈ ਵਰਤਿਆ ਜਗਤ ਮਹਿ, ਘਟਿ ਘਟਿ ਮੁਖਿ ਭਣਿਆ॥
*(ਪੰਨਾ ੮੫੪)*
ਰਾਮ, ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ॥
ਹਮ ਮੂੜ ਮੁਗਧ ਅਸੁਧ ਮਤਿ ਹੋਤੇ,
ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ॥੧॥ ਰਹਾਉ॥
*(ਪੰਨਾ ੧੬੯)*

*(ਗੁਰਮਤਿ ਪ੍ਰਕਾਸ਼, ਅਕਤੂਬਰ ੧੯੮੨, ਪੰਨਾ ੭੬)*

ਬਾਣੀ ਦਾ ਵੇਰਵਾ

ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਆਪਣੀ ਪੁਸਤਕ 'ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਰਾਮਦਾਸ ਜੀ' ਦੇ ਪੰਨਾ 32 ਤੋਂ 35 ਤੱਕ ਗੁਰੂ ਰਾਮਦਾਸ ਜੀ ਦੁਆਰਾ ਰਚੀ ਬਾਣੀ ਦਾ ਵੇਰਵਾ ਦਿਤਾ ਹੈ, ਜੋ ਇਸ ਪ੍ਰਕਾਰ ਹੈ :

(ੳ) ਗੁਰੂ ਨਾਨਕ ਦੇਵ ਜੀ ਦੇ ਵਰਤੇ ਰਾਗ :

ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ।

(ਅ) ੧੧ ਉਹ ਰਾਗ ਜੋ ਗੁਰੂ ਰਾਮਦਾਸ ਜੀ ਨੇ ਆਪ ਵਰਤੇ ਹਨ

ਦੇਵਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੋਂਡ, ਨਟ ਨਾਰਇਣ, ਮਾਲੀਗਉੜਾ, ਕੇਦਾਰਾ, ਕਾਨੜਾ ਅਤੇ ਕਲਿਆਨ।

ਇਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀ ਬਾਣੀ ਭੀ ਦਰਜ ਹੈ, ਜੋ ਗੁਰੂ ਨਾਨਕ ਸਾਹਿਬ ਨੇ 'ਉਦਾਸੀਆਂ' ਸਮੇਂ ਇੱਕਠੀ ਕੀਤੀ ਸੀ। ਉਹ ਭੀ ਰਾਗਾਂ ਅਨੁਸਾਰ ਹੈ। ਭਗਤਾਂ ਦੇ ਵਰਤੇ ਰਾਗ ਕੱਢ ਕੇ 5 ਰਾਗ ਐਸੇ ਹਨ ਜੋ ਸਿਰਫ਼ ਗੁਰੂ ਰਾਮਦਾਸ ਜੀ ਨੇ ਹੀ ਵਰਤੇ ਹਨ, ਹੋਰ ਕਿਸੇ ਨਹੀਂ ਵਰਤੇ।

ਜਿਥੋਂ ਤਕ ਰਾਗਾਂ ਦਾ ਸੰਬੰਧ ਹੈ, ਸਿੱਖ ਹੇਠ ਲਿਖੇ ਪੰਜ ਰਾਗਾਂ ਲਈ ਗੁਰੂ

ਰਾਮਦਾਸ ਜੀ ਦੇ ਸਦਾ ਰਿਣੀ ਰਹਿਣਗੇ :

ਦੇਵਗੰਧਾਰੀ, ਬਿਹਾਗੜਾ, ਬੈਰਾੜੀ, ਨਟ ਨਰਾਇਣ ਅਤੇ ਕਲਿਆਨ।

ਗੁਰੂ ਰਾਮਦਾਸ ਜੀ ਦੀ 30 ਰਾਗਾਂ ਵਿਚ ਲਿਖੀ ਬਾਣੀ ਦਾ ਵੇਰਵਾ ਇਉਂ ਹੈ :-

| | | |
|---|---|---|
| ਸ਼ਬਦ | - | 246 |
| ਅਸ਼ਟਪਦੀਆਂ | - | 33 |
| ਛੰਤ | - | 28 |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 22 'ਵਾਰਾਂ' ਹਨ। ਇਹਨਾਂ ਚੋਂ ਹੇਠ-ਲਿਖੇ ਰਾਗਾਂ ਵਿਚ ਗੁਰੂ ਰਾਮਦਾਸ ਜੀ ਦੀਆਂ 8 'ਵਾਰਾਂ' ਹਨ :

ਸਿਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲ, ਸਾਰੰਗ, ਕਾਨੜਾ।

ਪਹਿਲੇ ਗੁਰ-ਵਿਅਕਤੀਆਂ ਵਾਂਗ ਸ਼ਬਦ, ਅਸ਼ਟਪਦੀਆਂ ਅਤੇ ਛੰਤਾਂ ਤੋਂ ਇਲਾਵਾ ਗੁਰੂ ਰਾਮਦਾਸ ਜੀ ਨੇ ਭੀ ਹੇਠ-ਲਿਖੀਆਂ ਉਚੇਚੀਆਂ ਬਾਣੀਆਂ ਲਿਖੀਆਂ ਹਨ :

| | | |
|---|---|---|
| (1) ਸਿਰੀ ਰਾਗ ਵਿਚ | - | ਪਹਰੇ, 1 ਸ਼ਬਦ |
| | - | ਵਣਜਾਰਾ, 1 ਸ਼ਬਦ |
| (2) ਗਉੜੀ ਵਿਚ | - | ਕਰਹਲੇ, 2 ਸ਼ਬਦ |
| (3) ਵਡਹੰਸ ਵਿਚ | - | ਘੋੜੀਆਂ, 2 ਸ਼ਬਦ |
| (4) ਮਾਰੂ ਵਿਚ | - | ਸੋਹਲੇ, 2 ਸ਼ਬਦ |

ਗੁਰੂ ਰਾਮਦਾਸ ਜੀ ਦੀਆਂ ਲਿਖੀਆਂ 8 'ਵਾਰਾਂ' ਦੀਆਂ 183 ਪਉੜੀਆਂ ਹਨ, ਜਿਨ੍ਹਾਂ ਦਾ ਵੇਰਵਾ ਇਉਂ ਹੈ :-

| | |
|---|---|
| ਸਿਰੀ ਰਾਗ-21 | ਗਉੜੀ-28 |
| ਬਿਹਾਗੜਾ-21 | ਵਡਹੰਸ-21 |
| ਸੋਰਠਿ-29 | ਬਿਲਾਵਲ-13 |
| ਸਾਰੰਗ-35 | ਕਾਨੜਾ-15 |
| | <u>ਜੋੜ-183</u> |

ਹਰੇਕ ਗੁਰੂ-ਵਿਅਕਤੀ ਨੇ ਬਹੁਤ ਸਾਰੇ 'ਸਲੋਕ' ਭੀ ਲਿਖੇ ਹਨ। ਗੁਰੂ ਅਰਜੁਨ ਦੇਵ ਸਾਹਿਬ ਨੇ ਉਹ ਸਲੋਕ 'ਵਾਰਾਂ' ਦੀਆਂ ਪਉੜੀਆਂ ਨਾਲ ਦਰਜ ਕਰ ਦਿੱਤੇ। ਹਰੇਕ ਪਉੜੀ ਦੇ ਨਾਲ ਘੱਟ ਤੋਂ ਘੱਟ 2 ਸਲੋਕ। ਗੁਰੂ ਰਾਮਦਾਸ ਜੀ ਦੇ ਇਹਨਾਂ ਸਲੋਕਾਂ ਦਾ ਜੋੜ 105 ਹੈ। ਜਿਹੜੇ ਸਲੋਕ 'ਵਾਰਾਂ' ਦੀਆਂ ਪਉੜੀਆਂ

ਨਾਲ ਦਰਜ ਹੋਣੋਂ ਰਹਿ ਗਏ, ਉਹ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਤੇ ਦਰਜ ਹਨ। ਗੁਰੂ ਰਾਮਦਾਸ ਜੀ ਦੇ ਉਹ ਸਲੋਕ 30 ਹਨ। ਰਲਾ ਕੇ ਸਾਰੇ ਸਲੋਕ 135 ਹਨ।

ਗੁਰੂ ਰਾਮਦਾਸ ਜੀ ਦੀ ਸਾਰੀ ਬਾਣੀ ਇਸ ਤਰ੍ਹਾਂ ਇਉਂ ਹੋਈ-

| | | | | | |
|---|---|---|---|---|---|
| ਸ਼ਬਦ | - | 246 | ਅਸ਼ਟਪਦੀਆਂ | - | 33 |
| ਛੰਤ | - | 28 | ਵਾਰਾਂ ਦੀਆਂ ਪਉੜੀਆਂ | - | 183 |
| ਸਲੋਕ | - | 135 | ਪਹਰੇ | - | 1 ਸ਼ਬਦ |
| ਵਣਜਾਰਾ | - | 1 ਸ਼ਬਦ | ਕਰਹਲੇ | - | 2 ਸ਼ਬਦ |
| ਘੋੜੀਆਂ | - | 2 ਸ਼ਬਦ | ਸੋਲਹੇ | - | 2 ਸ਼ਬਦ |

ਰਾਗਾਂ ਅਨੁਸਾਰ ਸ਼ਬਦਾਂ, ਅਸ਼ਟਪਦੀਆਂ ਤੇ ਛੰਤਾਂ ਦਾ ਵੇਰਵਾ :-

| | ਸ਼ਬਦ | ਅਸ਼ਟਪਦੀਆਂ | ਛੰਤ |
|---|---|---|---|
| ੧. ਸਿਰੀ ਰਾਗ | 6 | - | 1 |
| ੨. ਮਾਝ | 7 | 1 | - |
| ੩. ਗਉੜੀ | 32 | - | - |
| ੪. ਆਸਾ | 16 (1+15) | - | 14 |
| ੫. ਗੂਜਰੀ | 7 | 1 | - |
| ੬. ਦੇਵਗੰਧਾਰੀ | 6 | - | - |
| ੭. ਬਿਹਾਗੜਾ | 6 | - | - |
| ੮. ਵਡਹੰਸ | 3 | 4 | - |
| ੯. ਸੋਰਠਿ | 9 | - | - |
| ੧੦. ਧਨਾਸਰੀ | 13 | - | 1 |
| ੧੧. ਜੈਤਸਰੀ | 11 | - | - |
| ੧੨. ਟੋਡੀ | 1 | - | - |
| ੧੩. ਬੈਰਾੜੀ | 6 | - | - |
| ੧੪. ਤਿਲੰਗ | 2 | - | - |
| ੧੫. ਸੂਹੀ | 15 | 2 | 6 |
| ੧੬. ਬਿਲਾਵਲ | 7 | 6 | 2 |
| ੧੭. ਗੋਂਡ | 6 | - | - |
| ੧੮. ਰਾਮਕਲੀ | 6 | - | - |

| | | | |
|---|---|---|---|
| ੧੯.ਨਟ ਨਰਾਇਣ | 9 | 6 | – |
| ੨੦.ਮਾਲੀ ਗਉੜਾ | 6 | – | – |
| ੨੧.ਮਾਰੂ | 8 | – | – |
| ੨੨.ਤੁਖਾਰੀ | – | – | 4 |
| ੨੩.ਕੇਦਾਰਾ | 2 | – | – |
| ੨੪.ਭੈਰਉ | 7 | – | – |
| ੨੫.ਬਸੰਤ | 7 | 1 | – |
| ੨੬.ਸਾਰੰਗ | 13 | – | – |
| ੨੭.ਮਲਾਰ | 9 | – | – |
| ੨੮.ਕਾਨੜਾ | 12 | 6 | – |
| ੨੯.ਕਲਿਆਨ | 7 | 6 | – |
| ੩੦.ਪ੍ਰਭਾਤੀ | 7 | – | – |
| ਜੋੜ | 246 | 33 | 28 |

## ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਆਏ ਪ੍ਰਮੁੱਖ ਗੁਰਮਤਿ ਸਿਧਾਂਤ

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵੱਡ-ਆਕਾਰੀ ਹੋਣ ਕਰਕੇ ਇਸ ਵਿਚ ਲਗਪਗ ਸਾਰੇ ਪ੍ਰਮੁੱਖ ਗੁਰਮਤਿ ਸਿਧਾਂਤ ਆ ਗਏ ਹਨ; ਪਰ ਪ੍ਰਭੂ-ਪਿਆਰ ਤੇ ਗੁਰੂ-ਪਿਆਰ ਆਪ ਜੀ ਦੀ ਬਾਣੀ ਦੇ ਪ੍ਰਧਾਨ ਵਿਸ਼ੇ ਹਨ। ਇਸਦੇ ਨਾਲ ਵੈਰਾਗ, ਵਿਛੋੜੇ ਦਾ ਅਹਿਸਾਸ ਅਤੇ ਪ੍ਰਭੂ ਤੇ ਗੁਰੂ ਨੂੰ ਮਿਲਣ ਦੀ ਤਾਂਘ ਵੀ ਆਪ ਦੀ ਬਾਣੀ ਵਿਚ ਡੁੱਲ੍ਹ ਡੁੱਲ੍ਹ ਪੈਂਦੀ ਹੈ।

### (1) ਪ੍ਰਭੂ ਦੀ ਵਿਸ਼ਾਲਤਾ

ਪ੍ਰਭੂ ਕੋਈ ਕਾਲਪਨਿਕ ਸ਼ਕਤੀ ਨਹੀਂ, ਸਦੋਂ ਸਦੀਵੀਂ ਹੋਂਦ ਵਾਲੀ ਤੇ ਸਰਬ ਸ਼ਕਤੀਮਾਨ ਹਸਤੀ ਹੈ। ਪ੍ਰਭੂ ਸਭ ਦਾ ਮੁੱਢ (ਆਦਿ) ਹੈ; ਮਨੁੱਖੀ ਮਨ ਦੀ ਪਕੜ ਵਿੱਚ ਨਹੀਂ ਆ.ਸਕਦਾ (ਅਗੰਮ), ਅਤੇ ਗਿਆਨ ਇੰਦਰੀਆਂ ਦਾ ਵਿਸ਼ਾ ਨਹੀਂ ਹੈ। ਉਹ ਆਕਾਰ ਰਹਿਤ (ਨਿਰੰਕਾਰ) ਹੈ, ਮਾਇਆ ਦੇ ਪ੍ਰਭਾਵ ਤੋਂ ਪਰੇ (ਨਿਰੰਜਨ) ਹੈ, ਉਸਦੀ ਉੱਚੀ ਅਵਸਥਾ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਪ੍ਰਭੂ ਅਪਰੰਪਰ ਹੈ- ਉਸਦਾ ਪਾਰ ਨਹੀਂ ਪਾਇਆ ਜਾ ਸਕਦਾ, ਬੇਅੰਤ ਹੈ, ਅਦ੍ਰਿਸ਼ਟ ਹੈ ਅਤੇ ਸਰੀਰ-ਰਹਿਤ ਹੈ। ਉਸਦੀ ਕੋਈ ਜ਼ਾਤ ਨਹੀਂ, ਵਰਨ ਨਹੀਂ। ਉਹ ਇੰਨਾ ਮਹਾਨ ਹੈ ਕਿ ਉਸਦੇ ਬਰਾਬਰ ਦਾ

(ਸ਼ਰੀਕ) ਕੋਈ ਨਹੀਂ ਹੈ। ਉਸਦੀਆਂ ਵਡਿਆਈਆਂ ਦੀ ਵੀਚਾਰ ਗੁਰੂ ਦੀ ਕਿਰਪਾ ਰਾਹੀਂ ਹੀ ਕੀਤੀ ਜਾ ਸਕਦੀ ਹੈ। ਸਤਿਗੁਰੂ ਫਰਮਾਉਂਦੇ ਹਨ :

ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ,
ਆਦਿ ਨਿਰੰਜਨੁ ਨਿਰੰਕਾਰੁ ਜੀਉ॥
ਤਾ ਕੀ ਗਤਿ ਕਹੀ ਨ ਜਾਈ, ਅਮਿਤਿ ਵਡਿਆਈ,
ਮੇਰਾ ਗੋਵਿੰਦੁ ਅਲਖ ਅਪਾਰ ਜੀਉ॥
ਗੋਵਿੰਦੁ ਅਲਖ ਅਪਾਰੁ ਅਪਰੰਪਰੁ, ਆਪੁ ਆਪਣਾ ਜਾਣੈ॥
ਕਿਆ ਇਹ ਜੰਤ ਵਿਚਾਰੇ ਕਹੀਅਹਿ, ਜੋ ਤੁਧੁ ਆਖਿ ਵਖਾਣੈ॥
ਜਿਸ ਨੋ ਨਦਰਿ ਕਰਹਿ ਤੂੰ ਅਪਣੀ, ਸੋ ਗੁਰਮੁਖਿ ਕਰੇ ਵੀਚਾਰੁ ਜੀਉ॥
ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ,
ਆਦਿ ਨਿਰੰਜਨੁ ਨਿਰੰਕਾਰੁ ਜੀਉ॥੧॥

*(ਆਸਾ, ਮ: ੪, ਛੰਤ, ਪੰਨਾ ੪੪੮)*

ਤੇਰੀ ਵਡਿਆਈ ਤੂਹੈ ਜਾਣਦਾ, ਤੁਧੁ ਜੇਵਡੁ ਅਵਰੁ ਨ ਕੋਈ॥
ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ, ਤੁਧੁ ਜੇਵਡੁ ਤੂਹੈ ਹੋਈ॥

*(ਬਿਹਾਗੜੇ ਕੀ ਵਾਰ, ਮ: ੪, ਪੰਨਾ ੫੪੯)*

(2) ਪ੍ਰਭੂ ਕੁਦਰਤ ਵਿਚ ਵਿਆਪਕ ਹੈ

ਸਾਰੀ ਸ੍ਰਿਸ਼ਟੀ ਪ੍ਰਭੂ ਨੇ ਆਪ ਪੈਦਾ ਕੀਤੀ ਹੈ ਤੇ ਕੰਮਾਂ-ਧੰਦਿਆਂ ਵਿਚ ਲਾ ਦਿਤੀ ਹੈ। ਪ੍ਰਭੂ ਸਦਾ ਕਾਇਮ ਰਹਿਣ ਵਾਲਾ (ਸੱਚਾ) ਹੈ ਤੇ ਹਰ ਥਾਂ ਮੌਜੂਦ ਹੈ :

ਸਭ ਆਪੇ ਤੁਧੁ ਉਪਾਇ ਕੈ, ਆਪਿ ਕਾਰੈ ਲਾਈ॥
ਤੂੰ ਆਪੇ ਵੇਖਿ ਵਿਗਸਦਾ, ਆਪਣੀ ਵਡਿਆਈ॥
ਹਰਿ, ਤੁਧਹੁ ਬਾਹਰਿ ਕਿਛੁ ਨਾਹੀ, ਤੂੰ ਸਚਾ ਸਾਈ॥
ਤੂੰ ਆਪੇ ਆਪਿ ਵਰਤਦਾ, ਸਭਨੀ ਹੀ ਥਾਈ॥
ਹਰਿ ਤਿਸੈ ਧਿਆਵਹੁ ਸੰਤ ਜਨਹੁ, ਜੋ ਲਏ ਛਡਾਈ॥੨॥

*(ਸਿਰੀ ਰਾਗ ਕੀ ਵਾਰ, ਮ: ੪, ਪੰਨਾ ੮੩)*

(3) ਪ੍ਰਭੂ ਦਾ ਆਸਰਾ

ਗੁਰੂ ਜੀ ਪ੍ਰਭੂ ਦੇ ਆਸਰੇ ਨੂੰ ਸਰਬੋਤਮ ਮੰਨਦੇ ਹਨ ਅਤੇ ਮਨ ਦੀ ਚਤੁਰਾਈ ਤੇ ਧਨ ਦੇ ਹੰਕਾਰ ਨੂੰ ਨਿੰਦਦੇ ਹਨ :

ਕਿਸ ਹੀ ਜੋਰੁ ਅਹੰਕਾਰ ਬੋਲਣ ਕਾ॥
ਕਿਸ ਹੀ ਜੋਰੁ ਦੀਬਾਨ ਮਾਇਆ ਕਾ॥
ਮੈ ਹਰਿ ਬਿਨੁ ਟੇਕ ਧਰ ਅਵਰ ਨ ਕਾਈ,
ਤੂ ਕਰਤੇ, ਰਾਖੁ ਮੈ ਨਿਮਾਣੀ ਹੇ॥੧੩॥

ਨਿਮਾਣੇ ਮਾਣੁ ਕਰਹਿ ਤੁਧੁ ਭਾਵੈ॥
ਹੋਰ ਕੇਤੀ ਝਖਿ ਝਖਿ ਆਵੈ ਜਾਵੈ॥
ਜਿਨ ਕਾ ਪਖੁ ਕਰਹਿ ਤੂ ਸੁਆਮੀ,
ਤਿਨ ਕੀ ਊਪਰਿ ਗਲ ਤੁਧੁ ਆਣੀ ਹੇ॥੧੪॥

*(ਮਾਰੂ, ਸੋਲਹੇ, ਮ: ੪, ਪੰਨਾ ੧੦੭੧)*

(4) ਪ੍ਰਭੂ ਪ੍ਰੀਤ

ਗੁਰੂ ਰਾਮਦਾਸ ਜੀ ਦੇ ਹਿਰਦੇ ਵਿਚ ਪ੍ਰਭੂ ਲਈ ਅਥਾਹ ਪਿਆਰ ਹੈ ਤੇ ਉਸਦੇ ਦਰਸ਼ਨਾ ਲਈ ਤੀਬਰ ਤਾਂਘ ਹੈ। ਪ੍ਰਭੂ ਤੋਂ ਇਕ ਪਲ ਦਾ ਵਿਛੋੜਾ ਵੀ ਨਹੀਂ ਸਹਾਰ ਸਕਦੇ। ਹਰ ਸਮੇਂ ਪ੍ਰਭੂ ਦੇ ਦਰਸ਼ਨ ਕਰਨਾ ਲੋਚਦੇ ਹਨ। ਆਪ ਫੁਰਮਾਉਂਦੇ ਹਨ :

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ,
ਹਉ ਤਿਸੁ ਪਹਿ ਆਪੁ ਵੇਚਾਈ॥੧॥

*(ਸੂਹੀ, ਅਸਟਪਦੀਆ, ਮ: ੪, ਪੰਨਾ ੭੫੭)*

ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ,
ਜਿਉ ਤ੍ਰਿਖਾਵੰਤੁ ਬਿਨੁ ਨੀਰ॥੧॥
ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥
ਹਮਰੀ ਬੇਦਨ ਹਰਿ ਪ੍ਰਭੁ ਜਾਨੈ,
ਮੇਰੇ ਮਨ ਅੰਤਰ ਕੀ ਪੀਰ॥੧॥ ਰਹਾਉ॥

*(ਗੋਂਡ, ਮ. ੪, ਪੰਨਾ ੮੬੧)*

ਮੇਰੇ ਸਾਹਾ, ਮੈ ਹਰਿ ਦਰਸਨ ਸੁਖੁ ਹੋਇ॥
ਹਮਰੀ ਬੇਦਨਿ ਤੂ ਜਾਨਤਾ ਸਾਹਾ,
ਅਵਰੁ ਕਿਆ ਜਾਨੈ ਕੋਇ॥ ਰਹਾਉ॥

*(ਧਨਾਸਰੀ, ਮ: ੪, ਪੰਨਾ ੬੭੦)*

ਹਰਿ ਬਿਨੁ ਰਹਿ ਨ ਸਕਉ ਇਕ ਰਾਤੀ॥
ਜਿਉ ਬਿਨੁ ਅਮਲੈ ਅਮਲੀ ਮਰਿ ਜਾਈ ਹੈ,
ਤਿਉ ਹਰਿ ਬਿਨੁ ਹਮ ਮਰਿ ਜਾਤੀ॥ਰਹਾਉ॥

*(ਧਨਾਸਰੀ, ਮ: ੪, ਪੰਨਾ ੬੬੮)*

ਜਿਉ ਮਛੁਲੀ ਵਿਣੁ ਪਾਣੀਐ, ਰਹੈ ਨ ਕਿਤੈ ਉਪਾਇ॥
ਤਿਉ ਹਰਿ ਬਿਨੁ ਸੰਤੁ ਨ ਜੀਵਈ,
ਬਿਨੁ ਹਰਿ ਨਾਮੈ ਮਰਿ ਜਾ[illegible]

*(ਸੂਹੀ [illegible] ੪, ਅਸ਼ਟਪਦੀਆ, ਪੰਨਾ ੭੫੯)*

ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥
ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ॥
ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ,
ਮੈ ਨੀਰੁ ਵਹੇ ਵਹਿ ਚਲੈ ਜੀਉ॥੩॥

*(ਮਾਝ, ਮ: ੪, ਪੰਨਾ ੯੪)*

ਪ੍ਰਭੂ ਲਈ ਅਜਿਹਾ ਪਿਆਰ, ਪ੍ਰਭੂ ਦਰਸ਼ਨਾ ਲਈ ਅਜਿਹੀ ਤਾਂਘ ਅਤੇ ਪ੍ਰਭੂ ਤੋਂ ਵਿਛੋੜੇ ਦਾ ਅਜਿਹਾ ਅਹਿਸਾਸ ਹਰ ਸਿੱਖ ਦੇ ਮਨ ਵਿਚ ਹੋਣਾ ਜ਼ਰੂਰੀ ਹੈ।

(5) ਪ੍ਰਭੂ ਦਾ ਭਾਣਾ

ਪ੍ਰਭੂ ਦੇ ਸੇਵਕ ਪ੍ਰਭੂ ਦੇ ਭਾਣੇ ਵਿਚ ਰਹਿੰਦੇ ਹਨ। ਦੁਖ ਤੇ ਸੁਖ ਦੋਹਾਂ ਨੂੰ ਪ੍ਰਭੂ ਦੀਆਂ ਦਾਤਾਂ ਸਮਝਦੇ ਹਨ। ਮਨ ਦੀ ਮੱਤ ਅਤੇ ਹਉਮੈ ਨੂੰ ਤਿਆਗ ਕੇ ਪ੍ਰਭੂ-ਦਰ ਤੇ ਢਹਿ ਪੈਂਦੇ ਹਨ ਤੇ ਸੇਵਾ ਦਾ ਜੀਵਨ ਗੁਜ਼ਾਰਦੇ ਹਨ। ਭਾਣੇ ਵਿਚ ਰਹਿ ਕੇ ਪ੍ਰਭੂ-ਸੰਗ ਜੁੜੇ ਰਹਿਣ ਨੂੰ ਉਹ ਆਪਣੇ ਜੀਵਨ ਦਾ ਮਨੋਰਥ ਸਮਝਦੇ ਹਨ। ਇਸ ਬਾਰੇ ਸਤਿਗੁਰੂ ਜੀ ਇੰਝ ਅਗਵਾਈ ਦਿੰਦੇ ਹਨ :

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ
ਧਿਆਈ॥੨॥
ਜੇ ਭੁਖ ਦੇਹਿ ਤ ਇਤ ਹੀ ਰਾਜਾ, ਦੁਖ ਵਿਚਿ ਸੂਖ ਮਨਾਈ॥੩॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ,
ਵਿਚਿ ਅਗਨੀ ਆਪੁ ਜਲਾਈ॥੪॥
ਪਖਾ ਫੇਰੀ ਪਾਣੀ ਢੋਵਾ, ਜੋ ਦੇਵਹਿ ਸੋ ਖਾਈ॥੫॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ,
ਹਰਿ ਮੇਲਿ ਲੈਹੁ ਵਡਿਆਈ॥੬॥

*(ਰਾਗ ਸੂਹੀ, ਅਸਟਪਦੀਆ, ਮ: ੪, ਪੰਨਾ ੭੫੭)*

(6) ਪ੍ਰਭੂ ਦੀ ਪ੍ਰਾਪਤੀ ਨਾਮ ਸਿਮਰਨ ਰਾਹੀਂ

ਸੱਚੇ ਸਤਿਗੁਰੂ ਦੀ ਸ਼ਰਨ ਆਕੇ, ਪ੍ਰਭੂ ਦੀ ਸਿਫਤ-ਸਲਾਹ (ਨਾਮ-ਸਿਮਰਨ) ਕਰਨ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ। ਪ੍ਰਭੂ ਨੂੰ ਮਿਲਣ ਦਾ ਇਹ ਹੀ ਇਕੋ ਇਕ ਰਾਹ ਹੈ:

ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ,
ਜਿਸੁ ਸਤਗੁਰੁ ਪੂਰਾ ਮੇਰਾ ਮਿਲਿਆ॥
ਨਾਨਕ ਹਰਿ ਜਨ ਹਰਿ ਇਕੇ ਹੋਏ,
ਹਰਿ ਜਪਿ ਹਰਿ ਸੇਤੀ ਰਲਿਆ॥੬॥੧॥੩॥

*(ਵਡਹੰਸ, ਮ: ੪, ਪੰਨਾ ੫੬੨)*

ਗੁਰ ਸਬਦੀ ਹਰਿ ਪਾਈਐ, ਹਰਿ ਪਾਰਿ ਲਘਾਇ॥
ਮਨਹਠਿ ਕਿਨੈ ਨ ਪਾਇਓ, ਪੁਛਹੁ ਵੇਦਾ ਜਾਇ॥
ਨਾਨਕ ਹਰਿ ਕੀ ਸੇਵਾ ਸੋ ਕਰੇ, ਜਿਸੁ ਲਏ ਹਰਿ ਲਾਇ॥੧੦॥

*(ਸਿਰੀ ਰਾਗ ਕੀ ਵਾਰ, ਮ. ੪, ਪੰਨਾ ੮੬)*

ਜਹ ਹਰਿ ਸਿਮਰਨੁ ਭਇਆ, ਤਹ ਉਪਾਧਿ ਗਤੁ ਕੀਨੀ,
ਵਡਭਾਗੀ ਹਰਿ ਜਪਨਾ॥
ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ,
ਜਪਿ ਹਰਿ ਭਵਜਲੁ ਤਰਨਾ॥੨॥੬॥੧੨॥

*(ਧਨਾਸਰੀ, ਮ: ੪, ਪੰਨਾ ੬੭੦)*

ਹਰਿ ਨਾਮ ਜਪਣ ਵਿਚ ਢਿੱਲ ਨਹੀਂ ਕਰਨੀ ਚਾਹੀਦੀ, ਕਿਉਂਕਿ ਮੌਤ ਦਾ ਕੋਈ ਵਿਸਾਹ ਨਹੀਂ :

ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ,
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥
ਸਾ ਵੇਲਾ, ਸੋ ਮੂਰਤੁ, ਸਾ ਘੜੀ,
ਸੋ ਮੁਹਤੁ ਸਫਲੁ ਹੈ ਮੇਰੀ ਜਿੰਦੁੜੀਏ,
ਜਿਤੁ ਹਰਿ ਮੇਰਾ ਚਿਤਿ ਆਵੈ ਰਾਮ॥
ਜਨ ਨਾਨਕ ਨਾਮੁ ਧਿਆਇਆ ਮੇਰੀ ਜਿੰਦੁੜੀਏ,
ਜਮਕੰਕਰੁ ਨੇੜਿ ਨ ਆਵੈ ਰਾਮ॥

*(ਬਿਹਾਗੜਾ, ਮ: ੪, ਪੰਨਾ ੫੪੦)*

ਨਾਮ ਸਿਮਰਨ ਦਾ ਯਤਨ ਤਾਂ ਹੀ ਸਫ਼ਲ ਹੋ ਸਕਦਾ ਹੈ ਜੇ ਮਨ ਨਿਰਮਲ ਅਤੇ ਕਪਟ-ਰਹਿਤ ਹੋਵੇ। ਕਈ ਕਪਟੀ ਮਨੁੱਖ ਕੇਵਲ ਵਿਖਾਵੇ ਲਈ ਨਾਮ ਸਿਮਰਨ ਅਥਵਾ ਭਗਤੀ ਕਰਦੇ ਹਨ। ਇਨ੍ਹਾਂ ਦਾ ਛਲ-ਫਰੇਬ ਇਕ ਦਿਨ ਉਘੜ ਜਾਂਦਾ ਹੈ ਤੇ ਜਗਤ ਵਿਚ ਨਿਰਾਦਰੀ ਹੁੰਦੀ ਹੈ:

ਜਿਸ ਨੋ ਪਰਤੀਤਿ ਹੋਵੈ, ਤਿਸ ਕਾ ਗਾਵਿਆ ਥਾਇ ਪਵੈ,
ਸੋ ਪਾਵੈ ਦਰਗਹ ਮਾਨੁ॥
ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ,
ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ॥੩॥

*(ਸੂਹੀ, ਮ: ੪, ਪੰਨਾ ੭੩੪)*

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ,
ਨਹੀ ਹਰਿ ਹਰਿ ਭੀਜੈ ਰਾਮ ਰਾਜੇ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ, ਤਿਨਾ ਰੋਇ ਕਿਆ ਕੀਜੈ॥

ਹਰਿ ਕਰਤਾ ਸਭੁ ਕਿਛੁ ਜਾਣਦਾ, ਸਿਰਿ ਰੋਗ ਹਥੁ ਦੀਜੈ।
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ,
ਹਰਿ ਭਗਤਿ ਹਰਿ ਲੀਜੈ ॥੪॥

*(ਆਸਾ, ਮ: ੪, ਪੰਨਾ ੪੫੦)*

### (7) ਹਰਿ-ਰਸ ਅਥਵਾ ਨਾਮ ਰਸ

ਪ੍ਰਭੂ ਦੀ ਸਿਫ਼ਤ ਸਲਾਹ ਦੁਆਰਾ ਮਨ ਨੂੰ ਜਿਹੜਾ ਆਨੰਦ ਪ੍ਰਾਪਤ ਹੁੰਦਾ ਹੈ, ਉਸਨੂੰ ਨਾਮ ਰਸ ਆਖਿਆ ਗਿਆ ਹੈ। ਜਿਵੇਂ ਆਮ ਦੁਨੀਆਂਦਾਰ ਨੂੰ ਸੰਸਾਰਕ ਪਦਾਰਥਾਂ ਦੇ ਭੋਗ ਤੋਂ ਅਨੰਦ (ਰਸ-ਸੁਆਦ) ਪ੍ਰਾਪਤ ਹੁੰਦਾ ਹੈ, ਤਿਵੇਂ ਪ੍ਰਭੂ ਦੇ ਭਗਤ ਨੂੰ ਪ੍ਰਭੂ ਦੇ ਗੁਣ ਗਾਇਨ ਕਰਨ ਨਾਲ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਇਹ ਸੱਚਾ ਅਥਵਾ ਸਦੀਵੀ ਆਨੰਦ ਹੈ। ਜਿਸ ਨੂੰ ਇਸ ਨਾਮ ਰਸ ਅਥਵਾ ਹਰਿ ਰਸ ਦੀ ਪ੍ਰਾਪਤੀ ਹੋ ਜਾਂਦੀ ਹੈ, ਉਸ ਮਨੁੱਖ ਦੇ ਮਨ ਵਿਚ ਸੰਸਾਰਕ-ਪਦਾਰਥਾਂ ਦਾ ਮੋਹ ਘੱਟ ਜਾਂਦਾ ਹੈ ਅਤੇ ਇਨ੍ਹਾਂ ਪਦਾਰਥਾਂ ਦੇ ਰਸ ਫਿੱਕੇ ਲੱਗਣ ਲਗ ਪੈਂਦੇ ਹਨ :

ਜਿਤਨੇ ਰਸ ਅਨ ਰਸ ਹਮ ਦੇਖੇ, ਸਭ ਤਿਤਨੇ ਫੀਕ ਫੀਕਾਨੇ ॥
ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ,
ਮਿਲਿ ਸਤਿਗੁਰ, ਮੀਠ ਰਸ ਗਾਨੇ ॥੨॥

*(ਗਉੜੀ, ਮ: ੪, ਪੰਨਾ ੧੬੯-੭੦)*

ਮੰਦਰਿ ਘਰਿ ਆਨੰਦੁ ਹਰਿ ਹਰਿ ਜਸੁ ਮਨਿ ਭਾਵੈ ॥
ਸਭ ਰਸ ਮੀਠੇ ਮੁਖਿ ਲਗਹਿ, ਜਾ ਹਰਿ ਗੁਣ ਗਾਵੈ ॥

*(ਗਉੜੀ ਬੈਰਾਗਣਿ, ਮ: ੪, ਪੰਨਾ ੧੬੬)*

ਨਿਤ ਸਉਦਾ ਸੂਦੁ ਕੀਚੈ ਬਹੁ ਭਾਤਿ ਕਰਿ, ਮਾਇਆ ਕੈ ਤਾਈ॥
ਜਾ ਲਾਹਾ ਦੇਇ ਤਾ ਸੁਖੁ ਮਨੇ, ਤੋਟੈ ਮਰਿ ਜਾਈ॥
ਜੋ ਗੁਣ ਸਾਝੀ ਗੁਰ ਸਿਉ ਕਰੇ, ਨਿਤ ਨਿਤ ਸੁਖੁ ਪਾਈ॥੩॥
ਜਿਤਨੀ ਭੂਖ ਅਨ ਰਸ ਸਾਦ ਹੈ, ਤਿਤਨੀ ਭੂਖ ਫਿਰਿ ਲਾਗੈ॥
ਜਿਸੁ ਹਰਿ ਆਪਿ ਕ੍ਰਿਪਾ ਕਰੇ, ਸੋ ਵੇਚੇ ਸਿਰੁ ਗੁਰ ਆਗੈ॥
ਜਨ ਨਾਨਕ ਹਰਿ ਰਸਿ ਤ੍ਰਿਪਤਿਆ, ਫਿਰਿ ਭੂਖ ਨ ਲਾਗੈ॥੪॥

*(ਗਉੜੀ ਬੈਰਾਗਣਿ, ਮ: ੪, ਪੰਨਾ ੧੬੬-੬੭)*

### (8) ਭੇਖ-ਪਾਖੰਡ ਤੇ ਕਰਮ-ਕਾਂਡ

ਨਾਮ-ਸਿਮਰਨ ਨੂੰ ਛੱਡ ਕੇ ਹੋਰ ਜਿੰਨੇ ਕਰਮ-ਕਾਂਡ ਹਨ, ਸਭ ਫੋਕਟ ਕਰਮ ਹਨ। ਤੀਰਥ ਯਾਤਰਾ, ਵਰਤ, ਸੁੱਚ-ਸੰਜਮ, ਮੂਰਤੀ ਪੂਜਾ, ਦੇਵੀ ਦੇਵਤਿਆਂ ਦੀ ਪੂਜਾ, ਭੇਖ ਧਾਰਨ ਨਾਲ ਅਤੇ ਬ੍ਰਾਹਮਣਾਂ, ਜੋਗੀਆਂ, ਜੈਨੀਆਂ ਆਦਿ ਦੁਆਰਾ

ਮੁਕਤੀ ਲਈ ਪਰਚਾਰੇ ਜਾ ਰਹੇ ਅਖੌਤੀ ਧਾਰਮਿਕ-ਕਰਮ ਤੇ ਸਾਧਨ ਆਦਿ ਨਿਰਾਰਥਕ ਕਰਮ ਹਨ :-

ਗੰਗਾ ਜਮੁਨਾ ਗੋਦਾਵਰੀ ਸਰਸੁਤੀ,
ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ।
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ,
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥੧॥

*(ਮਲਾਰ, ਮ: ੪, ਪੰਨਾ ੧੨੬੩)*

ਮਨਮੁਖਿ ਹੁਕਮੁ ਨ ਬੁਝੈ ਬਪੁੜੀ, ਨਿਤ ਹਉਮੈ ਕਰਮ ਕਮਾਇ॥
ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ॥

*(ਸਲੋਕ ਵਾਰਾਂ ਤੇ ਵਧੀਕ, ਮ: ੪, ਪੰਨਾ ੧੪੨੩)*

ਭਰਮਿ ਭੂਲੇ ਅਗਿਆਨੀ ਅੰਧੁਲੇ, ਭ੍ਰਮਿ ਭ੍ਰਮਿ ਫੂਲ ਤੋਰਾਵੈ॥
ਨਿਰਜੀਉ ਪੂਜਹਿ, ਮੜਾ ਸਰੇਵਹਿ, ਸਭ ਬਿਰਥੀ ਘਾਲ ਗਵਾਵੈ॥੩॥

*(ਰਾਗ ਮਲਾਰ, ਪੰਨਾ ੧੨੬੪)*

ਬ੍ਰਹਮਾ, ਬਿਸਨੁ, ਮਹਾਦੇਉ ਤ੍ਰੈ ਗੁਣ ਰੋਗੀ,
ਵਿਚਿ ਹਉਮੈ ਕਾਰ ਕਮਾਈ॥

*(ਰਾਗ ਸੂਹੀ, ਮ: ੪, ਪੰਨਾ ੭੩੫)*

ਖਟ ਕਰਮ ਕਿਰਿਆ ਕਰਿ ਬਹੁ ਬਹੁ ਬਿਸਥਾਰ,
ਸਿਧ ਸਾਧਿਕ ਜੋਗੀਆ ਕਰਿ ਜਟ ਜਟਾ ਜਟ ਜਾਟ॥
ਕਰਿ ਭੇਖ ਨ ਪਾਈਐ ਹਰਿ ਬ੍ਰਹਮ ਜੋਗੁ
ਹਰਿ ਪਾਈਐ ਸਤਸੰਗਤੀ,
ਉਪਦੇਸਿ ਗੁਰੂ ਗੁਰ ਸੰਤ ਜਨਾ, ਖੋਲਿ ਖੋਲਿ ਕਪਾਟ॥੧॥

*(ਕਾਨੜਾ, ਮ: ੪, ਪੰਨਾ ੧੨੯੭)*

ਪੰਡਿਤੁ ਸਾਸਤ ਸਿਮ੍ਰਿਤਿ ਪੜਿਆ॥ ਜੋਗੀ ਗੋਰਖੁ ਗੋਰਖੁ ਕਰਿਆ॥
ਮੈ ਮੂਰਖ ਹਰਿ ਹਰਿ ਜਪੁ ਪੜਿਆ॥੧॥
ਨਾ ਜਾਨਾ ਕਿਆ ਗਤਿ ਰਾਮ ਹਮਾਰੀ॥
ਹਰਿ ਭਜੁ ਮਨ ਮੇਰੇ ਤਰੁ ਭਉਜਲੁ ਤੂ ਤਾਰੀ॥੧॥ ਰਹਾਉ॥
ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ॥
ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ॥
ਮੈ ਮੂਰਖ ਹਰਿ ਆਸ ਤੁਮਾਰੀ॥੨॥
ਖਤ੍ਰੀ ਕਰਮ ਕਰੇ ਸੂਰਤਣੁ ਪਾਵੈ॥
ਸੂਦੁ ਵੈਸੁ ਪਰਕਿਰਤਿ ਕਮਾਵੈ॥ ਮੈ ਮੂਰਖ ਹਰਿ ਨਾਮੁ ਛਡਾਵੈ॥੩॥

ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ॥
ਗੁਰਮੁਖਿ ਨਾਨਕ ਦੇ ਵਡਿਆਈ॥
ਮੈ ਅੰਧੁਲੇ ਹਰਿ ਟੇਕ ਟਿਕਾਈ॥੪॥

*(ਗਉੜੀ ਗੁਆਰੇਰੀ, ਮ: ੪, ਪੰਨਾ ੧੬੩-੬੪)*

### (9) ਗੁਰੂ ਦੀ ਅਗਵਾਈ ਤੇ ਗੁਰੂ ਲਈ ਪਿਆਰ

ਸਤਿਗੁਰੂ ਦੀ ਅਗਵਾਈ ਵਿਚ ਹੀ ਜੀਵਨ ਸਫਲ ਹੋ ਸਕਦਾ ਹੈ, ਕਿਉਂਕਿ ਸਤਿਗੁਰੂ ਜੀਵਨ ਦੇ ਸੱਚ ਨਾਲ ਜੁੜਿਆ ਹੁੰਦਾ ਹੈ। ਸਤਿਗੁਰੂ ਨੇ ਪ੍ਰਭੂ-ਭਗਤੀ ਦੁਆਰਾ ਪ੍ਰਭੂ ਵਿੱਚ ਲੀਨਤਾ ਹਾਸਿਲ ਕਰ ਲਈ ਹੁੰਦੀ ਹੈ। ਉਸਦੇ ਅੰਦਰ-ਬ੍ਰਹਮ ਵੀਚਾਰ ਟਿਕ ਜਾਂਦਾ ਹੈ। ਉਹ ਬ੍ਰਹਮ-ਗਿਆਨ ਸ੍ਰਿਸ਼ਟੀ ਵਿਚ ਵੰਡਦਾ ਹੈ ਤੇ ਸ੍ਰਿਸ਼ਟੀ ਦਾ ਉਧਾਰ ਕਰਦਾ ਹੈ। ਬੇਅੰਤ ਪ੍ਰਭੂ ਨੂੰ ਸਿਮਰ ਕੇ ਉਹ ਆਪ ਬੇਅੰਤ ਹੋ ਜਾਂਦਾ ਹੈ; ਸੰਸਾਰ ਵਿਚ ਕੋਈ ਉਸਦੀ ਬਰਾਬਰੀ ਨਹੀਂ ਕਰ ਸਕਦਾ। ਸਤਿਗੁਰੂ ਸਿੱਖ ਨੂੰ ਮਾਇਆ ਦੇ ਪ੍ਰਭਾਵ ਤੋਂ ਬਚਾਉਂਦਾ ਹੈ ਅਤੇ ਉਸ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰਾਂ ਨੂੰ ਵੱਸ ਵਿਚ ਕਰਨ ਦੇ ਯੋਗ ਬਣਾਉਂਦਾ ਹੈ। ਸਤਿਗੁਰੂ ਦੀ ਸ਼ਰਨ ਵਿਚ ਆਇਆਂ ਤ੍ਰਿਸ਼ਨਾਵਾਂ ਸਮਾਪਤ ਹੁੰਦੀਆਂ ਹਨ; ਵਿਕਾਰਾਂ ਦੀ ਤਪਤ ਖਤਮ ਹੁੰਦੀ ਹੈ ਤੇ ਮਨ ਸੀਤਲ ਹੋ ਜਾਂਦਾ ਹੈ; ਮਨ ਦੀ ਭਟਕਣ ਖਤਮ ਹੋ ਜਾਂਦੀ ਹੈ ਤੇ ਆਤਮਕ ਸੁਖ ਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ। ਸਤਿਗੁਰੂ ਨਿਰਵੈਰ ਹੈ; ਉਸ ਲਈ ਉਸਤਤਿ ਤੇ ਨਿੰਦਿਆ ਇਕ ਸਮਾਨ ਹਨ। ਕੇਵਲ ਉਸੇ ਤੋਂ ਹੀ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ। ਗੁਣਾਂ ਕਰਕੇ ਸਤਿਗੁਰੂ ਅਤੇ ਵਾਹਿਗੁਰੂ ਵਿਚ ਕੋਈ ਭੇਦ ਨਹੀਂ ਹੈ। ਅਜਿਹੇ ਵਿਚਾਰਾਂ ਨੂੰ ਗੁਰਬਾਣੀ ਵਿਚ ਗੁਰੂ ਰਾਮਦਾਸ ਜੀ ਇੰਝ ਪ੍ਰਗਟ ਕਰਦੇ ਹਨ :

ਜਿਸੁ ਮਿਲਿਐ ਮਨਿ ਹੋਇ ਅਨੰਦੁ, ਸੋ ਸਤਿਗੁਰੁ ਕਹੀਐ॥
ਮਨ ਕੀ ਦੁਬਿਧਾ ਬਿਨਸਿ ਜਾਇ, ਹਰਿ ਪਰਮ ਪਦੁ ਲਹੀਐ॥੧॥

*(ਗਉੜੀ ਬੈਰਾਗਣਿ, ਮ: ੪, ਪੰਨਾ ੧੬੮)*

ਸਚੁ ਸਚਾ ਸਭ ਦੂ ਵਡਾ ਹੈ, ਸੋ ਲਏ ਜਿਸੁ ਸਤਿਗੁਰੁ ਟਿਕੇ॥
ਸੋ ਸਤਿਗੁਰੁ ਜਿ ਸਚੁ ਧਿਆਇਦਾ, ਸਚੁ ਸਚਾ ਸਤਿਗੁਰੁ ਇਕੇ॥
ਸੋਈ ਸਤਿਗੁਰੁ ਪੁਰਖੁ ਹੈ, ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ॥

*(ਗਉੜੀ ਕੀ ਵਾਰ, ਮ: ੪, ਪੰਨਾ ੩੦੪)*

ਤਿਸੁ ਮਿਲੀਐ ਸਤਿਗੁਰ ਸਜਣੈ, ਜਿਸੁ ਅੰਤਰਿ ਹਰਿ ਗੁਣਕਾਰੀ॥
ਤਿਸੁ ਮਿਲੀਐ ਸਤਿਗੁਰ ਪ੍ਰੀਤਮੈ, ਜਿਨਿ ਹੰਉਮੈ ਵਿਚਹੁ ਮਾਰੀ॥
ਸੋ ਸਤਿਗੁਰੁ ਪੂਰਾ ਧਨੁ ਧੰਨੁ ਹੈ,
ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਰਿ ਸਵਾਰੀ॥

*(ਵਡਹੰਸ ਕੀ ਵਾਰ, ਮ: ੪, ਪੰਨਾ ੫੮੬)*

ਸਤਿਗੁਰੁ ਪੁਰਖੁ ਅਗੰਮੁ ਹੈ, ਜਿਸੁ ਅੰਦਰਿ ਹਰਿ ਉਰਿ ਧਾਰਿਆ॥

ਸਤਿਗੁਰੂ ਨੋ ਅਪੜਿ ਕੋਇ ਨ ਸਕਈ, ਜਿਸੁ ਵਲਿ ਸਿਰਜਣਹਾਰਿਆ॥
ਸਤਿਗੁਰੂ ਕਾ ਖੜਗੁ ਸੰਜੋਉ ਹਰਿ ਭਗਤਿ ਹੈ,
ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ॥
ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ,
ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ॥
ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ,
ਸੋ ਆਪਿ ਉਪਾਵਣਹਾਰੈ ਮਾਰਿਆ॥
ਏਹ ਗਲ ਹੋਵੈ ਹਰਿ ਦਰਗਹ ਸਚੇ ਕੀ,
ਜਨ ਨਾਨਕ ਅਗਮੁ ਵੀਚਾਰਿਆ॥੨॥

*(ਗਉੜੀ ਕੀ ਵਾਰ, ਮ: ੪, ਪੰਨਾ ੩੧੨)*

ਵਾਹੁ ਵਾਹੁ ਸਤਿਗੁਰੁ ਪੁਰਖੁ ਹੈ, ਜਿਨਿ ਸਚੁ ਜਾਤਾ ਸੋਇ॥
ਜਿਤੁ ਮਿਲਿਐ ਤਿਖ ਉਤਰੈ, ਤਨੁ ਮਨੁ ਸੀਤਲੁ ਹੋਇ॥
ਵਾਹੁ ਵਾਹੁ ਸਤਿਗੁਰ ਸਤਿ ਪੁਰਖੁ ਹੈ, ਜਿਸ ਨੋ ਸਮਤੁ ਸਭ ਕੋਇ॥
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ,
ਜਿਸੁ ਨਿੰਦਾ ਉਸਤਤਿ ਤੁਲਿ ਹੋਇ॥
ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ, ਜਿਸੁ ਅੰਤਰਿ ਬ੍ਰਹਮੁ ਵੀਚਾਰੁ॥
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ, ਜਿਸੁ ਅੰਤੁ ਨ ਪਾਰਾਵਾਰੁ।
ਵਾਹੁ ਵਾਹੁ ਸਤਿਗੁਰੂ ਹੈ, ਜਿ ਸਚੁ ਦ੍ਰਿੜਾਏ ਸੋਇ॥
ਨਾਨਕ ਸਤਿਗੁਰ ਵਾਹੁ ਵਾਹੁ, ਜਿਸੁ ਤੇ ਨਾਮੁ ਪਰਾਪਤਿ ਹੋਇ॥੨॥

*(ਸਲੋਕ ਵਾਰਾਂ ਤੇ ਵਧੀਕ, ਮ: ੪, ਪੰਨਾ ੧੪੨੧)*

ਗੁਰ ਗੋਵਿੰਦੁ, ਗੋਵਿੰਦੁ ਗੁਰੂ ਹੈ, ਨਾਨਕ ਭੇਦੁ ਨ ਭਾਈ॥੪॥੧॥੮॥

*(ਰਾਗ ਆਸਾ, ਛੰਤ, ਮ: ੪, ਪੰਨਾ ੪੪੨)*

ਐਸੇ ਸਰਬ ਕਲਾ ਸਮਰੱਥ ਗੁਰੂ ਲਈ ਗੁਰੂ ਰਾਮਦਾਸ ਜੀ ਦੇ ਮਨ ਵਿਚ ਅਥਾਹ ਪਿਆਰ ਅਤੇ ਸ਼ਰਧਾ ਭਾਵਨਾ ਹੈ। ਅਜਿਹੇ ਗੁਰੂ ਦੇ ਦਰਸ਼ਨਾਂ ਲਈ ਤੜਪ ਹੈ, ਗੁਰ-ਦਰਸ਼ਨ ਤੋਂ ਬਲਿਹਾਰ ਜਾਂਦੇ ਹਨ ਅਤੇ ਗੁਰੂ-ਦਰਸ਼ਨ ਨਾਲ ਆਤਮਕ-ਅਨੰਦ ਦੀ ਸਿਖਰ ਤੇ ਪੁੱਜ ਜਾਂਦੇ ਹਨ। ਆਪਣੇ ਵਲਵਲਿਆਂ ਦਾ ਇਜ਼ਹਾਰ ਇੰਝ ਕਰਦੇ ਹਨ :

ਸਤਿਗੁਰੁ ਸਾਗਰੁ ਗੁਣ ਨਾਮ ਕਾ, ਮੈ ਤਿਸੁ ਦੇਖਣ ਕਾ ਚਾਉ॥
ਹਉ ਤਿਸੁ ਬਿਨੁ ਘੜੀ ਨ ਜੀਵਊ, ਬਿਨੁ ਦੇਖੇ ਮਰਿ ਜਾਉ॥

*(ਸੂਹੀ, ਮ: ੪, ਪੰਨਾ ੭੫੮-੫੯)*

ਝਖੜੁ ਝਾਗੀ ਮੀਹੁ ਵਰਸੈ, ਭੀ ਗੁਰੁ ਦੇਖਣ ਜਾਈ।੧੩।

ਸਮੁੰਦੁ ਸਾਗਰੁ ਹੋਵੈ ਬਹੁ ਖਾਰਾ,
ਗੁਰਸਿਖੁ ਲੰਘਿ ਗੁਰ ਪਹਿ ਜਾਈ॥੧੪॥
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ,
ਤਿਉ ਸਿਖੁ ਗੁਰ ਬਿਨੁ ਮਰਿ ਜਾਈ॥੧੫॥
ਜਿਉ ਧਰਤੀ ਸੋਭ ਕਰੇ, ਜਲੁ ਬਰਸੈ,
ਤਿਉ ਸਿਖੁ ਗੁਰ ਮਿਲਿ ਬਿਗਸਾਈ॥੧੬॥

*(ਰਾਗ ਸੂਹੀ, ਅਸਟਪਦੀਆਂ, ਪੰਨਾ ੭੫੭)*

ਜੇ ਗੁਰੁ ਝਿੜਕੇ ਤ ਮੀਠਾ ਲਾਗੈ,
ਜੇ ਬਖਸੇ ਤ ਗੁਰ ਵਡਿਆਈ॥੨੫॥

*(ਰਾਗ ਸੂਹੀ, ਮ: ੪, ਅਸਟਪਦੀਆਂ, ਪੰਨਾ ੭੫੮)*

ਗੁਰੁ ਸੁੰਦਰੁ ਮੋਹਨੁ ਪਾਇ ਕਰੇ, ਹਰਿ ਪ੍ਰੇਮ ਬਾਣੀ ਮਨੁ ਮਾਰਿਆ॥
ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ,
ਮਨ ਆਸਾ ਚਿੰਤ ਵਿਸਾਰਿਆ॥
ਮੈ ਅੰਤਰਿ ਵੇਦਨ ਪ੍ਰੇਮ ਕੀ, ਗੁਰ ਦੇਖਤ ਮਨੁ ਸਾਧਾਰਿਆ॥
ਵਡਭਾਗੀ ਪ੍ਰਭ ਆਇ ਮਿਲੁ,
ਜਨੁ ਨਾਨਕੁ ਖਿਨੁ ਖਿਨੁ ਵਾਰਿਆ॥੪॥੧॥੫॥

*(ਸੂਹੀ, ਮ: ੪, ਪੰਨਾ ੭੭੬)*

ਰਾਮ, ਗੁਰਿ ਮੋਹਨਿ ਮੋਹਿ ਮਨੁ ਲਈਆ॥
ਹਉ ਆਕਲ ਬਿਕਲ ਭਈ ਗੁਰ ਦੇਖੇ,
ਹਉ ਲੋਟ ਪੋਟ ਹੋਇ ਪਈਆ॥ ਰਹਾਉ॥

*(ਬਿਲਾਵਲ, ਮ: ੪, ਪੰਨਾ ੮੩੬)*

### (10) ਗੁਰਬਾਣੀ ਅਥਵਾ ਸ਼ਬਦ ਗੁਰੂ ਹੈ :

ਪ੍ਰਭੂ ਨਾਲ ਅਭੇਦਤਾ ਪ੍ਰਾਪਤ ਕਰਨ ਮਗਰੋਂ ਪ੍ਰਾਪਤ ਹੋਏ ਗਿਆਨ ਨੂੰ ਗੁਰੂ, ਬਾਣੀ ਰਾਹੀਂ ਪ੍ਰਗਟ ਕਰਦਾ ਹੈ। ਇਸ 'ਬਾਣੀ' ਨੂੰ ਸ਼ਬਦ ਵੀ ਕਿਹਾ ਗਿਆ ਹੈ। ਸਿੱਖ ਧਰਮ ਵਿਚ ਬਾਣੀ ਅਥਵਾ ਸ਼ਬਦ ਨੂੰ ਹੀ ਗੁਰੂ ਸਵੀਕਾਰਿਆ ਗਿਆ ਹੈ। ਇਹ ਸਿੱਖੀ ਦਾ ਇਕ ਵਿਸ਼ੇਸ਼ ਤੇ ਵਿਲੱਖਣ ਸਿਧਾਂਤ ਹੈ। ਗੁਰੂ ਰਾਮਦਾਸ ਜੀ ਨੇ ਇਸ ਸਿਧਾਂਤ ਤੇ ਵਿਸ਼ੇਸ਼ ਜ਼ੋਰ ਦਿਤਾ ਹੈ। ਆਪ ਫੁਰਮਾਉਂਦੇ ਹਨ ਕਿ ਜਿਹੜੇ ਮਨੁੱਖ ਗੁਰਬਾਣੀ ਨੂੰ ਹਿਰਦੇ ਵਿਚ ਧਾਰਦੇ ਹਨ ਤੇ ਗੁਰ-ਉਪਦੇਸ਼ਾਂ ਦੀ ਸੇਧ ਵਿਚ ਜੀਵਨ ਬਤੀਤ ਕਰਦੇ ਹਨ, ਉਨ੍ਹਾਂ ਨੂੰ ਗੁਰੂ ਯਕੀਨੀ ਤੌਰ ਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ। ਸ਼ਬਦ ਨਾਲ ਪਿਆਰ ਪਾਇਆਂ ਮਨ ਨਿਰਮਲ ਹੋ ਜਾਂਦਾ ਹੈ, ਵਿਕਾਰਾਂ ਤੋਂ ਖਲਾਸੀ ਹੋ ਜਾਂਦੀ ਹੈ, ਪ੍ਰਭੂ ਨਾਲ ਪਿਆਰ ਉਪਜਦਾ ਹੈ। ਗੁਰਬਾਣੀ ਵਿਚ ਅਟੱਲ ਆਤਮਕ ਜੀਵਨ ਦੇਣ ਵਾਲਾ ਨਾਮ-ਅੰਮ੍ਰਿਤ ਹੈ ਅਤੇ ਸ਼ਬਦ ਦੀ

ਅਗਵਾਈ ਵਿਚ ਚਲਕੇ ਇਨ੍ਹਾਂ ਅੱਖਾਂ ਨਾਲ ਨਾ ਦਿਖਾਈ ਦੇਣ ਵਾਲੇ ਪ੍ਰਭੂ ਦਾ ਅਨੁਭਵ ਹੋ ਜਾਂਦਾ ਹੈ। ਪ੍ਰਭੂ ਦੀ ਪ੍ਰੇਰਨਾ ਦੁਆਰਾ ਹੀ ਗੁਰੂ, ਬਾਣੀ ਉਚਾਰਦਾ ਹੈ :

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ॥੪॥

*(ਨਟ, ਅਸਟਪਦੀਆਂ, ਮ: ੪, ਪੰਨਾ ੯੮੨)*

ਸਤਿਗੁਰ ਬਚਨ, ਬਚਨ ਹੈ ਸਤਿਗੁਰ, ਪਾਧਰੁ ਮੁਕਤਿ ਜਨਾਵੈਗੋ॥੫॥

*(ਰਾਗ ਕਾਨੜਾ, ਅਸਟਪਦੀਆਂ, ਪੰਨਾ ੧੩੦੯)*

ਅੰਤਰਿ ਅਗਨਿ ਸਬਲ ਅਤਿ ਬਿਖਿਆ, ਹਿਵ ਸੀਤਲੁ ਸਬਦੁ ਗੁਰ ਦੀਜੈ॥
ਤਨਿ ਮਨਿ ਸਾਂਤਿ ਹੋਇ ਅਧਿਕਾਈ, ਰੋਗੁ ਕਾਟੈ ਸੂਖਿ ਸਵੀਜੈ॥੩॥

*(ਕਲਿਆਨ, ਮ: ੪, ਪੰਨਾ ੧੩੨੫-੧੩੨੬)*

ਅੰਮ੍ਰਿਤ ਬਾਣੀ ਤਤੁ ਹੈ, ਗੁਰਮੁਖਿ ਵਸੈ ਮਨਿ ਆਇ॥
ਹਿਰਦੈ ਕਮਲੁ ਪਰਗਾਸਿਆ, ਜੋਤੀ ਜੋਤਿ ਮਿਲਾਇ॥

*(ਸਲੋਕ ਵਾਰਾਂ ਤੇ ਵਧੀਕ, ਮ: ੪, ਪੰਨਾ ੧੪੨੪)*

ਅਦ੍ਰਿਸਟੁ ਅਗੋਚਰੁ ਪਕੜਿਆ
ਗੁਰ ਸਬਦੀ ਹਉ ਸਤਿਗੁਰ ਕੈ ਬਲਿਹਾਰੀਐ॥

*(ਤੁਖਾਰੀ, ਛੰਤ, ਮ: ੪, ਪੰਨਾ ੧੧੧੪)*

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ,
ਹਰਿ ਕਰਤਾ ਆਪਿ ਮੁਹਹੁ ਕਢਾਏ॥

*(ਗਉੜੀ ਕੀ ਵਾਰ, ਮ: ੪, ਪੰਨਾ ੩੦੮)*

ਕਈ ਨਕਲੀ ਗੁਰੂ ਵੀ ਸੱਚੇ ਗੁਰੂ ਦੀ ਰੀਸ ਕਰਕੇ ਕਵਿਤਾਵਾਂ ਲਿਖਦੇ ਹਨ ਤੇ ਉਸਨੂੰ 'ਗੁਰਬਾਣੀ' ਕਰਕੇ ਪ੍ਰਚਾਰਦੇ ਹਨ। ਇਹੋ ਜਿਹੇ ਮਨੁੱਖ ਝੂਠੇ ਹਨ; ਉਨ੍ਹਾਂ ਦੇ ਅੰਦਰ ਕਪਟ ਹੈ, ਪਰ ਬਾਹਰੋਂ ਧਰਮੀ ਬਣਦੇ ਹਨ। ਉਹ ਕੇਵਲ ਮਾਇਆ ਦੀ ਖਾਤਰ ਛਲ-ਫ਼ਰੇਬ ਕਰਦੇ ਹਨ :-

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ, ਗੁਰਬਾਣੀ ਬਣੀਐ॥
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ,
ਸੇ ਕੂੜਿਆਰ ਕੂੜੇ ਝੜਿ ਪੜੀਐ॥
ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ,
ਬਿਖੁ ਮਾਇਆ ਨੋ ਝਖਿ ਮਰਦੇ ਕੜੀਐ॥੯॥

*(ਗਉੜੀ ਕੀ ਵਾਰ, ਮ: ੪, ਪੰਨਾ ੩੦੪)*

## (11) ਸਿੱਖ ਅਤੇ ਉਸਦੇ ਕਰਤਵ

ਜਿਹੜਾ ਮਨੁੱਖ ਗੁਰੂ ਦੱਸੇ ਮਾਰਗ ਤੇ ਚਲਦਾ ਹੈ, ਅਥਵਾ ਆਪਣਾ ਜੀਵਨ ਗੁਰੂ ਉਪਦੇਸ਼ਾਂ ਅਨੁਸਾਰ ਢਾਲਦਾ ਹੈ, ਉਹੀ ਸਿੱਖ ਹੈ। ਸਿੱਖ ਦੇ ਮਨ ਵਿਚ ਗੁਰੂ ਲਈ ਅਥਾਹ ਪ੍ਰੇਮ ਅਤੇ ਅਗਾਧ ਸ਼ਰਧਾ ਹੋਣੀ ਬਹੁਤ ਜ਼ਰੂਰੀ ਹੈ। ਸੱਚਾ ਸਿੱਖ ਗੁਰੂ ਦੀ ਚਰਨ-ਸ਼ਰਨ ਵਿੱਚ ਰਹਿਣਾ ਹੀ ਪਸੰਦ ਕਰਦਾ ਹੈ। ਉਹ ਪ੍ਰਭੂ ਵਿੱਚ ਪੂਰਨ ਵਿਸ਼ਵਾਸ ਰੱਖਦਾ ਹੈ, ਪ੍ਰਭੂ ਨੂੰ ਅੰਗ-ਸੰਗ ਸਮਝਦਾ ਹੈ ਅਤੇ ਨਾਮ-ਸਿਮਰਨ ਦੁਆਰਾ ਪ੍ਰਭੂ ਵਿਚ ਅਭੇਦਤਾ ਹਾਸਿਲ ਕਰਦਾ ਹੈ।

ਅਜਿਹੇ ਸਿੱਖਾਂ ਨੂੰ ਗੁਰੂ ਆਪਣੇ ਮਿੱਤਰਾਂ, ਭਰਾਵਾਂ, ਪੁਤਰਾਂ ਦੀ ਤਰ੍ਹਾਂ ਪਿਆਰ ਕਰਦਾ ਹੈ। ਗੁਰਸਿੱਖਾਂ ਦੀ ਸੇਵਾ ਕਰਨ ਵਾਲਿਆਂ ਤੇ ਗੁਰੂ ਦੀ ਮਿਹਰ ਹੁੰਦੀ ਹੈ।

ਗੁਰੂ ਉਪਦੇਸ਼ਾਂ ਦੀ ਕਮਾਈ ਕਰਕੇ ਗੁਰਸਿੱਖ ਇੰਨੀ ਉਚੀ ਅਵੱਸਥਾ ਦੇ ਮਾਲਕ ਬਣ ਜਾਂਦੇ ਹਨ ਕਿ ਉਨ੍ਹਾਂ ਤੇ ਗੁਰੂ ਵਿਚ ਭੇਦ (ਅੰਤਰ) ਨਹੀਂ ਰਹਿੰਦਾ। ਅਜਿਹੇ ਗੁਰਸਿਖਾਂ ਵਿਚ ਗੁਰੂ ਆਪ ਵਰਤਦਾ ਹੈ :

ਗੁਰਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ,
ਹਰਿ ਹਰਿ ਕਥਾ ਨਿਰਾਲੀ॥੧॥ ਰਹਾਉ॥

*(ਧਨਾਸਰੀ, ਮ: ੪, ਪੰਨਾ ੬੬੭)*

ਉਪਦੇਸੁ ਜਿ ਦਿਤਾ ਸਤਿਗੁਰੂ, ਸੋ ਸੁਣਿਆ ਸਿਖੀ ਕੰਨੇ॥
ਜਿਨ ਸਤਿਗੁਰ ਕਾ ਭਾਣਾ ਮੰਨਿਆ, ਤਿਨ ਚੜੀ ਚਵਗਣਿ ਵੰਨੇ॥
ਇਹ ਚਾਲ ਨਿਰਾਲੀ ਗੁਰਮੁਖੀ, ਗੁਰ ਦੀਖਿਆ ਸੁਣਿ ਮਨੁ ਭਿੰਨੇ॥

*(ਗਉੜੀ ਕੀ ਵਾਰ, ਮ: ੪, ਪੰਨਾ ੩੧੪)*

ਧੰਨੁ ਧੰਨੁ ਸੋ ਗੁਰਸਿਖੁ ਕਹੀਐ, ਜੋ ਸਤਿਗੁਰ ਚਰਣੀ ਜਾਇ ਪਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ,
ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ,
ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ,
ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ॥
ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ,
ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥

*(ਵਡਹੰਸ ਕੀ ਵਾਰ, ਮ: ੪, ਪੰਨਾ ੫੯੩)*

ਤੇ ਗੁਰ ਕੇ ਸਿਖ ਮੇਰੇ ਹਰਿ ਪ੍ਰਭਿ ਭਾਏ,

ਜਿਨਾ ਹਰਿ ਪ੍ਰਭੁ ਜਾਨਿਓ ਮੇਰਾ ਨਾਲਿ॥

*(ਨਟ ਨਾਰਾਇਣ, ਮ: ੪, ਪੰਨਾ ੯੭੮)*

ਜਿਨਾ ਗੁਰੁ ਪਿਆਰਾ ਮਨਿ ਚਿਤਿ, ਤਿਨਾ ਭਾਉ ਗੁਰੂ ਦੇਵਾਈਆ॥
ਗੁਰ ਸਿਖਾ ਇਕੋ ਪਿਆਰੁ, ਗੁਰ ਮਿਤਾ ਪੁਤਾ ਭਾਈਆ॥

*(ਸੋਰਠਿ ਕੀ ਵਾਰ, ਮ: ੪, ਪੰਨਾ ੬੪੮)*

ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ,
ਜੋ ਸਿਖਾਂ ਨੋ ਲੋਚੈ, ਸੋ ਗੁਰ ਖੁਸੀ ਆਵੈ॥

*(ਗਉੜੀ ਕੀ ਵਾਰ, ਮ: ੪, ਪੰਨਾ ੩੧੭)*

ਗੁਰੂ ਸਿਖੁ, ਸਿਖੁ ਗੁਰੂ ਹੈ; ਏਕੋ ਗੁਰ ਉਪਦੇਸੁ ਚਲਾਏ॥

*(ਰਾਗ ਆਸਾ, ਮ: ੪, ਪੰਨਾ ੪੪੪)*

ਗੁਰੂ ਰਾਮਦਾਸ ਜੀ ਨੇ ਗੁਰਸਿੱਖ ਦੀ ਨਿਤ ਦੀ ਕਰਨੀ ਵੀ ਨਿਸਚਿਤ ਕੀਤੀ ਹੈ। ਆਪਦਾ ਕਥਨ ਹੈ ਕਿ ਗੁਰਸਿੱਖ ਅੰਮ੍ਰਿਤ ਵੇਲੇ ਉਠਕੇ, ਇਸ਼ਨਾਨ ਕਰਕੇ ਪ੍ਰਭੂ ਸਿਮਰਨ ਵਿਚ ਜੁੜਦਾ ਹੈ (ਨਾਮ ਰੂਪੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦਾ ਹੈ) ਪ੍ਰਭੂ ਦੀ ਸਿਫ਼ਤ ਸਲਾਹ ਕਰਦਾ ਹੈ ਜਿਸ ਨਾਲ ਆਤਮਾ ਤੋਂ ਪਾਪਾਂ, ਵਿਕਾਰਾਂ ਤੇ ਅਗੁਣਾਂ ਦੀ ਮੈਲ ਲੱਥ ਜਾਂਦੀ ਹੈ। ਫਿਰ ਗੁਰਸਿੱਖ ਸਾਧ-ਸੰਗਤ ਵਿਚ ਜਾ ਕੇ ਕੀਰਤਨ ਸੁਣਦਾ ਹੈ। ਦਿਨ ਸਮੇਂ ਵੀ ਕਿਰਤ-ਕਾਰ ਕਰਦਿਆਂ ਹੋਇਆਂ ਪ੍ਰਭੂ ਦੀ ਯਾਦ ਨੂੰ ਮਨ ਵਿਚ ਵਸਾਈ ਰਖਦਾ ਹੈ। ਹਰ ਸਮੇਂ ਪ੍ਰਭੂ ਨੂੰ ਯਾਦ ਰਖਣ ਵਾਲਾ ਸਿੱਖ ਹੀ ਗੁਰੂ ਨੂੰ ਚੰਗਾ ਲਗਦਾ ਹੈ। ਅੰਤ ਵਿਚ ਆਪ ਉਸ ਗੁਰਸਿੱਖ ਦੀ ਚਰਨ-ਧੂੜ ਦੀ ਲੋਚਨਾ ਕਰਦੇ ਹਨ, ਜੋ ਆਪ ਪ੍ਰਭੂ ਦੀ ਸਿਫ਼ਤ ਸਲਾਹ ਕਰਦਾ ਹੈ, ਤੇ ਹੋਰਨਾਂ ਨੂੰ ਸਿਫ਼ਤ ਸਲਾਹ ਕਰਨ ਦੀ ਪ੍ਰੇਰਨਾ ਦਿੰਦਾ ਹੈ :-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ, ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,
ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ,
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,

ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

*(ਗਉੜੀ ਕੀ ਵਾਰ, ਮ: ੪, ਪੰਨਾ ੩੦੫)*

(12) ਮਾਇਆਧਾਰੀ ਮਨੁੱਖ

ਜਿਹੜੇ ਮਨੁੱਖ ਪ੍ਰਭੂ-ਦਾਤੇ ਨੂੰ ਵਿਸਾਰ ਕੇ ਉਸਦੀਆਂ ਦਾਤਾਂ ਨਾਲ ਹੀ ਪਿਆਰ ਪਾਉਂਦੇ ਹਨ ਅਤੇ ਸਾਰਾ ਜੀਵਨ ਧਨ, ਸੰਪਤੀ, ਉਚੇ ਅਹੁਦੇ ਅਤੇ ਰਾਜਸੀ ਸ਼ਕਤੀ ਦੀ ਪ੍ਰਾਪਤੀ ਦੀ ਖਾਤਰ ਯਤਨਸ਼ੀਲ ਰਹਿੰਦੇ ਹਨ; ਉਹ ਮਾਇਆ ਧਾਰੀ ਹਨ। ਇਹ ਜੀਵਨ ਭਰ ਪਾਪ ਕਰਕੇ ਮਾਇਆ ਇੱਕਤ੍ਰ ਕਰਦੇ ਹਨ ਅਤੇ ਅੰਤ ਨੂੰ ਖੁਆਰ ਹੁੰਦੇ ਹਨ। ਮਾਇਆ ਪ੍ਰਾਪਤੀ ਦੀ ਹੋੜ ਵਿਚ ਤੇ ਖਾਣ-ਪੀਣ, ਹੱਸਣ-ਖੇਡਣ ਤੇ ਐਸ਼-ਪ੍ਰਸਤੀ ਵਿਚ ਰੁੱਝੇ ਜੀਵਨ ਬਰਬਾਦ ਕਰ ਲੈਂਦੇ ਹਨ।

ਪ੍ਰਭੂ ਅਕਾਲ-ਪੁਰਖ ਸਦੀਵਕਾਲੀ ਤੇ ਸਰਬ ਸ਼ਕਤੀਮਾਨ ਹੈ, ਪਰ ਧਨਵਾਨ ਤੇ ਸ਼ਕਤੀਵਾਨ, ਰਾਜ ਸ਼ਕਤੀ ਨਾਲ ਹੰਕਾਰੇ ਮਨੁੱਖ ਚਾਰ ਦਿਨਾਂ ਦੇ ਪ੍ਰਾਹੁਣੇ ਹਨ। ਮਾਇਆ ਦਾ ਰੰਗ ਕਸੁੰਭੇ ਦੇ ਫੁੱਲ ਨਿਆਈ ਕੱਚਾ ਹੈ। ਸੰਸਾਰ ਤੋਂ ਜਾਣ ਸਮੇਂ ਮਾਇਆ ਮਨੁੱਖ ਦਾ ਸਾਥ ਨਹੀਂ ਦਿੰਦੀ- ਪੱਕੇ ਮਹੱਲ, ਧਨ, ਜਾਇਦਾਦ, ਸਾਕ-ਸੰਬੰਧੀ, ਸਭ ਏਥੇ ਹੀ ਰਹਿ ਜਾਂਦੇ ਹਨ। ਪਰ ਮਾਇਆ ਪ੍ਰਾਪਤੀ ਲਈ ਕੀਤੇ ਪਾਪਾਂ ਦਾ ਫ਼ਲ ਜ਼ਰੂਰ ਭੁਗਤਣਾ ਪੈਂਦਾ ਹੈ। ਇਸ ਲਈ ਕੇਵਲ ਪ੍ਰਭੂ ਤੋਂ ਹੀ ਡਰਨਾ ਚਾਹੀਦਾ ਹੈ ਤੇ ਉਸੇ ਨਾਲ ਪ੍ਰੀਤ ਪਾਉਣੀ ਚਾਹੀਦੀ ਹੈ। ਸਤਿਗੁਰੂ ਫੁਰਮਾਉਂਦੇ ਹਨ:

ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ
ਸਭਿ ਮਿਥਿਆ ਝੂਠੁ ਭਾਉ ਦੂਜਾ ਜਾਣੁ ॥
ਹਰਿ ਅਬਿਨਾਸੀ ਸਦਾ ਥਿਰੁ ਨਿਹਚਲੁ,
ਤਿਸੁ ਮੇਰੇ ਮਨ ਭਜੁ ਪਰਵਾਣੁ ॥੧॥
ਮੇਰੇ ਮਨ, ਨਾਮੁ ਹਰੀ ਭਜੁ ਸਦਾ ਦੀਬਾਣੁ ॥
ਜੋ ਹਰਿ ਮਹਲੁ ਪਾਵੈ ਗੁਰ ਬਚਨੀ,
ਤਿਸੁ ਜੇਵਡੁ ਅਵਰੁ ਨਾਹੀ ਕਿਸੈ ਦਾ ਤਾਣੁ ॥੧॥ ਰਹਾਉ ॥
ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ,
ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ।
ਹਰਿ ਸਤਿ ਨਿਰੰਜਨੁ ਸਦਾ ਸੇਵਿ ਮਨ ਮੇਰੇ,
ਜਿਤੁ ਹਰਿ ਦਰਗਹ ਪਾਵਹਿ ਤੂ ਮਾਣੁ ॥੨॥

*(ਗੋਂਡ, ਮ: ੪, ਪੰਨਾ ੮੬੧)*

ਖਾਨ ਮਲੂਕ ਕਹਾਇਦੇ, ਕੋ ਰਹਣੁ ਨ ਪਾਈ ॥
ਗੜ੍ਹ ਮੰਦਰ ਗਚ ਗੀਰੀਆ, ਕਿਛੁ ਸਾਥਿ ਨ ਜਾਈ ॥
ਸੋਇਨ ਸਾਖਤਿ ਪਉਣ ਵੇਗ, ਧ੍ਰਿਗੁ ਧ੍ਰਿਗੁ ਚਤੁਰਾਈ ॥

ਛਤੀਹ ਅੰਮ੍ਰਿਤ ਪਰਕਾਰ ਕਰਹਿ, ਬਹੁ ਮੈਲੁ ਵਧਾਈ॥
ਨਾਨਕ ਜੋ ਦੇਵੈ ਤਿਸਹਿ ਨ ਜਾਣਨੀ, ਮਨਮੁਖਿ ਦੁਖੁ ਪਾਈ॥੨੩॥

*(ਸਾਰੰਗ ਕੀ ਵਾਰ, ਮ: ੪, ਪੰਨਾ ੧੨੪੬)*

ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ॥
ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ॥
ਚਲਦਿਆ ਨਾਲਿ ਨ ਚਲੈ, ਸਿਰਿ ਪਾਪ ਲੈ ਜਾਵਣਾ॥
ਜਾਂ ਪਕੜਿ ਚਲਾਇਆ ਕਾਲਿ, ਤਾਂ ਖਰਾ ਡਰਾਵਣਾ॥
ਓਹ ਵੇਲਾ ਹਥਿ ਨ ਆਵੈ, ਫਿਰਿ ਪਛੁਤਾਵਣਾ॥੬॥

*(ਸੋਰਠਿ ਕੀ ਵਾਰ, ਮ: ੪, ਪੰਨਾ ੬੪੫)*

ਭੂਪਤਿ ਰਾਜੇ ਰੰਗ ਰਾਇ, ਸੰਚਹਿ ਬਿਖੁ ਮਾਇਆ॥
ਕਰਿ ਕਰਿ ਹੇਤੁ ਵਧਾਇਦੇ, ਪਰ ਦਰਬੁ ਚੁਰਾਇਆ॥
ਪੁਤ੍ਰ ਕਲਤ੍ਰ ਨ ਵਿਸਹਹਿ, ਬਹੁ ਪ੍ਰੀਤਿ ਲਗਾਇਆ॥
ਵੇਖਦਿਆ ਹੀ ਮਾਇਆ ਧੁਹਿ ਗਈ, ਪਛੁਤਹਿ ਪਛੁਤਾਇਆ॥
ਜਮ ਦਰਿ ਬਧੇ ਮਾਰੀਅਹਿ, ਨਾਨਕ ਹਰਿ ਭਾਇਆ॥੨੧॥

*(ਸਾਰੰਗ ਕੀ ਵਾਰ, ਮ. ੪, ਪੰਨਾ ੧੨੪੫)*

### (13) ਮਾਇਆ ਸਫ਼ਲ ਕਰਨ ਦਾ ਢੰਗ

ਗੁਰਮਤਿ ਧਨ, ਪਦਾਰਥ ਆਦਿਕਾਂ ਦੇ ਤਿਆਗ ਦਾ ਉਪਦੇਸ਼ ਨਹੀਂ ਦਿੰਦੀ, ਸਗੋਂ ਇਹ ਸਮਝਾਉਂਦੀ ਹੈ ਕਿ ਮਨੁੱਖ ਨੇ ਮਾਇਆ ਦਾ ਗੁਲਾਮ ਨਹੀਂ ਬਣਨਾ ਅਤੇ ਮਾਇਆ ਨੂੰ ਆਪਣੇ ਕਾਬੂ ਵਿਚ ਰੱਖਕੇ ਇਸਦਾ ਸਹੀ ਇਸਤੇਮਾਲ ਕਰਨਾ ਹੈ। ਧਨ, ਸੰਪਤੀ ਆਦਿ ਨੂੰ ਅਜਿਹੇ ਕਾਰਜਾਂ ਲਈ ਵਰਤਣਾ ਹੈ, ਜਿਸ ਨਾਲ ਪ੍ਰਭੂ ਪ੍ਰਸੰਨ ਹੋਵੇ। ਸਤਿਗੁਰੂ ਫ਼ੁਰਮਾਉਂਦੇ ਹਨ ਕਿ ਜਿਹੜੇ ਮਨੁੱਖ ਸੰਸਾਰ ਰੂਪੀ ਮਾਇਆ ਵਿੱਚ ਰਹਿੰਦਿਆਂ ਹੋਇਆਂ ਪ੍ਰਭੂ ਨਾਲ ਚਿਤ ਜੋੜੀ ਰੱਖਦੇ ਹਨ, ਉਨ੍ਹਾਂ ਦਾ ਖਾਧਾ ਪੀਤਾ ਸਭ ਪਵਿੱਤਰ ਹੈ। ਗੁਰਸਿੱਖਾਂ ਦੇ ਮਹਲ, ਸਰਾਵਾਂ, ਘਰ ਸਭ ਪਵਿੱਤਰ ਹਨ, ਜਿਨ੍ਹਾਂ ਵਿੱਚ ਗੁਰਸਿੱਖ ਤੇ ਲੋੜਵੰਦ ਜਾ ਕੇ ਰਹਿੰਦੇ ਹਨ। ਗੁਰਸਿਖਾਂ ਦੇ ਘੋੜੇ ਆਦਿਕ (ਤੇ ਹੋਰ ਵਾਹਨ) ਸਭ ਪਵਿੱਤਰ ਹਨ, ਜਿਨ੍ਹਾਂ ਦੀ ਸਵਾਰੀ ਗੁਰਮੁਖ ਜਨ ਕਰਦੇ ਹਨ :

ਗੁਰਮੁਖਿ ਸਭ ਪਵਿਤੁ ਹੈ, ਧਨੁ ਸੰਪੈ ਮਾਇਆ॥
ਹਰਿ ਅਰਥਿ ਜੋ ਖਰਚਦੇ, ਦੇਂਦੇ ਸੁਖੁ ਪਾਇਆ॥

*(ਸਾਰੰਗ ਕੀ ਵਾਰ, ਮ: ੪, ਪੰਨਾ ੧੨੪੬)*

ਤਿਨ ਕਾ ਖਾਧਾ, ਪੈਧਾ, ਮਾਇਆ, ਸਭੁ ਪਵਿਤੁ ਹੈ
ਜੋ ਨਾਮਿ ਹਰਿ ਰਾਤੇ॥
ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ

ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ॥
ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ॥

*(ਰਾਗੁ ਸੋਰਠਿ, ਵਾਰ ਮਹਲੇ ੪ ਕੀ, ਪੰਨਾ ੬੪੮)*

## (14) ਨਿਸ਼ਕਾਮ ਸੇਵਾ

ਸਿਖੀ ਵਿਚ ਸੇਵਾ ਦਾ ਬਹੁਤ ਉੱਚਾ ਸਥਾਨ ਹੈ। ਸਿੱਖ ਨੂੰ ਗੁਰਦੁਆਰੇ ਵਿਚ ਸੇਵਾ ਦਾ ਅਮਲੀ ਪਾਠ ਪੜ੍ਹਾਇਆ ਜਾਂਦਾ ਹੈ। ਮਗਰੋਂ ਜਾ ਕੇ ਉਹ ਜਗਤ ਦਾ ਸੇਵਕ ਬਣ ਜਾਂਦਾ ਹੈ। ਸੇਵਾ ਉਹੀ ਭਲੀ ਹੈ, ਜੋ ਗੁਰੂ ਦੇ ਆਸ਼ੇ ਅਨੁਸਾਰ ਹੋਵੇ। ਅਜਿਹੀ ਸੇਵਾ ਹੰਕਾਰ ਦਾ ਤਿਆਗ ਕਰਕੇ ਅਤੇ ਨਿਰਮਾਣ ਹੋ ਕੇ ਕੀਤੀ ਜਾ ਸਕਦੀ ਹੈ। ਇਸ ਨਾਲ ਸੇਵਕ ਦੀ ਆਤਮਾ ਪਾਪਾਂ ਤੇ ਵਿਕਾਰਾਂ ਤੋਂ ਮੁਕਤ ਹੋ ਜਾਂਦੀ ਹੈ :

ਸਾ ਸੇਵਾ ਕੀਤੀ ਸਫਲ ਹੈ, ਜਿਤੁ ਸਤਿਗੁਰ ਕਾ ਮਨੁ ਮੰਨੇ॥
ਜਾ ਸਤਿਗੁਰ ਕਾ ਮਨੁ ਮੰਨਿਆ, ਤਾ ਪਾਪ ਕਸੰਮਲ ਭੰਨੇ॥

*(ਗਉ ੜੀ ਕੀ ਵਾਰ, ਮ: ੪, ਪੰਨਾ ੩੧੪)*

ਵਿਚਿ ਹਉਮੈ ਸੇਵਾ ਥਾਇ ਨ ਪਾਏ॥ ਜਨਮਿ ਮਰੈ ਫਿਰਿ ਆਵੈ ਜਾਏ॥
ਸੋ ਤਪੁ ਪੂਰਾ, ਸਾਈ ਸੇਵਾ, ਜੋ ਹਰਿ ਮੇਰੇ ਮਨਿ ਭਾਣੀ ਹੇ॥੧੧॥

*(ਮਾਰੂ ਸੋਲਹੇ, ਮ: ੪, ਪੰਨਾ ੧੦੭੧)*

ਸਤਿਗੁਰ ਕੀ ਸੇਵਾ ਨਿਰਮਲੀ, ਨਿਰਮਲ ਜਨੁ ਹੋਇ ਸੁ ਸੇਵਾ ਘਾਲੇ।

*(ਗਉੜੀ ਕੀ ਵਾਰ, ਮ: ੪, ਪੰਨਾ ੩੦੪)*

## (15) ਮੁਕਤੀ

ਕਈ ਧਰਮ ਮੁਕਤੀ ਦੀ ਗੱਲ ਕਰਦਿਆਂ ਹੋਇਆਂ ਇਹ ਕਹਿੰਦੇ ਹਨ ਕਿ ਮਰਨ ਮਗਰੋਂ ਮਨੁੱਖ ਨੂੰ ਤਥਾ-ਕਥਿਤ ਸਵੱਰਗ ਦੀ ਪ੍ਰਾਪਤੀ ਹੋ ਜਾਵੇ, ਤਾਂ ਮਨੁੱਖ ਮੁਕਤੀ ਦੀ ਪ੍ਰਾਪਤੀ ਕਰ ਲੈਂਦਾ ਹੈ। ਸਵੱਰਗ ਵਿਚ ਕਈ ਤਰ੍ਹਾਂ ਦੇ ਜਿਸਮਾਨੀ ਸੁੱਖਾਂ ਦੇ ਲਾਲਚ ਵੀ ਦਿੱਤੇ ਗਏ ਹਨ। ਗੁਰਮਤਿ ਅਜਿਹੀ ਮੁਕਤੀ ਅਥਵਾ ਸਵੱਰਗ-ਪ੍ਰਾਪਤੀ ਵਿਚ ਵਿਸ਼ਵਾਸ ਨਹੀਂ ਰਖਦੀ। ਗੁਰਮਤਿ ਅਨੁਸਾਰ ਪ੍ਰਭੂ ਵਿਚ ਲੀਨਤਾ ਹੀ ਮੁਕਤੀ ਹੈ। ਇਸ ਸੰਸਾਰ ਵਿੱਚ ਰਹਿੰਦਿਆਂ ਹੋਇਆਂ ਪਾਪਾਂ, ਵਿਕਾਰਾਂ ਤੇ ਮਾਇਆ ਦੇ ਪ੍ਰਭਾਵ ਤੋਂ ਬਚੇ ਰਹਿਣਾ ਤੇ ਪ੍ਰਭੂ ਦੀ ਯਾਦ ਵਿਚ ਚਿਤ ਜੋੜੀ ਰਖਣਾ ਹੀ ਮੁਕਤੀ ਹੈ। ਇਹ ਮੁਕਤੀ ਪ੍ਰਭੂ ਦੀ ਸਿਫ਼ਤ-ਸਲਾਹ ਨਾਲ ਪ੍ਰਾਪਤ ਹੁੰਦੀ ਹੈ :

ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ,
ਨਿਤਿ ਆਸਾ ਆਸ ਕਰੀਜੈ॥
ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ,

ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ ॥੧॥
ਮਾਇਆ ਮੋਹੁ ਸਬਲੁ ਹੈ ਭਾਰੀ,
ਮੋਹੁ ਕਾਲਖ ਦਾਗ ਲਗੀਜੈ ॥
ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ,
ਜਿਉ ਮੁਰਗਾਈ ਪੰਕੁ ਨ ਭੀਜੈ ॥੨॥

*(ਕਲਿਆਨ, ਮ: ੪, ਪੰਨਾ ੧੩੨੪)*

ਸੇ ਮੁਕਤੁ ਸੇ ਮੁਕਤੁ ਭਏ, ਜਿਨ੍ ਹਰਿ ਧਿਆਇਆ ਜੀਉ,
ਤਿਨ ਟੂਟੀ ਜਮ ਕੀ ਫਾਸੀ ॥

*(ਆਸਾ, ਮ: ੪, ਪੰਨਾ ੩੪੮)*

### (16) ਰਿਸ਼ਤੇਦਾਰ

ਗੁਰੂ- ਪਾਤਿਸ਼ਾਹ ਫੁਰਮਾਉਂਦੇ ਹਨ ਕਿ ਸੰਸਾਰ ਵਿੱਚ ਮਾਤਾ, ਪਿਤਾ, ਪੁਤਰ ਆਦਿਕ ਰਿਸ਼ਤੇ ਪੁਰਬਲੇ ਜਨਮਾਂ ਦੇ ਸੰਜੋਗਾਂ ਕਾਰਨ ਹੁੰਦੇ ਹਨ। ਪ੍ਰਭੂ ਆਪ ਹੀ ਇਹ ਰਿਸ਼ਤੇ ਕਾਇਮ ਕਰਦਾ ਹੈ। ਪਰ ਇਹ ਵੀ ਇਕ ਸਚਾਈ ਹੈ ਕਿ ਭਰਾ, ਮਿਤਰ ਤੇ ਹੋਰ ਰਿਸ਼ਤੇਦਾਰ ਆਪਣੇ ਸੁਆਰਥ ਕਰਕੇ ਹੀ ਮਨੁੱਖ ਨਾਲ ਪਿਆਰ ਪਾਉਂਦੇ ਹਨ (ਜਾਂ ਪਿਆਰ ਦਾ ਪ੍ਰਗਟਾਵਾ ਕਰਦੇ ਹਨ)। ਜਦੋਂ ਸੁਆਰਥ ਪੂਰਾ ਹੋ ਜਾਂਦਾ ਹੈ ਤਾਂ ਕੋਈ ਵੀ ਨੇੜੇ ਢੁਕਦਾ ਨਹੀਂ ਹੈ। ਸੱਚਾ ਮਿਤਰ- ਸਖਾਈ ਤਾਂ ਪ੍ਰਭੂ ਆਪ ਹੈ; ਉਸੇ ਦਾ ਹੀ ਸਿਮਰਨ ਕਰਨਾ ਚਾਹੀਦਾ ਹੈ। ਉਹੀ ਦੁੱਖਾਂ ਸੁੱਖਾਂ ਵਿਚ ਬਹੁੜਦਾ (ਪੁੱਕਰਦਾ) ਹੈ:-

ਮਾਇ। ਬਾਪ ਪੁਤ੍, ਸਭਿ ਹਰਿ ਕੇ ਕੀਏ ॥
ਸਭਨਾ ਕਉ ਸਨਬੰਧੁ ਹਰਿ ਕਰਿ ਦੀਏ ॥

*(ਗੂਜਰੀ, ਮ: ੪, ਪੰਨਾ ੪੯੪)*

ਜੋ ਸੰਸਾਰੈ ਕੇ ਕੁਟੰਬ ਮਿਤ੍ ਭਾਈ ਦੀਸਹਿ ਮਨ ਮੇਰੇ,
ਤੇ ਸਭਿ ਅਪਨੈ ਸੁਆਇ ਮਿਲਾਸਾ ॥
ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ,
ਤਿਤੁ ਦਿਨਿ ਨੇੜੈ ਕੋ ਨ ਢੁਕਾਸਾ।
ਮਨ ਮੇਰੇ, ਅਪਨਾ ਹਰਿ ਸੇਵਿ ਦਿਨੁ ਰਾਤੀ,
ਜੋ ਤੁਧੁ ਉਪਕਰੈ ਦੂਖਿ ਸੁਖਾਸਾ ॥੩॥

*(ਰਾਗੁ ਗੋਂਡ, ਚਉਪਦੇ, ਮ: ੪, ਪੰਨਾ ੮੬੦)*

ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ,
ਮਤ ਤਿਸ ਕੀ ਆਸ ਲਗਿ ਜਨਮੁ ਗਵਾਈ ॥
ਇਨ੍ ਕੈ ਕਿਛੁ ਹਾਥਿ ਨਹੀ, ਕਹਾ ਕਰਹਿ ਇਹਿ ਬਪੁੜੇ,

ਇਨ੍ ਕਾ ਵਾਹਿਆ ਕਛੁ ਨ ਵਸਾਈ॥
ਮੇਰੇ ਮਨ, ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ,
ਜੋ ਤੁਝੁ ਤਾਰੈ, ਤੇਰਾ ਕੁਟੰਬੁ ਸਭੁ ਛਡਾਈ॥੨॥

*(ਰਾਗ ਗੋਂਡ, ਚਉਪਦੇ, ਮ: ੪, ਪੰਨਾ ੮੫੯)*

(17) ਉਪਦੇਸ਼ਕ

ਜਿਹੜੇ ਮਨੁੱਖ ਉਪਦੇਸ਼ ਅਥਵਾ ਧਰਮ ਪਰਚਾਰ ਦਾ ਕੰਮ ਕਰਦੇ ਹਨ, ਉਹ ਧੰਨਤਾ ਦੇ ਯੋਗ ਹਨ। ਗੁਰੂ ਪਾਤਸ਼ਾਹ ਕਹਿੰਦੇ ਹਨ ਕਿ ਮੈਂ ਅਜਿਹੇ ਮਨੁੱਖਾਂ ਦੀ ਚਰਨ-ਧੂੜ ਲੋਚਦਾ ਹਾਂ। ਪਰ ਨਾਲ ਇਹ ਤਾੜਨਾ ਵੀ ਕਰਦੇ ਹਨ ਕਿ ਲੋਕਾਂ ਨੂੰ ਪ੍ਰਭੂ ਨਾਲ ਉਹੀ ਜੋੜ ਸਕਦਾ ਹੈ, ਜਿਸ ਨੇ ਆਪਣੇ ਅੰਦਰ ਵਸਦੇ ਪ੍ਰਭੂ ਨੂੰ ਪਛਾਣ ਲਿਆ ਹੈ ਤੇ ਜਿਹੜਾ ਸਦਾ ਥਿਰ ਰਹਿਣ ਵਾਲੇ ਪ੍ਰਭੂ ਦਾ ਨਾਮ ਆਪ ਜਪਦਾ ਹੈ:

ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ,
ਉਪਦੇਸੁ ਕਰਹਿ ਪਰਉਪਕਾਰਿਆ।

*(ਗਉੜੀ ਕੀ ਵਾਰ, ਮ: ੪, ਪੰਨਾ ੩੧੧)*

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

*(ਗਉੜੀ ਕੀ ਵਾਰ, ਮ: ੪, ਪੰਨਾ ੩੦੬)*

ਜਿਸ ਦੈ ਅੰਦਰਿ ਸਚੁ ਹੈ, ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ, ਹੋਰਨਾ ਨੋ ਹਰਿ ਮਾਰਗਿ ਪਾਏ॥

*(ਵਾਰ ਮਾਝ ਕੀ, ਮ: ੪, ਪੰਨਾ ੧੪੦)*

(18) ਨਿਮਰਤਾ ਤੇ ਨਿਰਮਾਣਤਾ

ਇਕ ਅਨਾਥ ਬਾਲਕ ਤੋਂ ਸਿੱਖ-ਸੰਗਤਾਂ ਦੇ ਦਿਲਾਂ ਦੇ ਪਾਤਿਸ਼ਾਹ ਬਣੇ ਸ੍ਰੀ ਗੁਰੂ ਰਾਮਦਾਸ ਜੀ ਨਿਮਰਤਾ ਤੇ ਨਿਰਮਾਣਤਾ ਦੀ ਮੂੰਹ ਬੋਲਦੀ ਤਸਵੀਰ ਸਨ। ਸੰਸਾਰਿਕ ਅਤੇ ਅਧਿਆਤਮਕ ਪ੍ਰਭੁਤਾ ਹਾਸਲ ਕਰ ਲੈਣ ਮਗਰੋਂ ਵੀ ਆਪਣੇ ਆਪ ਨੂੰ 'ਪਾਪੀ', 'ਗੁਣਹੀਨ', 'ਅਪਰਾਧੀ' ਸ਼ਬਦਾਂ ਨਾਲ ਸੰਬੋਧਨ ਕਰਦੇ ਹਨ ਅਤੇ ਪ੍ਰਭੂ ਪਾਸੋਂ ਮਿਹਰ ਦੀ ਨਜ਼ਰ ਦੀ ਮੰਗ ਕਰਦੇ ਹਨ। ਅਸਲ ਵਿਚ, ਇਂਝ ਕਹਿੰਦਿਆਂ ਆਪ ਸਿੱਖਾਂ ਲਈ ਪੂਰਨੇ ਪਾਉਂਦੇ ਹਨ :

ਮੇਰੇ ਰਾਮ, ਹਮ ਪਾਪੀ ਸਰਣਿ ਪਰੇ ਹਰਿ ਦੁਆਰਿ॥
ਮਤੁ ਨਿਰਗੁਣ, ਹਮ ਮੇਲੈ,
ਕਬਹੂੰ ਅਪੁਨੀ ਕਿਰਪਾ ਧਾਰਿ॥੧॥ ਰਹਾਉ॥
ਹਮਰੇ ਅਵਗੁਣੁ ਬਹੁਤੁ ਬਹੁਤੁ ਹੈ,
ਬਹੁ ਬਾਰ ਬਾਰ ਹਰਿ ਗਣਤ ਨ ਆਵੈ॥

ਤੂੰ ਗੁਣਵੰਤਾ ਹਰਿ ਹਰਿ ਦਇਆਲੁ,
ਹਰਿ ਆਪੇ ਬਖਸਿ ਲੈਹਿ ਹਰਿ ਭਾਵੈ॥
ਹਮ ਅਪਰਾਧੀ ਰਾਖੇ ਗੁਰ ਸੰਗਤੀ,
ਉਪਦੇਸੁ ਦੀਓ ਹਰਿ ਨਾਮੁ ਛਡਾਵੈ॥੨॥

*(ਗਉੜੀ ਬੈਰਾਗਣਿ, ਮ: ੪, ਪੰਨਾ ੧੬੭)*

## ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਇਤਿਹਾਸਕ ਘਟਨਾਵਾਂ

ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿਚ ਗੁਰੂ-ਘਰ ਅਤੇ ਸਿਖ-ਇਤਿਹਾਸ ਨਾਲ ਸੰਬੰਧਿਤ ਕੁਝ ਕੁ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਵੀ ਕੀਤਾ ਹੈ; ਭਾਵੇਂ ਕਿ ਇਨ੍ਹਾਂ ਦਾ ਉਦੇਸ਼ ਗੁਰਮਤਿ ਸਿਧਾਂਤਾਂ ਨੂੰ ਦ੍ਰਿੜ ਕਰਵਾਉਣਾ ਅਤੇ ਗੁਰੂ ਦੀ ਮਹੱਤਤਾ ਨੂੰ ਪ੍ਰਗਟ ਕਰਨਾ ਸੀ। ਗੁਰੂ ਸਾਹਿਬ ਦੇ ਇਸ ਯਤਨ ਨੂੰ ਧਿਆਨ ਵਿਚ ਰੱਖਦਿਆਂ ਹੀ ਫਾਰਸਟਰ ਨੇ ਆਪਣੇ ਸਫ਼ਰਾਂ (ਟਰੈਵਲਜ਼) ਵਿਚ ਲਿਖਿਆ ਹੈ ਕਿ ਗੁਰੂ ਰਾਮਦਾਸ ਜੀ ਨੇ ਇਤਿਹਾਸਕ ਘਟਨਾਵਾਂ ਤੇ ਵਡਿਕਿਆਂ ਦੇ ਉਪਦੇਸ਼ਾਂ ਤੇ ਨਿਯਮਾਂ ਨੂੰ ਇਕ ਥਾਵੇਂ ਕੀਤਾ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੀ ਵਿਆਖਿਆ ਕਰਕੇ ਨਾਲ ਜੋੜੀ।

ਗੁਰੂ ਪਾਤਸ਼ਾਹ ਨੇ ਜਿਨ੍ਹਾਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ, ਉਹ ਇਸ ਪ੍ਰਕਾਰ ਹਨ:-

### (1) ਅਭੀਚ ਪੁਰਬ ਸਮੇਂ ਗੁਰੂ ਅਮਰਦਾਸ ਜੀ ਦਾ ਪ੍ਰਚਾਰ ਦੌਰਾ

ਇਸ ਪ੍ਰਚਾਰ ਦੌਰੇ ਬਾਰੇ ਇਸ ਪੁਸਤਕ ਵਿਚ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁਕਾ ਹੈ। ਗੁਰੂ ਰਾਮਦਾਸ ਜੀ ਨੇ ਇਸ ਦੌਰੇ ਦਾ ਜ਼ਿਕਰ ਤੁਖਾਰੀ ਰਾਗ ਵਿਚ ਉਚਾਰੇ ਇਕ ਸ਼ਬਦ ਵਿਚ ਕੀਤਾ ਹੈ। ਆਪ ਫ਼ੁਰਮਾਉਂਦੇ ਹਨ ਕਿ ਜਿਸ ਮਨੁੱਖ ਨੂੰ ਗੁਰੂ-ਸਤਿਗੁਰੂ ਦਾ ਦਰਸ਼ਨ ਹੋ ਗਿਆ, ਉਸ ਲਈ ਇਹ ਹੀ ਤੀਰਥ-ਇਸ਼ਨਾਨ ਹੈ ਅਤੇ ਅਭੀਚ ਨੱਖਤਰ ਦਾ ਪਵਿਤਰ ਦਿਹਾੜਾ ਹੈ। ਗੁਰੂ ਦੇ ਦਰਸ਼ਨ ਦੀ ਬਰਕਤ ਨਾਲ ਉਸ ਮਨੁੱਖ ਦੀ ਖੋਟੀ ਮੱਤ ਦੀ ਮੈਲ ਕੱਟੀ ਜਾਂਦੀ ਹੈ ਅਤੇ ਉਸਦੇ ਅੰਦਰੋਂ ਆਤਮਿਕ ਜੀਵਨ ਵਲੋਂ ਬੇਸਮਝੀ ਵਾਲਾ ਹਨੇਰਾ ਦੂਰ ਹੋ ਜਾਂਦਾ ਹੈ। ਜਿਸ ਨੇ ਗੁਰੂ ਦਾ ਦਰਸ਼ਨ ਕਰ ਲਿਆ ਹੈ, ਉਸ ਨੇ ਮਨ ਵਿਚੋਂ ਅਗਿਆਨ ਹਨੇਰਾ ਦੂਰ ਕਰ ਲਿਆ ਹੈ ਅਤੇ ਉਸਦੇ ਅੰਦਰ ਪ੍ਰਮਾਤਮਾ ਦੀ ਜੋਤਿ ਨੇ ਆਪਣਾ ਪ੍ਰਕਾਸ਼ ਕਰ ਦਿੱਤਾ ਹੈ। ਉਸ ਮਨੁੱਖ ਦੇ ਜਨਮ ਤੋਂ ਮਰਨ ਤੱਕ ਦੇ ਸਾਰੇ ਦੁਖ ਦੂਰ ਹੋ ਜਾਂਦੇ ਹਨ

ਅਤੇ ਉਹ ਅਬਿਨਾਸੀ ਪ੍ਰਭੂ ਨੂੰ ਪਾ ਲੈਂਦਾ ਹੈ। ਗੁਰੂ (ਅਮਰਦਾਸ ਜੀ) ਅਭੀਚ ਪੁਰਬ ਦੇ ਤੀਰਥ-ਇਸ਼ਨਾਨ ਦੇ ਸਮੇਂ ਕੁਲਖੇਤ (ਕੁਰੂਕਸ਼ੇਤਰ) ਗਏ। ਪ੍ਰਭੂ ਨੇ ਆਪ ਗੁਰੂ ਜੀ ਦੇ ਉਥੇ ਜਾਣ ਦੇ ਉਸ ਉਦਮ ਨੂੰ ਇੱਕਤਰ ਹੋਏ ਲੋਕਾਂ ਵਾਸਤੇ ਪਵਿਤਰ-ਦਿਹਾੜਾ ਬਣਾ ਦਿਤਾ।

ਸਾਰੇ ਪੈਂਡੇ ਵਿਚ ਪਰਮਾਤਮਾ ਦੀ ਭਗਤੀ ਦਾ ਉਦਮ ਬਣਿਆ ਰਿਹਾ; ਬਹੁਤ ਲੋਕ ਦਰਸ਼ਨਾਂ ਨੂੰ ਆਏ। ਜਿਨ੍ਹਾਂ ਵਡਭਾਗੀਆਂ ਨੇ ਗੁਰੂ ਦਾ ਦਰਸ਼ਨ ਕੀਤਾ, ਪਰਮਾਤਮਾ ਨੇ ਉਨ੍ਹਾਂ ਨੂੰ ਆਪਣੇ ਨਾਲ ਜੋੜ ਲਿਆ।

ਸਾਰੀ ਲੁਕਾਈ ਨੂੰ ਗਲਤ ਰਸਤੇ ਤੋਂ ਬਚਾਉਣ ਲਈ ਹੀ ਸਤਿਗੁਰੂ ਨੇ ਤੀਰਥਾਂ ਉਤੇ ਜਾਣ ਦਾ ਉੱਦਮ ਕੀਤਾ ਸੀ। ਸਤਿਗੁਰਾਂ ਦੇ ਨਾਲ ਅਨੇਕਾਂ ਸਿੱਖ ਵੀ ਉਸ ਲੰਮੇ ਪੈਂਡੇ ਵਿਚ ਗਏ ਸਨ।

ਗੁਰੂ (ਅਮਰਦਾਸ) ਜੀ ਪਹਿਲਾਂ ਕੁਲਖੇਤ (ਕੁਰੂਕਸ਼ੇਤਰ) ਪਹੁੰਚੇ। ਉਹ ਦਿਨ ਲੋਕਾਂ ਲਈ ਗੁਰੂ-ਸਤਿਗੁਰੂ ਨਾਲ ਸੰਬੰਧ ਰੱਖਣ ਵਾਲਾ ਪਵਿਤਰ ਦਿਨ ਬਣ ਗਿਆ। ਬੇਅੰਤ ਲੋਕ ਦਰਸ਼ਨ ਕਰਨ ਆਏ। ਉਨ੍ਹਾਂ ਵਿਚ ਜੋਗੀ, ਨਾਂਗੇ, ਸੰਨਿਆਸੀ, ਛੇ ਭੇਖਾਂ ਦੇ ਸਾਧੂ ਆਦਿਕ ਸ਼ਾਮਿਲ ਸਨ। ਉਨ੍ਹਾਂ ਨੇ ਕਈ ਤਰ੍ਹਾਂ ਦੇ ਵਿਚਾਰ ਗੁਰੂ ਜੀ ਅੱਗੇ ਪੇਸ਼ ਕੀਤੇ। ਫਿਰ ਗੁਰੂ ਜੀ ਜਮਨਾ ਨਦੀ ਤੇ ਪੁੱਜੇ ਤੇ ਪ੍ਰਭੂ ਦਾ ਨਾਮ ਜਪਾਇਆ। ਸਰਕਾਰੀ ਮਸੂਲੀਏ (ਕਰ ਉਗਰਾਹੁਣ ਵਾਲੇ) ਵੀ ਭੇਟਾ ਰੱਖ ਕੇ ਗੁਰੂ ਜੀ ਨੂੰ ਮਿਲੇ। ਗੁਰੂ ਕੇ ਸਿੱਖਾਂ ਨੂੰ ਮਸੂਲੀਆਂ ਨੇ ਬਿਨਾਂ ਮਸੂਲ ਲਏ ਦਰਿਆ ਤੋਂ ਪਾਰ ਲੰਘਾ ਦਿੱਤਾ। ਹੇ ਭਾਈ, ਜਿਹੜੇ ਮਨੁੱਖ ਗੁਰੂ ਦੇ ਬਚਨਾਂ ਨੂੰ ਮੰਨ ਕੇ ਜੀਵਨ-ਪੰਧ ਤੇ ਚਲਦੇ ਹਨ, ਜਮ-ਮਸੂਲੀਆ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ।

ਤੀਜੀ ਥਾਂ ਤੇ ਗੁਰੂ ਜੀ ਗੰਗਾ (ਹਰਿਦੁਆਰ) ਪੁੱਜੇ। ਉਥੇ ਅਜਬ ਤਮਾਸ਼ਾ ਹੋਇਆ। ਕਿਸੇ ਵੀ ਮਸੂਲੀਏ ਨੇ, ਕਿਸੇ ਵੀ ਪਾਸੋਂ ਅੱਧੀ ਕੌਡੀ ਮਸੂਲ ਵੀ ਨਹੀਂ ਲਿਆ। ਜਦ ਗੋਲਕਾਂ ਵਿਚ ਅੱਧੀ ਕੌਡੀ ਵੀ ਨਾ ਪਈ, ਤਾਂ ਮਸੂਲੀਏ ਹੈਰਾਨ ਹੋ ਕੇ ਬੋਲਣ ਲੱਗੇ ਕਿ ਸਾਰੀ ਲੁਕਾਈ ਹੀ ਭੱਜ ਕੇ ਗੁਰੂ ਜੀ ਦੀ ਸ਼ਰਨ ਜਾ ਪਈ ਹੈ; ਅਸੀਂ ਕਿਸ ਪਾਸੋਂ ਮਸੂਲ ਮੰਗੀਏ? ਮਸੂਲੀਏ ਸੋਚ-ਵਿਚਾਰ ਕੇ, ਗੋਲਕਾਂ ਬੰਦ ਕਰਕੇ, ਉਠ ਕੇ ਚਲੇ ਗਏ।

ਨਗਰ ਦੇ ਪ੍ਰਸਿਧ (ਮੁਖੀਏ) ਮਨੁੱਖ ਇੱਕਠੇ ਹੋ ਕੇ ਆਏ। ਉਨ੍ਹਾਂ ਸਤਿਗੁਰਾਂ ਦੀ ਓਟ ਲਈ; ਸਤਿਗੁਰਾਂ ਦਾ ਪੱਲਾ ਫੜਿਆ। ਉਨ੍ਹਾਂ ਨੂੰ ਗੁਰੂ ਜੀ ਤੋਂ ਪੁੱਛ ਕੇ ਇਹ ਪਤਾ ਲੱਗ ਗਿਆ ਕਿ ਸੁਕਦੇਵ, ਪ੍ਰਹਿਲਾਦ, ਸ੍ਰੀ ਰਾਮਚੰਦਰ ਆਦਿ ਨੇ 'ਗੋਵਿੰਦ', 'ਗੋਵਿੰਦ' ਆਖ ਕੇ ਪ੍ਰਭੂ ਦਾ ਨਾਮ ਸਿਮਰਿਆ ਸੀ। ਇਹ (ਨਾਮ ਸਿਮਰਨ) ਹੀ ਅਸਲ ਵਿਚ ਸਿਮਰਤੀਆਂ ਤੇ ਸ਼ਾਸਤਰ ਹਨ। ਇੰਝ ਸੁਕਦੇਵ, ਪ੍ਰਹਿਲਾਦ ਤੇ ਸ੍ਰੀ

ਰਾਮਚੰਦਰ ਨੇ ਸਰੀਰ-ਕਿਲ੍ਹੇ ਵਿਚ ਵਸਣ ਵਾਲੇ ਕਾਮ ਆਦਿਕ ਪੰਜ ਡਾਕੂਆਂ ਨੂੰ ਮਾਰ ਕੇ, ਉਨ੍ਹਾਂ ਦਾ ਆਪਣੇ ਅੰਦਰੋਂ ਨਿਸ਼ਾਨ ਹੀ ਮਿਟਾ ਦਿਤਾ ਸੀ।

ਨਗਰ ਵਾਸੀਆਂ ਨੇ ਗੁਰ-ਉਪਦੇਸ਼ ਰਾਹੀਂ ਪਰਮਾਤਮਾ ਦੀ ਭਗਤੀ ਕਰਨ ਦੀ ਦਾਤ ਹਾਸਲ ਕਰ ਲਈ। ਉਥੇ ਸਦਾ ਕੀਰਤਨ ਹੋਣ ਲਗ ਪਏ, ਇਹ ਹੀ ਪੰਚ ਜਨਾਂ ਵਾਸਤੇ ਪੁਰਾਣਾਂ ਦੇ ਪਾਠ ਅਤੇ ਪੁੰਨਦਾਨ ਹੋ ਨਿਬੜੇ।

ਪੂਰਾ ਸ਼ਬਦ ਇਸ ਪ੍ਰਕਾਰ ਹੈ :-

ਤੁਖਾਰੀ ਮਹਲਾ ੪॥
ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥
ਦੁਰਮਤਿ ਮੈਲੁ ਹਰੀ, ਅਗਿਆਨੁ ਅੰਧੇਰੁ ਗਇਆ॥
ਗੁਰ ਦਰਸੁ ਪਾਇਆ, ਅਗਿਆਨੁ ਗਵਾਇਆ,
ਅੰਤਰਿ ਜੋਤਿ ਪ੍ਰਗਾਸੀ॥
ਜਨਮ ਮਰਣ ਦੁਖ ਖਿਨ ਮਹਿ ਬਿਨਸੇ,
ਹਰਿ ਪਾਇਆ ਪ੍ਰਭੁ ਅਬਿਨਾਸੀ॥
ਹਰਿ ਆਪਿ ਕਰਤੈ ਪੁਰਬੁ ਕੀਆ,
ਸਤਿਗੁਰੂ ਕੁਲਖੇਤਿ ਨਾਵਣਿ ਗਇਆ॥
ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥੧॥
ਮਾਰਗਿ ਪੰਥਿ ਚਲੇ, ਗੁਰ ਸਤਿਗੁਰ ਸੰਗਿ ਸਿਖਾ॥
ਅਨਦਿਨੁ ਭਗਤਿ ਬਣੀ, ਖਿਨੁ ਖਿਨੁ ਨਿਮਖ ਵਿਖਾ॥
ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ, ਸਭੁ ਲੋਕੁ ਵੇਖਣਿ ਆਇਆ॥
ਜਿਨ ਦਰਸੁ ਸਤਿਗੁਰ ਗੁਰੂ ਕੀਆ, ਤਿਨ ਆਪਿ ਹਰਿ ਮੇਲਾਇਆ॥
ਤੀਰਥ ਉਦਮੁ ਸਤਿਗੁਰੂ ਕੀਆ, ਸਭ ਲੋਕ ਉਧਰਣ ਅਰਥਾ॥
ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ॥੨॥
ਪ੍ਰਥਮ ਆਏ ਕੁਲਖੇਤਿ, ਗੁਰ ਸਤਿਗੁਰ ਪੁਰਬੁ ਹੋਆ॥
ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ॥
ਦੇਖਣਿ ਆਏ ਤੀਨਿ ਲੋਕ, ਸੁਰਿ, ਨਰ, ਮੁਨਿ ਜਨ ਸਭਿ ਆਇਆ॥
ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ,
ਤਿਨ ਕੇ ਕਿਲਵਿਖ ਨਾਸ ਗਵਾਇਆ॥
ਜੋਗੀ, ਦਿਗੰਬਰ, ਸੰਨਿਆਸੀ, ਖਟੁ ਦਰਸਨ,

ਕਰਿ ਗਏ ਗੋਸਟਿ ਢੋਆ॥
ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ॥੩॥
ਦੁਤੀਆ ਜਮੁਨ ਗਏ, ਗੁਰਿ ਹਰਿ ਹਰਿ ਜਪਨੁ ਕੀਆ॥
ਜਾਗਾਤੀ ਮਿਲੇ ਦੇ ਭੇਟ, ਗੁਰ ਪਿਛੈ ਲੰਘਾਇ ਦੀਆ॥
ਸਭ ਛੁਟੀ ਸਤਿਗੁਰੂ ਪਿਛੈ, ਜਿਨਿ ਹਰਿ ਹਰਿ ਨਾਮੁ ਧਿਆਇਆ॥
ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ,
ਤਿਨ ਜਮੁ ਜਾਗਾਤੀ ਨੇੜਿ ਨ ਆਇਆ॥
ਸਭਿ ਗੁਰੂ ਗੁਰੂ ਜਗਤੁ ਬੋਲੈ, ਗੁਰ ਕੈ ਨਾਇ ਲਇਐ,
ਸਭਿ ਛੁਟਕਿ ਗਇਆ॥
ਦੁਤੀਆ ਜਮੁਨ ਗਏ, ਗੁਰਿ ਹਰਿ ਹਰਿ ਜਪਨੁ ਕੀਆ॥੪॥
ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ॥
ਸਭ ਮੋਹੀ ਦੇਖਿ ਦਰਸਨੁ ਗੁਰ ਸੰਤ, ਕਿਨੈ ਆਢੁ ਨ ਦਾਮੁ ਲਇਆ॥
ਆਢੁ ਦਾਮੁ ਕਿਛੁ ਪਇਆ ਨ ਬੋਲਕ,
ਜਾਗਾਤੀਆ ਮੋਹਣ ਮੁੰਦਣਿ ਪਈ॥
ਭਾਈ ਹਮ ਕਰਹ ਕਿਆ, ਕਿਸੁ ਪਾਸਿ ਮਾਂਗਹ,
ਸਭ ਭਾਗਿ ਸਤਿਗੁਰ ਪਿਛੈ ਪਈ॥
ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ,
ਭੰਨਿ ਬੋਲਕਾ ਸਭਿ ਉਠਿ ਗਇਆ॥
ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ॥੫॥
ਮਿਲਿ ਆਏ ਨਗਰ ਮਹਾ ਜਨਾ, ਗੁਰ ਸਤਿਗੁਰ ਓਟ ਗਹੀ॥
ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ, ਸਿਮ੍ਰਿਤਿ ਕੀਤਾ ਸਹੀ॥
ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ,
ਸੁਕਿ ਪ੍ਰਹਿਲਾਦਿ ਸ੍ਰੀਰਾਮਿ ਕਰਿ
ਗੁਰ ਗੋਵਿਦੁ ਧਿਆਇਆ॥
ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ,
ਤਿਨ ਕਾ ਥਾਉ ਥੇਹੁ ਗਵਾਇਆ॥
ਕੀਰਤਨ ਪੁਰਾਣ ਨਿਤ ਪੁੰਨ ਹੋਵਹਿ,
ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ॥

ਮਿਲਿ ਆਏ ਨਗਰ ਮਹਾ ਜਨਾ, ਗੁਰ ਸਤਿਗੁਰ ਓਟ ਗਹੀ॥੯॥

(ਪੰਨਾ ੧੧੧੬-੧੭)

(2) ਹਰੀ ਰਾਮ ਤਪੇ ਦਾ ਪਾਜ ਉਘੜਨਾ

ਗੋਇੰਦਵਾਲ ਵਿਚ ਹਰੀ ਰਾਮ ਨਾਮ ਦਾ ਤਪਾ ਰਹਿੰਦਾ ਸੀ। ਆਪਣੇ ਆਪ ਨੂੰ ਯੋਗ-ਮੱਤ ਨਾਲ ਜੋੜਦਾ ਸੀ, ਪਰ ਹੈ ਸੀ ਗ੍ਰਿਹਸਤੀ। ਲੋਭੀ, ਲਾਲਚੀ, ਤੇ ਪਾਖੰਡੀ ਤਪਾ ਅਜੋਕੇ ਸਾਧਾਂ-ਸੰਤਾਂ ਵਰਗਾ ਹੀ ਸੀ, ਜਿਹੜੇ ਧਰਮ ਦਾ ਬੁਰਕਾ ਪਾ ਕੇ ਸ਼ਰਧਾਲੂਆਂ ਦੀ ਖੂਨ ਪਸੀਨੇ ਦੀ ਕਮਾਈ ਨਾਲ ਸੁਖ-ਸਾਧਨ ਇੱਕਤਰ ਕਰਕੇ ਐਸ਼ ਕਰਦੇ ਹਨ। ਗੁਰੂ ਅਮਰ ਦਾਸ ਜੀ ਦਾ ਪ੍ਰਚਾਰ ਇਸ ਤਪੇ ਤੇ ਇਸਦੀ ਸ਼੍ਰੇਣੀ ਦੇ ਹੋਰ ਬੰਦਿਆਂ ਲਈ ਬੜਾ ਵਿਘਨਕਾਰੀ ਸੀ। ਹਰਾਮ ਦੀ ਕਮਾਈ ਖਾਣ ਗਿੱਝੇ ਹੋਇਆਂ ਨੂੰ ਦਸਾਂ ਨਹੁੰਆਂ ਦੀ ਕਿਰਤ ਕਰਨ ਦੀ ਗੱਲ ਕਿਵੇ ਰਾਸ ਆ ਸਕਦੀ ਹੈ? ਲੋਕਾਂ ਨੂੰ ਧਰਮ-ਕਰਮਾਂ ਦੇ ਜਾਲ ਵਿੱਚ ਫਸਾਉਣ ਵਾਲੇ ਕਰਮ-ਕਾਂਡੀ ਤੇ ਜਾਤ-ਅਭਿਮਾਨੀ ਤਪੇ ਨੂੰ ਪ੍ਰਭੂ ਦਾ ਨਾਮ ਸਿਮਰਨ ਤੇ ਸ਼ੁਭ ਕਰਮ ਕਰਨ ਦਾ ਗੁਰਮਤਿ-ਸਿਧਾਂਤ ਕਿਵੇਂ ਫਿੱਟ ਬੈਠ ਸਕਦਾ ਸੀ? ਸੋ, ਉਹਨੇ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿਤਾ ਕਿ ਗੁਰੂ ਅਮਰਦਾਸ ਜੀ ਸਭਨਾ ਲੋਕਾਂ ਨੂੰ ਇਕੋ ਥਾਂ ਲੰਗਰ ਛਕਾ ਕੇ ਅਤੇ ਸਭ ਜਾਤਾਂ ਤੇ ਮਜ਼ਹਬਾਂ ਦੇ ਬੰਦਿਆਂ ਨੂੰ ਇਕੋ ਬਾਉਲੀ ਵਿਚ ਇੱਕਠੇ ਇਸ਼ਨਾਨ ਕਰਨ ਦੀ ਪ੍ਰੇਰਨਾ ਦੇ ਕੇ ਬ੍ਰਾਹਮਣੀ ਧਰਮ ਦੇ ਮੂਲ-ਸਿਧਾਂਤਾਂ ਨੂੰ ਤਹਿਸ-ਨਹਿਸ ਕਰੀ ਜਾ ਰਹੇ ਹਨ। ਇਸਦੇ ਨਾਲ ਹੀ ਇਹ ਗੋਇੰਦੇ ਦੇ ਪੁੱਤਰਾਂ ਤੇ ਹੋਰ ਬ੍ਰਾਹਮਣਾਂ ਨੂੰ ਗੁਰੂ ਜੀ ਦੇ ਵਿਰੁਧ ਭੜਕਾ ਰਿਹਾ ਸੀ।

ਇਸ ਪਾਖੰਡੀ ਤਪੇ ਦਾ ਪਾਜ ਉਘੇੜਨ ਲਈ ਗੁਰੂ ਜੀ ਨੇ ਕੌਤਕ ਰਚਿਆ। ਉਨ੍ਹਾਂ ਕਿਹਾ ਕਿ ਜਿਹੜਾ ਅਖੌਤੀ ਉੱਚ-ਜਾਤੀ ਦਾ ਮਨੁੱਖ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦਾ ਛਕੇਗਾ ਉਸਨੂੰ ਇਕ ਰੁਪਿਆ ਪ੍ਰਤਿ ਦਿਨ ਦਿਤਾ ਜਾਵੇਗਾ। ਤਪੇ ਹਰੀ ਰਾਮ ਨੂੰ ਸੁਨੇਹਾ ਵੀ ਭੇਜਿਆ ਗਿਆ। ਫਿਰ ਇਸ ਇਨਾਮ ਦੀ ਰਕਮ ਇਕ ਤੋਂ ਵਧਾ ਕੇ ਪੰਜ ਰੁਪਏ ਕਰ ਦਿਤੀ ਗਈ। ਤਪੇ ਦਾ ਮਨ ਤਾਂ ਇਨਾਮ ਲੈਣ ਲਈ ਉਤਾਵਲਾ ਹੋ ਰਿਹਾ ਸੀ, ਪਰ ਜਾਤ-ਅਭਿਮਾਨੀ ਲੋਕਾਂ ਵਿਚ ਬਣੀ ਭੱਲ ਉਸਨੂੰ ਲੰਗਰ ਵਿੱਚ ਜਾਣ ਤੋਂ ਰੋਕ ਰਹੀ ਸੀ। ਦੂਜੇ ਪਾਸੇ ਉਹ ਰੋਜ਼ ਦੇ ਪੰਜ ਰੁਪਏ ਵੀ ਗੁਆਉਣਾ ਨਹੀਂ ਸੀ ਚਾਹੁੰਦਾ। ਉਧਰ ਗੁਰੂ ਜੀ ਨੇ ਇਨਾਮ ਦੀ ਰਕਮ ਵਧਾ ਕੇ ਇਕ ਮੋਹਰ ਕਰ ਦਿਤੀ। ਤਪੇ ਦਾ ਲਾਲਚੀ ਮਨ ਆਪੂੰ ਬਣਾਏ ਧਰਮ-ਅਸੂਲਾਂ ਨੂੰ ਛੱਡ ਕੇ ਇਨਾਮ ਹਾਸਿਲ ਕਰਨ ਦੀਆਂ ਤਰਕੀਬਾਂ ਸੋਚਣ ਲੱਗਾ। ਉਸਨੇ ਫੈਸਲਾ ਕੀਤਾ ਕਿ ਉਹ ਆਪਣੇ ਛੋਟੀ ਉਮਰ ਦੇ ਪੁੱਤਰ ਨੂੰ ਚੋਰੀ-ਚੋਰੀ ਲੰਗਰ ਅਸਥਾਨ ਭੇਜੇਗਾ। ਸੋ, ਇਕ ਦਿਨ ਬੱਚੇ ਨੂੰ ਕੰਧ ਟਪਾ ਕੇ ਲੰਗਰ ਅਸਥਾਨ ਵਿੱਚ ਭੇਜਿਆ

ਗਿਆ। ਪਰ ਬੱਚਾ ਕੰਧ ਟੱਪਦਾ ਡਿੱਗ ਪਿਆ ਤੇ ਲੱਤ ਤੁੜਾ ਬੈਠਾ। ਦਰਦ ਕਾਰਨ ਉਸਨੇ ਸਭ ਨੂੰ ਦੱਸ ਦਿਤਾ ਕਿ ਮੋਹਰ ਪ੍ਰਾਪਤ ਕਰਨ ਲਈ, ਉਸਦੇ ਪਿਤਾ ਨੇ ਲੰਗਰ ਦੀ ਪਿਛਲੀ ਕੰਧ ਤੋਂ ਉਸਨੂੰ ਅੰਦਰ ਭੇਜਣ ਦਾ ਯਤਨ ਕੀਤਾ ਸੀ। ਇੰਞ ਤਪੇ ਦਾ ਪਾਜ ਖੁੱਲ੍ਹ ਗਿਆ ਤੇ ਉਹ ਸਾਰੇ ਨਗਰ ਵਿਚ ਇਕ ਪਾਖੰਡੀ-ਸਾਧ ਦੇ ਤੌਰ ਤੇ ਮਸ਼ਹੂਰ ਹੋ ਗਿਆ। ਗੁਰੂ ਰਾਮਦਾਸ ਜੀ ਨੇ ਇਸ ਘਟਨਾ ਦਾ ਜ਼ਿਕਰ ਇੰਞ ਕੀਤਾ ਹੈ :

ਤਪਾ ਨ ਹੋਵੈ ਅੰਦ੍ਰਹੁ ਲੋਭੀ,
ਨਿਤ ਮਾਇਆ ਨੋ ਫਿਰੈ ਜਜਮਾਲਿਆ॥
ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ,
ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ॥
ਪੰਚ ਲੋਗ ਸਭਿ ਹਸਣ ਲਗੇ, ਤਪਾ ਲੋਭਿ ਲਹਰਿ ਹੈ ਗਾਲਿਆ॥
ਜਿਥੈ ਥੋੜਾ ਧਨੁ ਵੇਖੈ, ਤਿਥੈ ਤਪਾ ਭਿਟੈ ਨਾਹੀ,
ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥
ਭਾਈ, ਏਹੁ ਤਪਾ ਨ ਹੋਵੀ ਬਗੁਲਾ ਹੈ,
ਬਹਿ ਸਾਧ ਜਨਾ ਵੀਚਾਰਿਆ॥
ਸਤ ਪੁਰਖ ਕੀ ਤਪਾ ਨਿੰਦਾ ਕਰੈ, ਸੰਸਾਰੈ ਕੀ ਉਸਤਤੀ ਵਿਚਿ ਹੋਵੈ,
ਏਤੁ ਦੋਖੈ ਤਪਾ ਦਯਿ ਮਾਰਿਆ॥
ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ, ਸਭੁ ਗਇਆ ਤਪੇ ਕਾ ਘਾਲਿਆ॥
ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ॥
ਅੰਦਰਿ ਬਹੈ ਤਪਾ ਪਾਪ ਕਮਾਏ॥
ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ।
ਧਰਮਰਾਇ ਜਮਕੰਕਰਾ ਨੋ ਆਖਿ ਛਡਿਆ,
ਏਸੁ ਤਪੇ ਨੋ ਤਿਥੈ ਖੜਿ ਪਾਇਹੁ, ਜਿਥੈ ਮਹਾ ਮਹਾਂ ਹਤਿਆਰਿਆ॥
ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ,
ਏਹੁ ਸਤਿਗੁਰਿ ਹੈ ਫਿਟਕਾਰਿਆ॥
ਹਰਿ ਕੈ ਦਰਿ ਵਰਤਿਆ, ਸੁ ਨਾਨਕਿ ਆਖਿ ਸੁਣਾਇਆ॥
ਸੋ ਬੂਝੈ ਜੁ ਦਯਿ ਸਵਾਰਿਆ॥੧॥

*(ਸਲੋਕ, ਗਉੜੀ ਕੀ ਵਾਰ, ਮ: ੪, ਪੰਨਾ ੩੧੫-੧੬)*

### (3) ਗੋਇੰਦੇ ਦੇ ਪੁੱਤਰ ਦੀਆਂ ਕਰਤੂਤਾਂ ਤੇ ਉਸਦਾ ਹਸ਼ਰ

ਗੋਇੰਦਵਾਲ ਨਗਰ ਗੋਇੰਦੇ ਮਰਵਾਹੇ ਦੀ ਬੇਨਤੀ ਤੇ ਵਸਾਇਆ ਗਿਆ ਸੀ। ਗੁਰੂ ਕੇ ਨਿਵਾਸ ਅਸਥਾਨ ਲਈ ਜ਼ਮੀਨ ਉਸਨੇ ਭੇਟਾ ਕੀਤੀ ਸੀ। ਬਾਕੀ ਜ਼ਮੀਨ ਗੁਰੂ ਅੰਗਦ ਦੇਵ ਜੀ ਨੇ ਮੁੱਲ ਤਾਰਕੇ ਖਰੀਦੀ ਸੀ।

ਗੁਰੂ ਅਮਰਦਾਸ ਜੀ ਦੇ ਸਮੇਂ ਗੋਇੰਦਵਾਲ ਸਿੱਖੀ ਦੇ ਮਹਾਨ ਕੇਂਦਰ ਦੇ ਰੂਪ ਵਿਚ ਵਿਕਸਤ ਹੋਇਆ। ਇਸ ਨਾਲ ਜਾਤਿ-ਅਭਿਮਾਨੀ, ਸਿਮਰਤੀਆਂ-ਸ਼ਾਸਤਰਾਂ ਦੇ ਅਨੁਯਾਈਆਂ ਅਤੇ ਹਰੀ ਰਾਮ ਤਪੇ ਵਰਗੇ ਭੇਖੀ ਸਾਧਾਂ ਦੀ ਕੋਈ ਪੁੱਛ-ਪ੍ਰਤੀਤ ਨਾ ਰਹੀ। ਇਨ੍ਹਾਂ ਗੁਰਮਤਿ-ਦੋਖੀਆਂ ਨੇ ਰਲਕੇ ਗੋਇੰਦੇ ਦੇ ਪੁਤਰ ਨੂੰ ਪ੍ਰੇਰਿਆ ਕਿ ਰਾਜ ਦਰਬਾਰ ਵਿੱਚ ਸ਼ਿਕਾਇਤ ਕਰੇ ਕਿ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਦੀ ਜ਼ਮੀਨ ਤੇ ਧੱਕੇ ਨਾਲ ਕਬਜ਼ਾ ਕਰਕੇ ਨਗਰ ਉਸਾਰ ਦਿਤਾ ਹੈ। ਇਸ ਲਈ ਜ਼ਮੀਨ ਵਾਪਿਸ ਦੁਆਈ ਜਾਂ ਹਰਜ਼ਾਨਾ ਦਿਤਾ ਜਾਵੇ। ਚੁੱਕ ਵਿਚ ਆ ਕੇ ਗੋਇੰਦੇ ਦੇ ਪੁੱਤਰ ਨੇ ਲਾਹੌਰ ਦਰਬਾਰ ਵਿੱਚ ਜਾ ਸ਼ਿਕਾਇਤ ਕੀਤੀ। ਗਵਰਨਰ ਖਵਾਜ਼ਾ ਖਿਜ਼ਰ ਖਾਨ ਆਪ ਤਹਿਕੀਕਾਤ ਕਰਨ ਆਇਆ। ਅਸਲੀਅਤ ਦਾ ਪਤਾ ਲੱਗਣ ਤੇ ਉਸਨੇ ਮੁੱਕਦਮਾ ਖਾਰਜ ਕਰ ਦਿੱਤਾ। ਉਸ ਨਾਲ ਆਇਆ ਫੌਜਦਾਰ ਤਾਹਰ ਬੇਗ ਗੁਰੂ ਅਮਰਦਾਸ ਜੀ ਦੀ ਸ਼ਖਸੀਅਤ ਅਤੇ ਉਨ੍ਹਾਂ ਦੁਆਰਾ ਲੋਕ-ਭਲਾਈ ਲਈ ਕੀਤੇ ਜਾ ਰਹੇ ਕੰਮਾਂ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਸਿੱਖ ਹੀ ਸਜ ਗਿਆ।

ਗੋਇੰਦੇ ਦੇ ਪੁੱਤਰ ਨੇ ਫਿਰ ਅਕਬਰ ਪਾਸ ਜਾ ਫ਼ਰਿਆਦ ਕੀਤੀ। ਇਸ ਕੰਮ ਲਈ ਉਸਨੇ ਆਪਣੇ ਇਕ ਚਲਾਕ ਨੌਕਰ ਨੂੰ ਸਮਝਾ-ਬੁਝਾ ਕੇ ਅਤੇ ਨੀਲਾ, ਕਾਲਾ, ਮੈਲਾ ਤੇ ਗੰਦਾ ਚੋਲਾ ਪੁਆ ਕੇ ਅਤੇ ਨਿਮਾਣੇ ਫਰਿਆਦੀ ਦੇ ਰੂਪ ਵਿਚ ਅਕਬਰ ਦੀ ਕਚਹਿਰੀ ਵਿਚ ਪੇਸ਼ ਕੀਤਾ। ਉਸਦਾ ਨੌਕਰ ਰਾਹ ਵਿਚ ਗੁਰੂ ਜੀ ਅਤੇ ਸਿੱਖਾਂ ਦੇ ਵਿਰੁਧ ਬਹੁਤ ਊਲ-ਜਲੂਲ ਬੋਲਦਾ ਗਿਆ। ਅਕਬਰ ਨੇ ਜਾਂਚ-ਪੜਤਾਲ ਕਰਵਾਈ ਤਾਂ ਉਸਨੂੰ ਪਤਾ ਲੱਗਾ ਚੌਧਰੀ ਦਾ ਕੇਸ ਉੱਕਾ ਹੀ ਝੂਠਾ ਤੇ ਮਨਘੜਤ ਹੈ। ਇਸ ਲਈ ਉਸਨੇ ਗੋਇੰਦੇ ਦੇ ਪੁੱਤਰ ਤੇ ਉਸਦੇ ਨੌਕਰ ਦੋਹਾਂ ਨੂੰ ਫਿਟਕਾਰਾਂ ਪਾ ਤੇ ਫਾਵਾ ਕਰਕੇ ਕਚਹਿਰੀ ਵਿਚੋਂ ਕੱਢ ਦਿੱਤਾ। ਲੋਕਾਂ ਨੇ ਵੀ ਦੋਹਾਂ ਨੂੰ ਲਾਹਨਤਾਂ ਪਾਈਆਂ। ਜਲੀਲ ਹੋ ਕੇ ਗੋਇੰਦਵਾਲ ਪੁੱਜੇ ਤਾਂ ਨਗਰ ਨਿਵਾਸੀਆਂ ਨੇ ਦੋਹਾਂ ਨੂੰ ਮੂੰਹ ਲਾਉਣ ਤੋਂ ਹੀ ਇਨਕਾਰ ਕਰ ਦਿਤਾ। ਗੋਇੰਦੇ ਦੇ ਪੁੱਤਰ ਦੇ ਮਨ ਤੇ ਇਸ ਸਭ ਕਾਸੇ ਦਾ ਇੰਨਾ ਅਸਰ ਹੋਇਆ ਕਿ ਉਹ ਬੀਮਾਰ ਹੋ ਗਿਆ। ਸਕੇ-ਸਬੰਧੀਆਂ ਨੇ ਵੀ ਮੂੰਹ ਫੇਰ ਲਿਆ। ਵਹੁਟੀ ਤੇ ਭਤੀਜਿਆਂ ਨੇ

ਉਸ ਨੂੰ ਘਰ ਲਿਆ ਮੰਜੇ ਤੇ ਲੰਮਾ ਪਾ ਦਿਤਾ। ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਸਿਰਜਣਹਾਰ ਪ੍ਰੇਮਸ਼ਰ ਧੰਨ ਹੈ ਜਿਸਨੇ, ਜਾਣੋ ਆਪ ਬੈਠ ਕੇ, ਸੱਚਾ ਇਨਸਾਫ ਕਰਾਇਆ ਹੈ। ਜੋ ਮਨੁੱਖ ਪੂਰੇ ਸਤਿਗੁਰੂ ਨਿੰਦਿਆ ਕਰਦਾ ਹੈ, ਉਸਨੂੰ ਸੱਚਾ ਪ੍ਰਮੇਸ਼ਰ ਆਪ ਕੀਤੀ ਦਾ ਫ਼ਲ ਭੁਗਤਾ ਕੇ ਖੁਆਰ ਕਰਦਾ ਹੈ। ਇਨਸਾਫ਼ ਦੇ ਇਹ ਅੱਖਰ ਉਹੋ ਪ੍ਰਭੂ ਆਖਦਾ ਹੈ, ਜਿਸਨੇ ਆਪ ਸਾਰਾ ਜਗਤ ਪੈਦਾ ਕੀਤਾ ਹੈ।

ਉਪਰੋਕਤ ਘਟਨਾ ਦਾ ਜ਼ਿਕਰ ਗੁਰੂ ਰਾਮਦਾਸ ਜੀ ਨੇ ਗਉੜੀ ਕੀ ਵਾਰ ਵਿਚ ਉਚਾਰੇ ਹੇਠ ਲਿਖੇ ਸ਼ਬਦ (ਸਲੋਕ) ਵਿਚ ਕੀਤਾ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੩੦੬ ਅੰਕਿਤ ਹੈ:-

ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ,
ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥
ਪਾਸਿ ਨ ਦੇਈ ਕੋਈ ਬਹਣਿ, ਜਗਤ ਮਹਿ ਗੂਹ ਪੜਿ,
ਸਗਵੀ ਮਲੁ ਲਾਇ ਮਨਮੁਖੁ ਆਇਆ॥
ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ,
ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ॥
ਤੜ ਸੁਣਿਆ ਸਭਤੁ ਜਗਤ ਵਿਚਿ ਭਾਈ,
ਵੇਮੁਖੁ ਸਣੈ ਨਫਰੈ ਪਉਲੀ ਪਉਦੀ
ਫਾਵਾ ਹੋਇ ਕੈ ਉਠਿ ਘਰਿ ਆਇਆ॥
ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ,
ਤਾ ਵਹੁਟੀ ਭਤੀਜੀਂ ਫਿਰਿ ਆਣਿ ਘਰਿ ਪਾਇਆ॥
ਹਲਤੁ ਪਲਤੁ ਦੋਵੈ ਗਏ, ਨਿਤ ਭੁਖਾ ਕੂਕੇ ਤਿਹਾਇਆ॥
ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ,
ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ॥
ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ,
ਸੋ ਸਾਚੈ ਮਾਰਿ ਪਚਾਇਆ॥ ਏਹੁ ਅਖਰੁ ਤਿਨਿ ਆਖਿਆ,
ਜਿਨਿ ਜਗਤੁ ਸਭੁ ਉਪਾਇਆ॥੧॥

*(ਗਉੜੀ ਕੀ ਵਾਰ, ਮ: ੪, ਪੰਨਾ ੩੦੬)*

(ਪਦ ਅਰਥ :- ਖਿਧੋਲੜਾ- ਜੁੱਲਾ। ਗੂਹ-ਗੰਦ। ਤੜ- ਤੜੱਕ, ਤੁਰਤ। ਨਫ਼ਰ- ਨੌਕਰ। ਪਉਲੀ ਪਉਦੀ- ਜੁੱਤੀਆਂ ਪੈਂਦਿਆਂ। ਫਾਵਾ- ਬਉਰਾ, ਪਾਗਲ।

ਪਚਾਇਆ- ਖੁਆਰ ਕੀਤਾ। ਅਖਰੁ- ਬਚਨ, ਨਿਆਂ ਦਾ ਬਚਨ। ਤਿਨਿ- ਉਸ ਪ੍ਰਭੂ ਨੇ।)

### (4) ਸੱਚੇ ਸਤਿਗੁਰੂ ਦੀ ਸ਼ੋਭਾ ਤੇ ਗੁਰੂ-ਦੋਖੀਆਂ ਦਾ ਹਸ਼ਰ

ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰ-ਗੱਦੀ ਬਖਸ਼ ਕੇ 'ਗੁਰੂ ਅੰਗਦ' ਬਣਾ ਦਿੱਤਾ, ਤਾਂ ਉਨ੍ਹਾਂ ਦੇ ਆਪਣੇ ਪੁਤਰ ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਦਾਸ ਜੀ ਨੇ ਗੁਰੂ ਪਿਤਾ ਦਾ ਕੌਲ (ਬਚਨ) ਨਾ ਮੰਨਿਆ ਤੇ ਗੁਰੂ ਅੰਗਦ ਦੇਵ ਜੀ ਨੂੰ ਪਿੱਠ ਦੇ ਦਿਤੀ। (ਭਾਵ ਗੁਰੂ ਸਵੀਕਾਰ ਨਾ ਕੀਤਾ) ਉਹ ਤਾਂ ਸਗੋਂ ਗੁਰੂ ਅੰਗਦ ਦੇਵ ਜੀ ਨੂੰ ਆਪਣੇ ਘਰ ਦਾ ਟਹਿਲੂਆ ਆਖ ਕੇ ਆਪਣੇ ਮਨ ਦੀ ਭੜਾਸ ਕਢਦੇ ਰਹੇ। ਇਸੇ ਤਰ੍ਹਾਂ ਜਦੋਂ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਪ੍ਰਾਪਤ ਹੋਈ ਤਾਂ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਬਾਬਾ ਦਾਤੂ ਜੀ ਤੇ ਦਾਸੂ ਜੀ ਡਾਢੇ ਔਖੇ ਹੋਏ। ਜਾਤ ਅਭਿਮਾਨੀ ਤੇ ਸਿੱਖ ਲਹਿਰ ਦੇ ਹੋਰ ਵਿਰੋਧੀ, ਘਰ ਵਿਚੋਂ ਉਠੇ ਇਨ੍ਹਾਂ ਬਾਗੀਆਂ ਨੂੰ ਹੋਰ ਸ਼ਹਿ ਦਿੰਦੇ ਰਹੇ। ਦਾਸੂ ਜੀ ਨੇ ਤਾਂ ਖਡੂਰ ਸਾਹਿਬ ਵਿੱਚ ਵਖਰੀ ਗੱਦੀ ਹੀ ਲਾ ਲਈ ਸੀ। ਮਾਤਾ ਖੀਵੀ ਜੀ ਦੇ ਸਮਝਾਉਣ ਤੇ ਵੀ ਨਹੀਂ ਸਨ ਮੰਨੇ। ਪਰ ਪ੍ਰਭੂ ਕਿਰਪਾ ਤੋਂ ਸੱਖਣੇ ਤੇ ਕਪਟੀ ਸੰਗੀ-ਸਾਥੀਆਂ ਦੇ ਸਹਾਰੇ ਗੁਰੂ ਹੋਣ ਦਾ ਨਾਟਕ ਕੁਝ ਦਿਨ ਵੀ ਨਾ ਚਲਾ ਸਕੇ। ਈਰਖਾ ਦੀ ਅੱਗ ਵਿਚ ਸੜਨ ਕਾਰਨ ਦਿਮਾਗ ਫਿਰ ਗਿਆ ਤੇ ਅੰਤ ਤੀਜੇ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਭੁੱਲ ਬਖਸ਼ਵਾਈ। ਦਾਤੂ ਜੀ ਵੀ ਈਰਖਾ ਦੀ ਅੱਗ ਵਿਚ ਸੜਦੇ ਰਹੇ। ਗੁਰੂ ਬਣਨ ਵਿਚ ਉਹ ਹੀ ਨਾਕਾਮ ਰਹੇ।

ਗੁਰੂ ਰਾਮਦਾਸ ਜੀ ਨੇ ਇਨ੍ਹਾਂ ਦਾ ਹਸ਼ਰ ਅਤੇ ਰਾਜ-ਦਰਬਾਰ ਵਿਚ ਸ਼ਿਕਾਇਤਾਂ ਕਰਨ ਵਾਲੇ ਜਾਤ-ਅਭਿਮਾਨੀਆਂ ਤੇ ਗੋਇੰਦੇ ਦੇ ਪੁੱਤਰਾਂ ਦਾ ਹਸ਼ਰ ਆਪਣੇ ਅੱਖੀਂ ਡਿੱਠਾ ਸੀ। ਗੁਰਮਤਿ-ਵਿਰੋਧੀਆਂ ਦੇ ਸਿਰਤੋੜ ਯਤਨਾਂ ਦੇ ਬਾਵਜੂਦ ਗੁਰੂ ਸਾਹਿਬ ਦੀ ਸ਼ੋਭਾ ਨਿਤ ਵਧਦੀ ਰਹੀ ਤੇ ਸਿਖ-ਲਹਿਰ ਹੋਰ ਜ਼ੋਰ ਫੜਦੀ ਰਹੀ। ਉਨ੍ਹਾਂ ਦੇ ਮਨ ਉਤੇ ਇਸ ਗੱਲ ਦਾ ਖ਼ਾਸਾ ਅਸਰ ਹੋਇਆ ਤੇ ਉਨ੍ਹਾਂ ਬਾਣੀ ਵਿੱਚ ਥਾਂ-ਥਾਂ ਗੁਰੂ-ਨਿੰਦਕਾਂ ਦੇ ਭੈੜੇ ਅੰਤ ਅਤੇ ਗੁਰੂ-ਜੱਸ ਦੇ ਫੈਲਣ ਦਾ ਜ਼ਿਕਰ ਤੇ ਗੁਰੂ ਦੀ ਵਡਿਆਈ ਕੀਤੀ ਹੈ। ਕੁਝ ਉਦਾਹਰਣਾ ਹਾਜ਼ਰ ਹਨ :

**ਹੋਦੈ ਪਰਤਖਿ ਗੁਰੂ, ਜੋ ਵਿਛੁੜੇ, ਤਿਨ ਕਉ ਦਰਿ ਢੋਈ ਨਾਹੀ॥**
**ਕੋਈ ਜਾਇ ਮਿਲੈ ਤਿਨ ਨਿੰਦਕਾ,**
**ਮੁਹ ਫਿਕੇ ਥੁਕ ਥੁਕ ਮੁਹਿ ਪਾਹੀ॥**
**ਜੋ ਸਤਿਗੁਰਿ ਫਿਟਕੇ, ਸੇ ਸਭ ਜਗਤਿ ਫਿਟਕੇ,**

ਨਿਤ ਭੰਭਲਭੂਸੇ ਖਾਹੀ॥
ਜਿਨ ਗੁਰੁ ਗੋਪਿਆ ਆਪਣਾ, ਸੇ ਲੈਦੇ ਢਹਾ ਫਿਰਾਹੀ॥
ਤਿਨ ਕੀ ਭੁਖ ਕਦੇ ਨ ਉਤਰੈ, ਨਿਤ ਭੁਖਾ ਭੁਖ ਕੂਕਾਹੀ॥
ਓਨਾ ਦਾ ਆਖਿਆ ਕੋ ਨ ਸੁਣੈ, ਨਿਤ ਹਉਲੇ ਹਉਲਿ ਮਰਾਹੀ॥
ਸਤਿਗੁਰ ਕੀ ਵਡਿਆਈ, ਵੇਖਿ ਨ ਸਕਨੀ,
ਓਨ੍ਾ ਅਗੈ ਪਿਛੈ ਥਾਉ ਨਾਹੀ॥
ਜੋ ਸਤਿਗੁਰਿ ਮਾਰੇ, ਤਿਨ ਜਾਇ ਮਿਲਹਿ,
ਰਹਦੀ ਖੁਹਦੀ ਸਭ ਪਤਿ ਗਵਾਹੀ॥
ਓਇ ਅਗੈ ਕੁਸਟੀ ਗੁਰ ਕੇ ਫਿਟਕੇ,
ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ॥
ਹਰਿ ਤਿਨ ਕਾ ਦਰਸਨੁ ਨਾ ਕਰਹੁ, ਜੋ ਦੂਜੈ ਭਾਇ ਚਿਤੁ ਲਾਹੀ॥
ਧੁਰਿ ਕਰਤੈ ਆਪਿ ਲਿਖਿ ਪਾਇਆ,
ਤਿਸੁ ਨਾਲਿ ਕਿਹੁ ਚਾਰਾ ਨਾਹੀ॥
ਜਨ ਨਾਨਕ ਨਾਮੁ ਅਰਾਧਿ ਤੂ, ਤਿਸੁ ਅਪੜਿ ਕੋ ਨ ਸਕਾਹੀ॥
ਨਾਵੈ ਕੀ ਵਡਿਆਈ ਵਡੀ ਹੈ, ਨਿਤ ਸਵਾਈ ਚੜੈ ਚੜਾਹੀ॥੨॥

*(ਗਉੜੀ ਕੀ ਵਾਰ, ਮ: ੪, ਪੰਨਾ ੩੦੮-੦੯)*

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸਤਿਗੁਰੂ ਦੇ ਪਰਤੱਖ ਹੁੰਦਿਆਂ ਭੀ ਨਿੰਦਕ ਗੁਰੂ ਤੋਂ ਵਿਛੜੇ ਰਹਿਦੇ ਹਨ, ਉਨ੍ਹਾਂ ਨੂੰ ਦਰਗਾਹ ਵਿਚ ਢੋਈ ਨਹੀ ਮਿਲਦੀ। ਜੋ ਕੋਈ ਉਨ੍ਹਾ ਦਾ ਸੰਗ ਵੀ ਕਰਦਾ ਹੈ, ਉਸਦਾ ਵੀ ਮੂੰਹ ਭ੍ਰਿਸ਼ਟਦਾ ਹੈ ਤੇ ਮੂੰਹ ਤੇ ਨਿਰੀ ਥੁੱਕ ਹੀ ਪੈਂਦੀ ਹੈ (ਲਾਹਨਤਾਂ ਪੈਂਦੀਆਂ ਹਨ) ਜੋ ਮਨੁੱਖ ਗੁਰੂ ਤੋਂ ਵਿਛੋੜੇ ਹੋਏ ਹਨ, ਉਹ ਸੰਸਾਰ ਵਿਚ ਵੀ ਫਿਟਕਾਰੇ ਹੋਏ ਹਨ ਤੇ ਸਦਾ ਡਕੇ-ਡੋਲੇ ਖਾਂਦੇ ਰਹਿੰਦੇ ਹਨ। ਜਿਹੜੇ ਆਪਣੇ ਗੁਰੂ ਦੀ ਨਿੰਦਾ ਕਰਦੇ ਹਨ, ਉਹ (ਮਾਨੋ) ਸਦਾ ਢਾਹਾਂ ਮਾਰਦੇ ਫਿਰਦੇ ਹਨ। ਉਨ੍ਹਾਂ ਦੀ ਤ੍ਰਿਸ਼ਨਾ ਕਦੇ ਨਹੀਂ ਉਤਰਦੀ, ਤੇ ਸਦਾ ਭੁੱਖ ਭੁੱਖ ਕੂਕਦੇ ਹਨ। ਕੋਈ ਉਨ੍ਹਾਂ ਦੀ ਗੱਲ ਦਾ ਇਤਬਾਰ ਨਹੀਂ ਕਰਦਾ, ਇਸ ਲਈ ਉਹ ਸਦਾ ਚਿੰਤਾ ਫ਼ਿਕਰ ਵਿਚ ਹੀ ਖਪਦੇ ਹਨ।

ਜਿਹੜੇ ਮਨੁੱਖ ਸਤਿਗੁਰ ਦੀ ਮਹਿਮਾ ਜਰ ਨਹੀਂ ਸਕਦੇ, ਉਨ੍ਹਾਂ ਨੂੰ ਲੋਕ-ਪਰਲੋਕ ਵਿਚ ਟਿਕਾਣਾ ਨਹੀਂ ਮਿਲਦਾ। ਗੁਰੂ ਤੋਂ ਵਿਛੜੇ ਹੋਇਆਂ ਨੂੰ, ਜਿਹੜੇ ਮਨੁੱਖ ਜਾ ਮਿਲਦੇ ਹਨ, ਉਹ ਵੀ ਆਪਣੀ ਜਿਹੜੀ ਮਾੜੀ ਮੋਟੀ ਇਜ਼ਤ ਹੁੰਦੀ

ਹੈ, ਉਹ ਗਵਾ ਲੈਂਦੇ ਹਨ। ਗੁਰੂ ਤੋਂ ਖੁੰਝੇ ਹੋਏ ਤਾਂ ਅੱਗੇ ਹੀ ਕੋਹੜੇ ਹਨ, ਜਿਹੜਾ ਮਨੁੱਖ ਉਹਨਾਂ ਦੀ ਸੰਗਤ ਕਰਦਾ ਹੈ ਉਸ ਨੂੰ ਵੀ ਕੋਹੜ ਲੱਗ ਜਾਂਦਾ ਹੈ। ਇਸ ਲਈ ਰੱਬ ਕਰਕੇ ਉਨ੍ਹਾਂ ਦਾ ਦਰਸ਼ਨ ਭੀ ਨਾ ਕਰੋ, ਜੋ ਮਾਇਆ ਦੇ ਪਿਆਰ ਵਿੱਚ ਚਿਤ ਜੋੜਦੇ ਹਨ। ਉਹਨਾਂ ਨੂੰ ਸੁਧਾਰਨ ਲਈ ਕੋਈ ਉਪਾਅ ਕਾਰਗਰ ਨਹੀਂ ਹੁੰਦਾ ਕਿਉਂਕਿ ਕਰਤਾਰ ਨੇ ਮੁੱਢ ਤੋਂ ਹੀ (ਉਨ੍ਹਾਂ ਦੇ ਕੀਤੇ ਕਰਮਾਂ ਅਨੁਸਾਰ) ਇਹੋ ਜਿਹੇ ਦੂਜੇ ਭਾਵ ਦੇ ਸੰਸਕਾਰ ਹੀ ਉਹਨਾਂ ਦੇ ਮਨ ਵਿੱਚ ਲਿਖ ਕੇ ਪਾ ਦਿੱਤੇ ਹਨ ।

ਹੇ ਨਾਨਕ, ਤੂੰ ਨਾਮ ਜਪ ! ਨਾਮ ਜਪਣ ਵਾਲੇ ਦੀ ਬਰਾਬਰੀ ਕੋਈ ਵੀ ਨਹੀਂ ਕਰ ਸਕਦਾ। ਨਾਮ ਦੀ ਮਹਿਮਾ ਬਹੁਤ ਵੱਡੀ ਹੈ ਤੇ ਦਿਨੋ ਦਿਨ ਵਧਦੀ ਜਾਂਦੀ ਹੈ ।

ਜਿ ਹੋਂਦੈ ਗੁਰੂ ਬਹਿ ਟਿਕਿਆ,
ਤਿਸੁ ਜਨ ਕੀ ਵਡਿਆਈ ਵਡੀ ਹੋਈ॥
ਤਿਸੁ ਕਉ ਜਗਤੁ ਨਿਵਿਆ, ਸਭੁ ਪੈਰੀ ਪਇਆ,
ਜਸੁ ਵਰਤਿਆ ਲੋਈ ॥
ਤਿਸੁ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ,
ਜਿਸ ਕੈ ਮਸਤਕਿ ਹਥੁ ਧਰਿਆ ਗੁਰਿ ਪੂਰੈ, ਸੋ ਪੂਰਾ ਹੋਈ॥
ਗੁਰ ਕੀ ਵਡਿਆਈ ਨਿਤ ਚੜੈ ਸਵਾਈ, ਅਪੜਿ ਕੋ ਨ ਸਕੋਈ॥
ਜਨੁ ਨਾਨਕੁ ਹਰਿ ਕਰਤੈ ਆਪਿ ਬਹਿ ਟਿਕਿਆ,
ਆਪੇ ਪੈਜ ਰਖੈ ਪ੍ਰਭੁ ਸੋਈ॥੩॥

*(ਗਉੜੀ ਕੀ ਵਾਰ, ਮ: ੪, ਪੰਨਾ ੩੦੯)*

ਜਿਸ ਮਨੁੱਖ ਨੂੰ ਸਤਿਗੁਰੂ ਨੇ ਆਪ ਹੁੰਦਿਆਂ ਹੀ (ਆਪਣੀ ਜ਼ਿੰਦਗੀ ਵਿਚ) ਗੁਰੂ ਥਾਪਿਆ ਹੋਵੇ, ਉਸ ਦੀ ਬਹੁਤ ਸ਼ੋਭਾ ਹੁੰਦੀ ਹੈ। ਉਸਦੇ ਅੱਗੇ ਸਾਰਾ ਸੰਸਾਰ ਨਿਉਂਦਾ ਹੈ ਤੇ ਉਸਦੀ ਚਰਨੀਂ ਲਗਦਾ ਹੈ; ਉਸਦੀ ਸ਼ੋਭਾ ਸਾਰੇ ਸੰਸਾਰ ਵਿੱਚ ਖਿਲਰ ਜਾਂਦੀ ਹੈ। ਜਿਸ ਦੇ ਮੱਥੇ ਉਤੇ ਸਤਿਗੁਰੂ ਨੇ ਆਪ ਹੱਥ ਰੱਖਿਆ ਹੋਵੇ (ਭਾਵ, ਜਿਸਦੀ ਸਹਾਇਤਾ ਸਤਿਗੁਰੂ ਨੇ ਕੀਤੀ), ਉਹ ਸਭ ਗੁਣਾਂ ਵਿਚ ਪੂਰਨ ਹੋ ਗਿਆ ਤੇ ਸਭ ਖੰਡਾਂ-ਬ੍ਰਹਮੰਡਾਂ ਦੇ ਜੀਵ-ਜੰਤ ਉਸਨੂੰ ਨਮਸਕਾਰ ਕਰਦੇ ਹਨ। ਸਤਿਗੁਰੂ ਦੀ ਵਡਿਆਈ ਦਿਨੋ ਦਿਨ ਵਧਦੀ ਹੈ। ਕੋਈ ਮਨੁੱਖ ਉਸਦੀ ਬਰਾਬਰੀ ਨਹੀਂ ਕਰ ਸਕਦਾ। ਆਪਣੇ ਸੇਵਕ ਨਾਨਕ ਨੂੰ ਸਿਰਜਣਹਾਰ ਪ੍ਰਭੂ ਨੇ ਆਪ ਮਾਣ ਬਖਸ਼ਿਆ ਹੈ ਤੇ ਇਸੇ ਕਰਕੇ ਪ੍ਰਭੂ ਆਪ ਹੀ ਲਾਜ ਰੱਖਦਾ ਹੈ।

ਗੁਰੂ ਰਾਮਦਾਸ ਜੀ ਆਪਣੇ ਵਿਚਾਰਾਂ ਦਾ ਸਾਰ ਇੰਝ ਲਿਖਦੇ ਹਨ;

ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ॥
ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ, ਸੋ ਸਾਹਿਬ ਮਨਿ ਭਾਣੀ॥
ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ॥

*(ਗਉੜੀ ਕੀ ਵਾਰ, ਪੰਨਾ ੩੦੨)*

### (5) ਬਾਬਾ ਪ੍ਰਿਥੀ ਚੰਦ ਨੂੰ ਉਪਦੇਸ਼

ਗੁਰੂ ਰਾਮਦਾਸ ਜੀ ਦਾ ਵੱਡਾ ਸਪੁੱਤਰ, ਬਾਬਾ ਪ੍ਰਿਥੀ ਚੰਦ, ਸੰਸਾਰਕ ਵਸਤਾਂ-ਧਨ, ਪਦਾਰਥ ਤੇ ਜਾਇਦਾਦ ਆਦਿ-ਅਤੇ ਮਾਣ-ਵਡਿਆਈ ਦਾ ਬਹੁਤ ਭੁੱਖਾ ਸੀ। ਉਹ ਸਮਝਦਾ ਸੀ ਕਿ ਗੁਰਗੱਦੀ ਪ੍ਰਾਪਤ ਕਰਨ ਮਗਰੋਂ ਉਹ ਵੀ ਸਭ ਕੁਝ ਪ੍ਰਾਪਤ ਕਰ ਸਕਦਾ ਹੈ। ਪਰ ਜਦੋਂ ਗੁਰੂ ਰਾਮਦਾਸ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਅਰਜੁਨ ਦੇਵ ਜੀ ਨੂੰ ਬਖਸ਼ ਦਿੱਤੀ, ਤਾਂ ਬਾਬਾ ਪ੍ਰਿਥੀ ਚੰਦ ਨੂੰ ਬਹੁਤ ਵੱਡਾ ਧੱਕਾ ਲੱਗਾ। ਗੁੱਸੇ ਵਿੱਚ ਪਾਗਲ ਹੋਇਆ ਉਹ ਗੁਰ-ਪਿਤਾ ਨਾਲ ਹੀ ਲੜ ਪਿਆ। ਗੁਰੂ ਰਾਮਦਾਸ ਜੀ ਨੇ ਉਸਨੂੰ ਸਮਝਾਇਆ ਕਿ ਧਨ ਦੀ ਖਾਤਰ ਪਿਤਾ ਨਾਲ ਲੜਨਾ ਠੀਕ ਨਹੀਂ, ਜਿਸ ਧਨ ਦਾ ਤੂੰ ਹੰਕਾਰ ਕਰਦਾ ਹੈ ਉਹ ਹਮੇਸ਼ਾ ਸਾਥ ਨਹੀਂ ਦਿੰਦਾ ਤੇ ਧਨ ਦੇ ਮੋਹ ਕਾਰਨ ਅੰਤ ਵਿਚ ਪਛਤਾਉਣਾ ਪੈਂਦਾ ਹੈ। ਇਸ ਲਈ ਪ੍ਰਭੂ ਦਾ ਨਾਮ ਜਪਣਾ ਚਾਹੀਦਾ ਹੈ ਤੇ ਗੁਰੂ ਦੇ ਉਪਦੇਸ਼ ਨੂੰ ਮੰਨਣਾ ਚਾਹੀਦਾ ਹੈ। ਇਸ ਨਾਲ ਮਾਨਸਕ ਦੁੱਖ-ਕਲੇਸ਼ ਦੂਰ ਹੋ ਜਾਂਦੇ ਹਨ।

ਉਪਰੋਕਤ ਉਪਦੇਸ਼ ਨੂੰ ਗੁਰੂ ਰਾਮਦਾਸ ਜੀ ਨੇ ਸਾਰੰਗ ਰਾਗ ਦੇ ਹੇਠ ਲਿਖੇ ਸ਼ਬਦ ਵਿਚ ਬਿਆਨ ਕੀਤਾ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੨੦੦ ਉਤੇ ਦਰਜ ਹੈ :

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ,
ਤਿਨ ਸਿਉ ਝਗਰਤ ਪਾਪ॥੧॥ ਰਹਾਉ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ, ਸੋ ਧਨੁ ਕਿਸਹਿ ਨ ਆਪ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ, ਤਉ ਲਾਗੈ ਪਛੁਤਾਪ॥੧॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ, ਤਿਨ ਕੇ ਜਾਪਹੁ ਜਾਪ॥
ਉਪਦੇਸੁ ਕਰਤ ਨਾਨਕ ਜਨ ਤੁਮ ਕਉ
ਜਉ ਸੁਨਹੁ ਤਉ ਜਾਇ ਸੰਤਾਪ॥੨॥੧॥੭॥

*(ਸਾਰਗ, ਮ: ੪, ਪੰਨਾ ੧੨੦੦)*

(ਪਦ ਅਰਥ :- ਬਡੀਰੇ- ਵੱਡੇ ਕੀਤੇ ਹੋਏ, ਪਾਲੇ ਹੋਏ)

# ਧੰਨੁ ਧੰਨੁ ਰਾਮਦਾਸ ਗੁਰੁ

## (ਸਮੁੱਚੇ ਜੀਵਨ ਤੇ ਇੱਕ ਝਾਤ)

ਸ੍ਰੀ ਗੁਰ ਰਾਮਦਾਸ ਜੀ ਦਾ ਜੀਵਨ ਗੁਰੂ, ਗੁਰਮਤਿ-ਵਿਚਾਰਧਾਰਾ ਅਤੇ ਸਿੱਖ-ਜੀਵਨ ਜਾਚ ਦੀ ਜਿਉਂਦੀ ਜਾਗਦੀ ਕਰਾਮਾਤ ਹੈ। ਇੱਕ ਅਨਾਥ ਬਾਲਕ ਦਾ ਕਰੋੜਾਂ ਸਿੱਖ-ਸ਼ਰਧਾਲੂਆਂ ਨੂੰ ਅਗਵਾਈ ਦੇਣ ਦੇ ਯੋਗ ਬਣਨਾ ਇਸ ਕਰਾਮਾਤ ਦਾ ਪੂਰਾ ਹੋਣਾ ਹੈ।

ਆਪ ਸੱਤ ਸਾਲਾਂ ਦੀ ਉਮਰ ਵਿਚ (ਗੁਰੂ) ਅਮਰਦਾਸ ਜੀ ਦੇ ਸੰਪਰਕ ਵਿੱਚ ਆਏ। ਉਹ ਵੀ ਕੁਝ ਚਿਰ ਪਹਿਲਾਂ ਹੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਏ ਸਨ। ਕੁਝ ਦਿਨਾਂ ਵਿੱਚ ਹੀ ਉਹ ਗੁਰਮਤਿ ਦੀ ਰੰਗਣ ਵਿੱਚ ਪੂਰੀ ਤਰ੍ਹਾਂ ਰੰਗੇ ਗਏ ਸਨ। ਉਨ੍ਹਾਂ ਦੇ ਗੁਰਮੁਖੀ-ਜੀਵਨ ਦਾ ਬਾਲਕ ਜੇਠਾ ਜੀ ਦੇ ਮਨ ਤੇ ਬਹੁਤ ਡੂੰਘਾ ਪ੍ਰਭਾਵ ਪਿਆ। (ਗੁਰੂ) ਅਮਰਦਾਸ ਜੀ ਦੇ ਪਿਆਰ ਤੇ ਹਮਦਰਦੀ ਨੇ ਵੀ ਉਨ੍ਹਾਂ ਨੂੰ ਗੁਰਮਤਿ ਮਾਰਗ ਨਾਲ ਜੋੜਨ ਵਿਚ ਬਹੁਤ ਸਹਾਇਤਾ ਕੀਤੀ। ਬਾਰਾਂ ਕੁ ਵਰ੍ਹਿਆਂ ਦੀ ਉਮਰ ਵਿੱਚ ਗੁਰੂ ਅੰਗਦ ਦੇਵ ਜੀ ਦੀ ਸੰਗਤ ਪ੍ਰਾਪਤ ਹੋ ਗਈ, ਜਿਸਨੇ ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ। ਗੁਰਮਤਿ ਮਾਰਗ ਦੇ ਪੱਕੇ ਪਾਂਧੀ ਬਣ ਗਏ; ਸੇਵਾ ਤੇ ਘਾਲ ਕਮਾਈ ਜੀਵਨ ਦਾ ਉਦੇਸ਼ ਬਣ ਗਿਆ। ਹਰ ਪਲ ਜੀਵਨ ਨੂੰ ਗੁਰੂ-ਉਪਦੇਸ਼ਾਂ ਅਨੁਸਾਰ ਢਾਲਣ ਦਾ ਯਤਨ ਕਰਦੇ। ੪੦ ਵਰ੍ਹਿਆਂ ਦੀ ਉਮਰ ਤੱਕ ਸੇਵਾ ਤੇ ਘਾਲ-ਕਮਾਈ ਵਾਲੇ ਰਾਹ ਤੇ ਚਲਦੇ ਰਹੇ ਤੇ ਅੰਤ ਨੂੰ ਸਿੱਖ ਜਗਤ ਦੇ ਗੁਰੂ ਬਣੇ। ਆਪਣੇ ਸੱਤ ਸਾਲਾਂ ਦੇ ਗੁਰੂ ਕਾਲ ਵਿੱਚ ਆਪ ਨੇ ਸਿੱਖ ਭਾਈਚਾਰੇ ਨੂੰ ਕੌਮ ਦੇ ਰੂਪ ਵਿੱਚ ਸੰਗਠਿਤ ਕਰਨ ਅਤੇ ਆਰਥਕ ਪਖੋਂ ਮਜਬੂਤ ਕਰਨ ਲਈ ਵਿਸ਼ੇਸ਼ ਯਤਨ ਕੀਤੇ। ਆਪ ਜੀ ਦੇ ਸੰਘਰਸ਼ਮਈ ਜੀਵਨ ਉਤੇ ਝਾਤ ਮਾਰਨ ਤੇ ਆਪ ਦੀ ਸ਼ਖਸੀਅਤ ਦੇ ਹੇਠ ਲਿਖੇ ਪੱਖ ਉਘੜ ਕੇ ਸਾਹਮਣੇ ਆਉਂਦੇ ਹਨ :

### (ੳ) ਸੁਭਾਅ

ਆਪ ਬਚਪਨ ਤੋਂ ਹੀ ਮਿਠਬੋਲੜੇ ਸਨ। ਨਿਮ੍ਰਤਾ, ਦਇਆ, ਪ੍ਰੇਮ, ਉਦਾਰਤਾ ਆਦਿ ਆਪ ਜੀ ਦੇ ਸੁਭਾਅ ਦੇ ਵਿਸ਼ੇਸ਼ ਗੁਣ ਸਨ। ਹੁਕਮ ਮੰਨਣ ਦੀ ਪ੍ਰੀਖਿਆ ਸਮੇਂ ਜਦ ਗੁਰੂ ਅਮਰਦਾਸ ਜੀ ਨੇ ਜਾਣ ਬੁਝ ਕੇ ਮੁੜ ਮੁੜ ਥੜ੍ਹੇ ਬਣਾਉਣ ਲਈ ਕਿਹਾ ਤਾਂ ਮਨ ਵਿੱਚ ਭੋਰਾ ਵੀ ਗੁੱਸਾ ਨਾ ਕੀਤਾ, ਸਗੋਂ ਬੜੀ ਨਿਮਰਤਾ ਸਾਹਿਤ ਆਪ ਨੇ ਗੁਰੂ ਅਮਰਦਾਸ ਜੀ ਦੇ ਚਰਨ ਫੜ ਲਏ ਤੇ ਆਖਣ

ਲੱਗੇ,'ਮੈਂ ਤਾਂ ਅਜਾਣ ਤੇ ਭੁਲਣਹਾਰ ਹਾਂ; ਤੁਸੀਂ ਕ੍ਰਿਪਾਲੂ ਹੋ। ਬਾਰ ਬਾਰ ਭੁੱਲਾਂ ਬਖਸ਼ਦੇ ਹੋ। ਇਹ ਮੇਰੀ ਬਦਕਿਸਮਤੀ ਹੈ ਕਿ ਮੈਂ ਆਪ ਜੀ ਦਾ ਕਿਹਾ ਜਾਣ ਨਹੀਂ ਸਕਦਾ।'

ਜਦੋਂ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਮਿਲਣ ਆਏ ਤਾਂ ਵੀ ਆਪ ਜੀ ਨੇ ਪਰਲੇ ਦਰਜੇ ਦੀ ਨਿਮਰਤਾ ਵਿਖਾਈ, ਭਾਵੇਂ ਕਿ ਆਪ ਉਸ ਸਮੇਂ ਗੁਰਗੱਦੀ ਤੇ ਸੁਸ਼ੋਭਿਤ ਸਨ ਅਤੇ ਲੱਖਾਂ ਸਿੱਖਾਂ ਦੇ ਦਿਲਾਂ ਤੇ ਰਾਜ ਕਰਦੇ ਸਨ। ਜਦੋਂ ਬਾਬਾ ਜੀ ਨੇ ਕਿਹਾ ਕਿ ਇਨਾ ਵੱਡਾ ਦਾਹੜਾ ਕਿਉਂ ਵਧਾਇਆ ਹੋਇਆ ਹੈ, ਤਾਂ ਆਪ ਜੀ ਨੇ ਬੜੀ ਨਿਮਰਤਾ ਸਾਹਿਤ ਉੱਤਰ ਦਿੱਤਾ : ਆਪ ਜੈਸੇ ਮਹਾਂਪੁਰਖਾਂ ਦੇ ਚਰਨ ਝਾੜਨ ਲਈ। ਇਨ੍ਹਾਂ ਬਚਨਾਂ ਨੇ ਬਾਬਾ ਜੀ ਦੇ ਮਨ ਤੇ ਜਾਦੂਮਈ ਅਸਰ ਕੀਤਾ। ਉਹ ਆਖਣ ਲੱਗੇ, 'ਤੁਹਾਡੀ ਮਹਿਮਾਂ ਤਾਂ ਪਹਿਲਾਂ ਹੀ ਬਹੁਤ ਸੁਣੀ ਸੀ ਹੁਣ ਪ੍ਰਤੱਖ ਵੇਖ ਲਈ ਹੈ। ਗੁਰਗੱਦੀ ਤੁਸਾਂ ਨਿਮਰਤਾ ਤੇ ਪ੍ਰੇਮ ਦੀ ਮੂਰਤ ਹੋਣ ਕਾਰਨ ਪਾਈ ਹੈ।'

ਆਪ ਜੀ ਬਾਰੇ ਇਸ ਤਰ੍ਹਾਂ ਦੀਆਂ ਸਾਖੀਆਂ ਦੀ ਜਾਣਕਾਰੀ ਪ੍ਰਾਪਤ ਕਰਕੇ ਹੀ ਗ੍ਰੀਨਲੀਜ਼ ਨੇ ਆਖਿਆ ਸੀ ਕਿ ਉਹ ਪਿਆਰ ਦੇ ਪੈਗੰਬਰ ਸਨ। ਹਰ ਥਾਂ ਉਨ੍ਹਾਂ ਮਿੱਠੀ ਤੇ ਸੁੰਦਰ ਸੁਰ ਵਿੱਚ ਇਹ ਹੀ ਹੋਕਾ ਦਿਤਾ ਕਿ ਸਭ ਦਾ ਇਕੋ ਇੱਕ ਅਸਲ ਮਿੱਤਰ ਸਖਾਈ ਨਿਰੋਲ ਪ੍ਰਭੂ ਹੀ ਹੈ।

### (ਅ) ਦ੍ਰਿੜਤਾ

ਜਿਥੇ ਆਪ ਜੀ ਦੇ ਮਨ ਵਿਚ ਨਿਮਰਤਾ, ਹਲੀਮੀ ਤੇ ਪਿਆਰ ਦੇ ਭਾਵ ਭਰੇ ਪਏ ਸਨ, ਉਥੇ ਸੱਚ ਕਹਿਣ ਦੀ ਦਲੇਰੀ ਅਤੇ ਦ੍ਰਿੜਤਾ ਵੀ ਸੀ। ਗੁਰਮਤਿ ਸਿਧਾਤਾਂ ਦਾ ਬੜੀ ਬੇਬਾਕੀ ਨਾਲ ਪ੍ਰਚਾਰ ਕਰਦੇ ਸਨ। ਆਪ ਜੀ ਨੇ ਆਪਣੀ ਬਾਣੀ ਵਿਚ ਦੁਸ਼ਟਾਂ, ਗੁਰ-ਨਿੰਦਕਾਂ, ਦੋਖੀਆਂ, ਸਾਜ਼ਸ਼ੀਆਂ, ਸੁਆਗੀਰਾਂ, ਖੁਦਗਰਜ਼ਾਂ, ਢੀਠਾਂ, ਪਾਜੀਆਂ, ਪਾਖੰਡੀਆਂ, ਭਰਮੀਆਂ, ਮਨਮੱਤੀਆਂ ਨੂੰ ਖੂਬ ਸੁਣਾਈਆਂ ਹਨ ਅਤੇ ਕਿਸੇ ਦੀ ਰਤਾ ਭਰ ਵੀ ਪ੍ਰਵਾਹ ਨਹੀਂ ਕੀਤੀ।

ਆਪ ਆਪਣੇ ਸਪੁੱਤਰ ਪ੍ਰਿਥੀ ਚੰਦ ਦੀਆਂ ਸਾਜ਼ਸ਼ੀ ਰੁਚੀਆਂ ਤੋਂ ਭਲੀ-ਭਾਂਤ ਜਾਣੂ ਸਨ। ਜੇ ਉਸਨੇ ਮਾਇਆ ਦੇ ਹੰਕਾਰ ਵਿਚ ਕੁਝ ਗਲਤ ਬਚਨ ਬੋਲੇ ਤਾਂ ਉਸਨੂੰ ਖਰੀਆਂ ਖਰੀਆਂ ਸੁਣਾਈਆਂ ਕਿ ਜਿਸ ਧਨ ਦਾ ਤੂੰ ਹੰਕਾਰ ਕਰਦਾ ਹੈ; ਉਹ ਕਦੇ ਕਿਸੇ ਦਾ ਨਹੀਂ ਹੋਇਆ। ਇਸ ਲਈ ਧਨ ਦੀ ਖ਼ਾਤਰ ਪਿਤਾ ਨਾਲ ਲੜਨਾ ਠੀਕ ਨਹੀਂ। ਧਨ ਦੇ ਮੋਹ ਵਿੱਚ ਅੰਤ ਨੂੰ ਪਛਤਾਵਾ ਹੀ ਪੱਲੇ ਪੈਂਦਾ ਹੈ।

ਪ੍ਰਭੂ ਦਾ ਨਾਮ ਜਪਿਆ ਕਰੋ, ਜੋ ਮਾਨਸਕ ਦੁਖਾਂ-ਕਲੇਸ਼ਾਂ ਨੂੰ ਦੂਰ ਕਰਦਾ ਹੈ।

ਗੁਰਗੱਦੀ ਦੇ ਮਾਲਕ ਬਣਨ ਤੋਂ ਪਹਿਲਾਂ ਆਪ ਨੂੰ ਗੁਰੂ ਅਮਰਦਾਸ ਜੀ ਨੇ ਗੁਰਮਤਿ ਦਾ ਪੱਖ ਪੇਸ਼ ਕਰਨ ਲਈ ਲਾਹੌਰ ਵਿਖੇ ਅਕਬਰ ਦੇ ਦਰਬਾਰ ਵਿੱਚ ਭੇਜਿਆ ਸੀ, ਕਿਉਂਕਿ ਜਾਤਿ-ਅਭਿਮਾਨੀਆਂ, ਕਰਮ-ਕਾਂਡੀਆਂ ਅਤੇ ਗੁਰਮਤਿ ਵਿਚਾਰਧਾਰਾ ਦੇ ਵਿਰੋਧੀਆਂ ਨੇ ਗੁਰੂ ਅਮਰਦਾਸ ਜੀ ਅਤੇ ਉਨ੍ਹਾਂ ਦੁਆਰਾ ਪ੍ਰਚਾਰੇ ਜਾ ਰਹੇ ਧਰਮ-ਸਿਧਾਂਤਾਂ ਵਿਰੁਧ ਰਾਜ ਦਰਬਾਰ ਵਿਚ ਇਕ ਲੰਮਾ ਚੌੜਾ ਸ਼ਿਕਾਇਤਨਾਮਾ ਭੇਜਿਆ ਸੀ। (ਗੁਰੂ) ਰਾਮਦਾਸ ਜੀ ਨੇ ਸਾਰੇ ਇਤਰਾਜ਼ਾਂ ਦਾ ਬੜੇ ਵਿਸਥਾਰ, ਧੀਰਜ ਤੇ ਨਿਡਰਤਾ ਨਾਲ ਉਤਰ ਦਿਤਾ ਅਤੇ ਗੁਰਮਤਿ-ਸਿਧਾਂਤਾਂ ਦੀ ਵਿਆਖਿਆ ਕੀਤੀ। ਜਿਥੇ ਵਿਰੋਧੀਆਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ, ਉਥੇ ਅਕਬਰ ਦੇ ਮਨ ਵਿਚ ਸਿਖ-ਸਤਿਗੁਰਾਂ ਅਤੇ ਗੁਰਮਤਿ ਸਿਧਾਂਤਾਂ ਪ੍ਰਤਿ ਪਿਆਰ ਜਾਗ ਪਿਆ।

### (ੲ) ਆਦਰਸ਼ਕ ਸੇਵਕ

ਗੁਰੂ ਰਾਮਦਾਸ ਜੀ ਨੇ ਇਕ ਸਿੱਖ ਦੇ ਰੂਪ ਵਿਚ ਸੱਚੀ-ਸੁੱਚੀ ਸੇਵਾ ਦੇ ਪੂਰਨੇ ਪਾਏ ਹਨ। ਬਾਰਾਂ ਵਰ੍ਹਿਆਂ ਦੀ ਉਮਰ ਤੋਂ ਹੀ ਆਪ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਨੂੰ ਖਡੂਰ ਸਾਹਿਬ ਆਉਣ ਲਗ ਪਏ ਸਨ। ਸੰਗਤਾਂ ਦੀ ਸੇਵਾ ਬੜੇ ਚਾਅ ਨਾਲ ਕਰਦੇ ਸਨ ਸੇਵਾ ਵਿਚੋਂ ਅਗੰਮੀ ਸੁਆਦ ਤੇ ਆਨੰਦ ਪ੍ਰਾਪਤ ਕਰਦੇ ਸਨ।

ਬਉਲੀ ਦੀ ਰਚਨਾ ਸਮੇਂ ਆਪ ਨੇ ਖੁਦਾਈ ਤੇ ਟੋਕਰੀਆਂ ਨਾਲ ਮਿੱਟੀ ਬਾਹਰ ਕੱਢਣ ਦਾ ਕੰਮ ਬੜੀ ਲਗਨ ਅਤੇ ਚਾਅ ਨਾਲ ਕੀਤਾ ਸੀ ਭਾਵੇਂ ਉਸ ਵੇਲੇ ਤੱਕ ਉਹਨਾਂ ਦਾ ਵਿਆਹ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਨਾਲ ਹੋ ਚੁੱਕਾ ਸੀ, ਪਰ ਆਪਨੇ ਸੰਸਾਰਕ ਰਿਸ਼ਤੇ ਦੀ ਰਤਾ ਪ੍ਰਵਾਹ ਨਾ ਕੀਤੀ ਅਤੇ ਇਕ ਸੱਚੇ ਸਿੱਖ ਦੇ ਰੂਪ ਵਿਚ ਨਿਸ਼ਕਾਮ ਸੇਵਾ ਕਰਦੇ ਰਹੇ। ਜੇ ਲਾਹੌਰ ਤੋਂ ਆਏ ਰਿਸ਼ਤੇਦਾਰਾਂ ਨੇ ਸੁਹਰੇ-ਘਰ ਟੋਕਰੀ ਢੋਣ ਤੇ ਇਤਰਾਜ਼ ਕੀਤਾ ਤੇ ਗੁਰੂ ਅਮਰਦਾਸ ਜੀ ਨੂੰ ਵੀ ਆਖਿਆ ਕਿ ਤੁਸੀਂ ਸਾਡੇ ਸ਼ਰੀਕ ਭਰਾ ਤੋਂ ਇੰਨੇ ਨੀਵੇਂ ਕੰਮ ਕਰਵਾ ਕੇ, ਸਾਡੀ ਹੇਠੀ ਕੀਤੀ ਹੈ; ਤਾਂ ਆਪ ਨੇ ਸ਼ਰੀਕਾਂ ਵੱਲੋਂ ਗੁਰੂ-ਪਾਤਸ਼ਾਹ ਤੋਂ ਮਾਫ਼ੀ ਮੰਗੀ ਤੇ ਕਿਹਾ, 'ਇਹ ਤਾਂ ਅਨਜਾਣ ਹਨ। ਇਨ੍ਹਾਂ ਨੂੰ ਕੀ ਪਤਾ ਕਿ ਸੇਵਾ ਦੀ ਦਾਤ ਤਾਂ ਵੱਡੇ ਭਾਗਾਂ ਨਾਲ ਮਿਲਦੀ ਹੈ।'

### (ਸ) ਬੇਪਰਵਾਹ

ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਵਿਚੋਂ ਬੇਪਰਵਾਹੀ ਦੀਆਂ ਅਨੇਕਾਂ ਘਟਨਾਵਾਂ ਦਾ ਪਤਾ ਲਗਦਾ ਹੈ। ਇਸ ਦਾ ਜ਼ਿਕਰ ਕਰਦੇ ਹੋਏ ਪ੍ਰਿ: ਸਤਿਬੀਰ

ਸਿੰਘ ਲਿਖਦੇ ਹਨ: ਸੇਠ ਜਗਤ ਰਾਮ ਨੇ ਕੈਂਠਾ ਦਿਤਾ, ਆਪ ਨੇ ਲੋੜਵੰਦਾਂ ਨੂੰ ਉਸੇ ਵੇਲੇ ਦੇ ਦਿੱਤਾ। ਇੱਕ ਮਾਈ ਨੇ ਚਾਅ ਨਾਲ ਮੋਤੀਆਂ ਦੀ ਮਾਲਾ ਦਿਤੀ, ਆਪ ਨੇ ਰਾਹ ਵਿਚ ਬੈਠੇ ਮਲੰਗ ਨੂੰ ਦੇ ਦਿੱਤੀ। ਅਕਬਰ ਨੇ ਮੋਹਰਾਂ ਭੇਟ ਕੀਤੀਆਂ ਤਾਂ ਆਪ ਜੀ ਨੇ ਉਸ ਵੇਲੇ ਵੰਡਵਾ ਦਿਤੀਆਂ। ਧਨ, ਮਾਇਆ ਵਰ੍ਹਤਾ ਦਿਤੀ। ਗੋਲਕ ਚੜ੍ਹੀ, ਉਸੇ ਵੇਲੇ ਲੁਟਾ ਦਿਤੀ। ਰਸਦਾਂ ਆਈਆਂ ਲੋਕਾਂ ਵਿੱਚ ਵਰਤਾ ਦਿਤੀਆਂ। ਸ਼ਹਿਰ ਵਾਸੀਆਂ ਨੂੰ ਕਿਹਾ; ਸਭ ਕੁਝ ਹੀ ਉਹ ਸੰਭਾਲ ਲੈਣ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ (ਸ਼ਹਿਰਵਾਸੀਆਂ) ਨੇ ਕਿਹਾ ਕਿ ਅਸਾਂ ਤਾਂ ਤੁਹਾਡੇ ਰਾਜ ਵਿੱਚ ਹੀ ਵਸਣਾ ਹੈ। ਸਾਨੂੰ ਬਰਕਤਾਂ ਦਿਉ। ਆਪ ਵੰਡਦੇ ਹੀ ਰਹੇ, ਲੋਕੀਂ ਆਨੰਦ ਮਾਣਦੇ ਰਹੇ। ਤਾਂ ਹੀ ਤਾਂ ਹਰ ਜ਼ਬਾਨ ਤੇ ਇਹ ਅਖਾਣ ਚੜ੍ਹ ਗਿਆ :

**ਰਾਜ ਕਰੈਂ ਜਹਿ ਆਪ ਗੁਰੂ, ਤਹਿ ਕਿਉ ਨਾ ਅਨੰਦ ਸੋਂ ਲੋਕ ਬਸਾਹੀਂ।**

### (ਹ) ਗਰੀਬਾਂ ਦੇ ਸਹਾਈ

ਸ੍ਰੀ ਗੁਰੂ ਨਾਨਕ ਦੇਵ ਜੀ ਲੀਹ ਪਾ ਗਏ ਸਨ :

**ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ॥**

*(ਸਿਰੀਰਾਗੁ, ਮ: ੧, ਪੰਨਾ ੧੫)*

ਬਾਕੀ ਸਤਿਗੁਰਾਂ ਨੇ ਵੀ ਏਸੇ ਆਸ਼ੇ ਦਾ ਪਰਚਾਰ ਕੀਤਾ ਅਤੇ ਇਸਨੂੰ ਅਮਲੀ ਰੂਪ ਦੇਣ ਦਾ ਯਤਨ ਕਰਦੇ ਰਹੇ। ਰਾਜਿਆਂ-ਰਜਵਾੜਿਆਂ ਦੇ ਜ਼ੁਲਮਾਂ ਵਿਰੁਧ ਲੋਕਾਂ ਨੂੰ ਲਾਮਬੰਦ ਕਰਨਾ ਅਤੇ ਗਰੀਬਾਂ, ਬੇਸਹਾਰਿਆਂ ਤੇ ਜ਼ੁਲਮਾਂ ਦਾ ਸ਼ਿਕਾਰ ਹੋ ਰਹੇ ਲੋਕਾਂ ਦੀ ਰਖਿਆ ਕਰਨੀ ਗੁਰੂ-ਘਰ ਦੀ ਰੀਤ ਹੀ ਬਣ ਗਈ ਸੀ। ਗੁਰੂ ਰਾਮਦਾਸ ਜੀ ਨੇ ਵੀ ਇਸ ਵਿਚਾਰਧਾਰਾ ਉਤੇ ਪੂਰੀ ਤਰ੍ਹਾਂ ਪਹਿਰਾ ਦਿਤਾ। ਪ੍ਰਸਿੱਧ ਵਿਦਵਾਨ ਡਾਕਟਰ ਗੋਕਲ ਚੰਦ ਨਾਰੰਗ ਲਿਖਦੇ ਹਨ, 'ਗੁਰ ਸਾਹਿਬ ਨੇ ਰਾਜਵਾੜਿਆਂ ਦੀ ਮਿੱਤਰਤਾ ਹਾਸਿਲ ਕਰਨ ਦਾ ਕਦੀ ਯਤਨ ਨਹੀਂ ਕੀਤਾ ਤੇ ਨਾ ਹੀ ਉਨ੍ਹਾਂ ਨੇ ਬਾਦਸ਼ਾਹਾਂ ਦੀ ਸਰਪ੍ਰਸਤੀ ਮੰਗੀ। ਉਹਨਾਂ ਦੇ ਸਰਬ-ਸਾਂਝੇ ਅਸੂਲ, ਊਚ ਨੀਚ, ਅਮੀਰ-ਗਰੀਬ ਸਭ ਨੂੰ ਖਿੱਚ ਪਾਉਂਦੇ ਸਨ ਤੇ ਉਨ੍ਹਾਂ ਦੇ ਧਰਮ ਦੇ ਦਰਵਾਜ਼ੇ ਸਭ ਦੀਨ-ਦੁਖੀਆਂ ਤੇ ਦਲਿਤ ਲੋਕਾਂ ਲਈ ਖੁੱਲ੍ਹੇ ਸਨ।' (ਟ੍ਰਾਂਸਫਾਰਮੇਸ਼ਨ ਆਫ਼ ਸਿਖਇਜ਼ਮ)

### (ਕ) ਚੜ੍ਹਦੀ ਕਲਾ ਦੀ ਮੂਰਤ

ਸ੍ਰੀ ਗੁਰੂ ਰਾਮਦਾਸ ਜੀ ਬਚਪਨ ਵਿਚ ਹੀ ਅਨਾਥ ਹੋ ਗਏ ਸਨ। ਸੱਤ

ਵਰ੍ਹਿਆਂ ਦੀ ਉਮਰ ਤੱਕ ਆਪਦੇ ਮਾਤਾ-ਪਿਤਾ ਦੋਵੇਂ ਹੀ ਪਰਲੋਕ ਗਮਨ ਕਰ ਗਏ। ਸਕਿਆਂ ਨੇ ਮੂੰਹ ਫੇਰ ਲਿਆ। ਪੂਰੇ ਲਾਹੌਰ ਵਿਚ ਕਿਸੇ ਨੇ ਵੀ ਮਦਦ ਨਾ ਕੀਤੀ। ਇਕ ਭੈਣ ਤੇ ਇਕ ਭਰਾ ਦੀ ਪਾਲਣਾ ਦੀ ਜ਼ਿੰਮੇਵਾਰੀ ਵੀ ਸਿਰ ਤੇ ਸੀ। ਨਾਨੀ ਭਾਵੇਂ ਉਨ੍ਹਾਂ ਨੂੰ ਨਾਨਕੇ (ਬਾਸਰਕੇ) ਲੈ ਆਈ ਸੀ, ਪਰ ਉਹ ਵਿਚਾਰੀ ਵੀ ਤਾਂ ਗਰੀਬਣੀ ਹੀ ਸੀ।

ਮੁਸੀਬਤਾਂ ਦਾ ਪਹਾੜ ਟੁੱਟ ਪੈਣ ਤੇ ਵੀ ਆਪਨੇ ਹੌਸਲਾ ਨਾ ਛਡਿਆ ਤੇ ਚੜ੍ਹਦੀ ਕਲਾ ਵਿਚ ਰਹੇ। ਜੀਵਨ-ਨਿਰਬਾਹ ਲਈ ਘੁੰਗਣੀਆਂ ਵੇਚਣ ਦੀ ਕਿਰਤ ਕਰਨ ਲਗ ਪਏ। ਜੀਵਨ-ਸੰਘਰਸ਼ ਵਿਚ ਪੂਰੀ ਤਨਦੇਹੀ ਨਾਲ ਕੁੱਦ ਪਏ। ਸਬਰ-ਸੰਤੋਖ ਵਿਚ ਰਹਿ ਕੇ ਜੀਵਨ ਦਾ ਅਤਿ-ਬਿਖੜਾ ਸਮਾਂ ਗੁਜ਼ਾਰ ਲਿਆ। ਕਿਸੇ ਅੱਗੇ ਵੀ ਸਹਾਇਤਾ ਲਈ ਹੱਥ ਨਹੀਂ ਅੱਡੇ।

ਗੁਰੂ ਸਾਹਿਬ ਦਾ ਜੀਵਨ ਨਿਰਾਸ਼ ਮਨੁੱਖਾਂ ਨੂੰ ਅਗਵਾਈ ਬਖਸ਼ਦਾ ਰਹੇਗਾ ਅਤੇ ਸੰਘਰਸ਼ ਦੀ ਪ੍ਰੇਰਨਾ ਦਿੰਦਾ ਰਹੇਗਾ।

### (ਖ) ਵਿਰਸੇ ਦੀ ਸੰਭਾਲ ਕਰਨ ਵਾਲੇ

ਸ੍ਰੀ ਗੁਰੂ ਰਾਮਦਾਸ ਜੀ ਪਹਿਲੇ ਸਤਿਗੁਰਾਂ ਤੋਂ ਬਹੁਤ ਪ੍ਰਭਾਵਿਤ ਹੋਏ ਸਨ। ਇਸੇ ਲਈ ਆਪ ਜੀ ਦੀ ਬਾਣੀ ਵਿੱਚ ਗੁਰੂ ਦੀਆਂ ਵਡਿਆਈਆਂ ਦਾ ਥਾਂ-ਥਾਂ ਬੜਾ ਭਾਵ-ਪੂਰਤ ਜ਼ਿਕਰ ਮਿਲਦਾ ਹੈ। ਇਸਦੇ ਨਾਲ ਹੀ ਆਪ ਜੀ ਨੇ ਪਹਿਲੇ ਸਤਿਗੁਰਾਂ, ਵਿਸ਼ੇਸ਼ ਕਰਕੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਵਿਚੋਂ ਕੁਝ ਘਟਨਾਵਾਂ ਨੂੰ ਆਪਣੀ ਬਾਣੀ ਵਿੱਚ ਅੰਕਿਤ ਕੀਤਾ ਹੈ। ਫਾਰਸਟਰ ਆਪ ਜੀ ਨੂੰ ਵਿਰਸੇ ਨੂੰ ਸੰਭਾਲਣ ਵਾਲੇ ਵਜੋਂ ਯਾਦ ਕਰਦਾ ਹੈ।

ਗੁਰੂ ਜੀ ਦਾ ਇਹ ਯਤਨ 'ਇਤਿਹਾਸ' ਦੀ ਮਹੱਤਤਾ ਨੂੰ ਦਰਸਾਉਂਦਾ ਹੈ ਅਤੇ ਇਤਿਹਾਸ ਨੂੰ ਸੰਭਾਲਣ ਦੀ ਪ੍ਰੇਰਨਾ ਦਿੰਦਾ ਹੈ। ਇਹ ਇਤਿਹਾਸ ਹੀ ਤਾਂ ਹੈ ਜੋ ਪੁੱਤਰਾਂ ਨੂੰ ਸਪੁੱਤਰ ਬਣਾਉਂਦਾ ਹੈ ਅਤੇ ਕੌਮਾਂ ਨੂੰ ਠੀਕ ਸੇਧ ਪ੍ਰਦਾਨ ਕਰਦਾ ਹੈ।

### (ਗ) ਸਾਹਿਤਕਾਰ ਤੇ ਸੰਗੀਤ ਪ੍ਰੇਮੀ

ਗੁਰੂ ਜੀ ਦੁਆਰਾ ਰਚੀ ਬਾਣੀ, ਆਪ ਜੀ ਨੂੰ ਇਕ ਮਹਾਨ ਸਾਹਿਤਕਾਰ, ਸੰਗੀਤ ਪ੍ਰੇਮੀ ਤੇ ਰਾਗ ਕਲਾ ਦੀਆਂ ਬਰੀਕੀਆਂ ਨੂੰ ਸਮਝਣ ਵਾਲੇ ਦੇ ਰੂਪ ਵਿਚ ਪ੍ਰਗਟ ਕਰਦੀ ਹੈ। ਜਿਥੇ ਆਪ ਜੀ ਨੇ ਆਕਾਰ ਦੇ ਪਖੋਂ ਅਥਾਹ ਬਾਣੀ ਰਚੀ ਹੈ; ਉਥੇ ਰੂਪ ਦੇ ਪਖੋਂ ਵੀ ਉੱਚ-ਪੱਧਰੀ ਰਚਨਾ ਕੀਤੀ ਹੈ। ਬਾਣੀ ਵਿੱਚ ਆਪ ਨੇ

ਪਹਿਰੇ, ਵਣਜਾਰਾ, ਕਰਹਲੇ, ਘੋੜੀਆਂ, ਸੋਲਹੇ ਤੇ ਕਈ ਹੋਰ ਛੰਦਾਂ ਦੀ ਵਰਤੋਂ ਕੀਤੀ ਹੈ। ਮੂਲ ਰੂਪ ਵਿੱਚ ਆਪ ਢਾਡੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ 22 ਵਾਰਾਂ ਵਿਚੋਂ 8 ਵਾਰਾਂ ਮੂਲ ਰੂਪ ਵਿੱਚ ਆਪ ਜੀ ਨੇ ਲਿਖੀਆਂ ਹਨ। ਵਾਰਾਂ ਵਿਚ ਯੁੱਧ ਦਾ ਵਰਣਨ ਹੁੰਦਾ ਹੈ, ਸੂਰਮੇ ਦੀ ਜਿੱਤ ਵਿਖਾਈ ਜਾਂਦੀ ਹੈ ਅਤੇ ਕਾਇਰ ਦੀ ਹਾਰ। ਗੁਰੂ ਜੀ ਨੇ ਆਪਣੀਆਂ ਵਾਰਾਂ ਵਿੱਚ ਗੁਰੂ ਸੂਰਮੇ ਜੀ ਜਿੱਤ ਵਿਖਾਈ ਹੈ ਅਤੇ ਨਿੰਦਕਾਂ, ਦੋਖੀਆਂ, ਦੁਸ਼ਟਾਂ, ਚੁਗਲਖੋਰਾਂ ਦੀ ਹਾਰ। ਗੁਰਮੁਖ ਜਿੱਤੇ ਅਤੇ ਮਨਮੁਖ ਹਾਰੇ ਹੋਏ ਵਿਖਾਏ ਹਨ।

ਗੁਰੂ ਸਾਹਿਬ ਸ਼ਬਦ ਘੜਨ ਵਿਚ ਵੀ ਵਿਸ਼ੇਸ਼ ਮੁਹਾਰਤ ਰਖਦੇ ਸਨ ਅਤੇ ਸੁਜਾਨ ਜੌਹਰੀ ਦੀ ਤਰ੍ਹਾਂ ਸ਼ਬਦਾਂ ਨੂੰ ਨਗਾਂ ਦੀ ਤਰ੍ਹਾਂ ਯੋਗ ਥਾਂ ਤੇ ਜੜ ਦਿੰਦੇ ਸਨ। ਕੁਝ ਕੁ ਸ਼ਬਦ ਅਜਿਹੇ ਹਨ ਜੋ ਕੇਵਲ ਉਹਨਾਂ ਨੇ ਹੀ ਵਰਤੇ ਹਨ; ਜਿਵੇਂ, ਜਹਾਰਨਵੀਂ, ਕੁਵਲੀਅਪੜੀ, ਉਮਰਥਲ, ਸੁਆਵਗੀਰ ਅਤੇ ਗਲ-ਫਰੋਸ਼। ਉਨ੍ਹਾਂ ਦੀਆਂ ਕਈ ਤੁਕਾਂ ਆਪ ਮੁਹਾਰੇ ਮੂੰਹ ਤੇ ਚੜ੍ਹ ਜਾਂਦੀਆਂ ਹਨ ਅਤੇ ਉਨ੍ਹਾਂ ਵਿਚ ਜੀਵਨ ਦੀਆਂ ਅੱਟਲ ਸਚਾਈਆਂ ਦਾ ਵਰਣਨ ਹੁੰਦਾ ਹੈ। ਕੁਝ ਉਦਾਹਰਣਾ ਹਾਜ਼ਰ ਹਨ :

ਓਨਾ ਪਾਸਿ ਦੁਆਸਿ ਨ ਭਿਟੀਐ,  
ਜਿਨ ਅੰਤਰਿ ਕ੍ਰੋਧੁ ਚੰਡਾਲ ॥੩॥ *(ਸਿਰੀਰਾਗ, ਮ: ੪, ਪੰਨਾ ੪੦)*  
– ਸੋ ਡਰੈ ਜਿ ਪਾਪ ਕਮਾਵਦਾ, ਧਰਮੀ ਵਿਗਸੇਤੁ ॥ *(ਪੰਨਾ ੮੪)*  
– ਜੈਕਾਰੁ ਕੀਓ ਧਰਮੀਆ ਕਾ, ਪਾਪੀ ਕਉ ਡੰਡੁ ਦੀਓਇ ॥ *(੮੯)*  
– ਹਮ ਜੰਤ ਵਿਚਾਰੇ ਕਿਆ ਕਰਹ, ਸਭੁ ਖੇਲੁ ਤੁਮ ਸੁਆਮੀ ॥  
*(ਪੰਨਾ ੧੬੭)*

– ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ,  
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥ *(੧੬੭)*  
– ਮਨ ਕਰਹਲਾ ਮੇਰੇ ਪਿਆਰਿਆ, ਵਿਚਿ ਦੇਹੀ ਜੋਤਿ ਸਮਾਲਿ ॥  
*(੨੩੫)*

– ਸਤਿਗੁਰੁ ਸਭਨਾ ਦਾ ਭਲਾ ਮਨਾਇਦਾ, ਤਿਸ ਦਾ ਬੁਰਾ ਕਿਉ ਹੋਇ ॥ *(੩੦੨)*  
– ਕੂੜੁ ਠਗੀ ਗੁਝੀ ਨਾ ਰਹੈ, ਮੁਲੰਮਾ ਪਾਜੁ ਲਹਿ ਜਾਇ ॥ *(੩੦੩)*  
– ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ, ਸੇ ਮੂੜ ਬੇਤਾਲੇ ॥  
*(੩੦੯)*

- ਜਿਨਾ ਅੰਦਰਿ ਉਮਰਥਲ, ਸੇਈ ਜਾਨਨਿ ਸੂਲੀਆ॥ (੩੧੧)
- ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ
ਜਿਤੁ ਨਾਤੈ ਕਊਆ ਹੰਸੁ ਹੋਹੈ॥ (੪੯੩)
- ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ,
ਅਨਤ ਨ ਕਾਹੂ ਡੋਲੇ ਰਾਮ॥ (੫੩੮)
- ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥ (੭੨੬)
- ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ,
ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ॥੩॥ (੭੩੪)
- ਇਹੁ ਸਰੀਰੁ ਕਰਮ ਕੀ ਧਰਤੀ
ਗੁਰਮੁਖਿ ਮਥਿ ਮਥਿ ਤਤੁ ਕਢਈਆ॥ (੮੩੪)
- ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥
(੯੮੨)

ਆਪ ਰਾਗ ਦੇ ਵੀ ਮਾਹਿਰ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ੩੧ ਰਾਗਾਂ ਵਿਚੋਂ ਆਪ ਜੀ ਨੇ ੩੦ ਰਾਗਾਂ ਵਿਚ ਬਾਣੀ ਰਚੀ ਹੈ। (੩੧ਵੇਂ ਰਾਗ 'ਜੈਜਾਵੰਤੀ' ਵਿੱਚ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹੀ ਬਾਣੀ ਰਚੀ ਹੈ)। ਇਹ ਰਾਗ ਦੀ ਡੂੰਘੀ ਸੂਝ ਹੀ ਸੀ ਜਿਸਨੇ ਆਪਦੀ ਬਾਣੀ ਨੂੰ ਲੈਅ-ਮਈ, ਮਧੁਰ ਅਤੇ ਸੰਗੀਤਕ ਬਣਾਇਆ। ਇਸੇ ਲਈ ਪ੍ਰੋ: ਪੂਰਨ ਸਿੰਘ ਆਪ ਦੀ ਬਾਣੀ ਨੂੰ 'ਪਿਆਰ ਦੀ ਨਦੀ' ਆਖਦਾ ਹੈ। ਉਹ ਹੋਰ ਕਹਿੰਦਾ ਹੈ ਕਿ ਉਨ੍ਹਾਂ ਦੀ ਬਾਣੀ ਖਿਹੋਂ ਉਪਜਾਂਦੀ ਹੈ ਅਤੇ ਪਿਆਰੇ ਦੇ ਦੇਸ਼ ਨੂੰ ਨਾਲ ਲੈ ਜਾਂਦੀ ਹੈ।

### (ਘ) ਕੌਮੀ ਉਸਰਈਏ

ਸਿੱਖ- ਕੌਮ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖ ਦਿਤੀ ਸੀ, ਮਗਰਲੇ ਸਤਿਗੁਰਾਂ ਨੇ ਉਸ ਉਤੇ ਕੌਮੀ-ਮਹਿਲ ਦੀ ਉਸਾਰੀ ਕੀਤੀ।

ਗੁਰ ਰਾਮਦਾਸ ਜੀ ਦੇ ਸਮੇਂ ਕੌਮੀ ਉਸਾਰੀ ਦਾ ਜੋ ਸਭ ਤੋਂ ਮਹਾਨ ਕੰਮ ਹੋਇਆ; ਉਹ ਸੀ ਸਿੱਖਾਂ ਦੇ ਕੇਂਦਰੀ ਸ਼ਹਿਰ ਅੰਮ੍ਰਿਤਸਰ ਨੂੰ ਵਸਾਉਣਾ। ਗੁਰੂ ਅਮਰਦਾਸ ਜੀ ਦੇ ਹੁਕਮ ਕਰਨ ਤੇ ਆਪ ਜੀ ਨੇ ਆਪ ਜਗ੍ਹਾ ਖਰੀਦੀ, ਉਸਾਰੀ ਦੀ ਯੋਜਨਾ ਬਣਾਈ ਅਤੇ ਆਪਣੀ ਨਿਗਰਾਨੀ ਵਿਚ ਸ਼ਹਿਰ ਦੀ ਉਸਾਰੀ ਕਰਵਾਈ। ਰਿਹਾਇਸ਼ੀ ਮਕਾਨਾਂ ਤੋਂ ਸਿਵਾ ਵੱਖ ਵੱਖ ਬਾਜ਼ਾਰ ਅਤੇ 'ਸੰਤੋਖਸਰ' ਅਤੇ 'ਅੰਮ੍ਰਿਤਸਰ' ਸਰਵੋਰ ਬਣਵਾਏ। ਵੱਖ-ਵੱਖ ਕੰਮ-ਧੰਦੇ ਕਰਨ ਵਾਲਿਆਂ ਨੂੰ

ਇਥੇ ਲਿਆ ਕੇ ਵਸਾਇਆ ਤੇ ਇੰਝ ਸ਼ਹਿਰ ਨੂੰ ਵਿਉਪਾਰਕ ਕੇਂਦਰ ਅਤੇ ਉਦਯੋਗਿਕ ਨਗਰ ਦੇ ਰੂਪ ਵਿਚ ਵਿਕਸਿਤ ਕੀਤਾ। ਇਸ ਨਾਲ ਸਿੱਖਾਂ ਨੂੰ ਵੀ ਇਥੇ ਆ ਕੇ ਵਸਣ ਦੀ ਪ੍ਰੇਰਨਾ ਦਿੱਤੀ। ਇੰਝ ਆਪ ਜੀ ਨੇ ਸ਼ਹਿਰ ਨੂੰ ਸਿੱਖਾਂ ਦੀ ਧਾਰਮਿਕ-ਰਾਜਧਾਨੀ ਦਾ ਰੂਪ ਦਿਤਾ। ਲਤੀਫ਼ ਲਿਖਦਾ ਹੈ ਕਿ ਗੁਰੂ ਰਾਮਦਾਸ ਜੀ ਦੇ ਅੰਮ੍ਰਿਤਸਰ ਬਣਾਉਣ ਨਾਲ ਕੌਮ ਦਾ ਭਵਿੱਖ ਹੀ ਸੰਵਰ ਗਿਆ।

ਕੌਮ ਦੀ ਉਸਾਰੀ ਤੇ ਉੱਜਲੇ ਭਵਿੱਖ ਲਈ ਮਜ਼ਬੂਤ ਆਰਥਕ ਆਧਾਰ ਹੋਣਾ ਜ਼ਰੂਰੀ ਹੈ। ਇਹ ਆਧਾਰ ਆਪ ਜੀ ਨੇ ਸ਼ਹਿਰ ਨੂੰ ਵਿਉਪਾਰਕ ਕੇਂਦਰ ਅਤੇ ਲਘੂ ਉਦਯੋਗਾਂ ਦੀ ਨਗਰੀ ਬਣਾ ਕੇ ਪ੍ਰਦਾਨ ਕੀਤਾ। ਇਸਦੇ ਨਾਲ ਹੀ 'ਮਸੰਦ-ਪ੍ਰਥਾ' ਜਾਰੀ ਕੀਤੀ। 'ਮਸੰਦ' ਸਾਰੇ ਦੇਸ਼ ਵਿੱਚ ਫ਼ੈਲ ਗਏ। ਧਰਮ-ਪ੍ਰਚਾਰ ਕਰਨ ਤੋਂ ਸਿਵਾ ਇਲਾਕੇ ਦੀਆਂ ਸੰਗਤਾਂ ਦੀ ਕਾਰ-ਭੇਟਾ ਗੁਰੂ-ਦਰਬਾਰ (ਕੇਂਦਰੀ ਖਜ਼ਾਨੇ) ਵਿਚ ਪਹੁੰਚਾਉਂਦੇ ਅਤੇ ਗੁਰੂ ਸਾਹਿਬ ਦੇ ਹੁਕਮਾਂ ਨੂੰ ਸੰਗਤਾਂ ਤੱਕ ਪਹੁੰਚਾਉਂਦੇ। ਇਨ੍ਹਾਂ ਨੇ ਸਿੱਖਾਂ ਨੂੰ ਕੌਮੀ-ਸੂਤਰ ਵਿਚ ਪ੍ਰੋਣ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਗੁਰ ਜੀ ਨੇ ਸਿੱਖਾਂ ਨੂੰ ਇੱਕ ਦੂਜੇ ਦੀ ਆਰਥਕ ਤੇ ਹੋਰ ਸਭ ਪ੍ਰਕਾਰ ਦੀ ਸਹਾਇਤਾ ਕਰਨ ਦਾ ਉਪਦੇਸ਼ ਦਿਤਾ। ਆਪ ਨੇ ਕਿਹਾ ਕਿ ਸਾਰੇ ਰਲ ਕੇ ਗਰੀਬ ਸਿੱਖ ਦੀ ਆਰਥਕ ਸਹਾਇਤਾ ਕਰੋ, ਤਾਂ ਕਿ ਉਹ ਆਪਣਾ ਕੰਮ-ਧੰਦਾ ਚਾਲੂ ਕਰ ਸਕੇ। ਉਸਦੀ ਸਫਲਤਾ ਲਈ ਅਰਦਾਸ ਵੀ ਕਰੋ।

ਗੁਰੂ ਜੀ ਨੇ ਧਾਰਮਕ ਮਰਯਾਦਾ ਨੂੰ ਮਜ਼ਬੂਤ ਕੀਤਾ। ਸਿੱਖ ਦੀ ਨਿੱਤ-ਕਰਨੀ ਨੂੰ ਨਿਸ਼ਚਿਤ ਕੀਤਾ। ਸੂਹੀ ਰਾਗ ਵਿੱਚ 'ਲਾਵਾਂ' ਦੀ ਬਾਣੀ ਉਚਾਰ ਕੇ ਸਿੱਖ-ਕੌਮ ਨੂੰ ਬ੍ਰਾਹਮਣ ਦੀ ਮੁਥਾਜੀ ਤੋਂ ਬਚਾ ਲਿਆ।

ਗੁਰ ਜੀ ਦੇ ਇਨ੍ਹਾਂ ਯਤਨਾਂ ਅਤੇ ਧਰਮ ਪ੍ਰਚਾਰ ਸਦਕਾ ਜਿਥੇ ਸਿੱਖਾਂ ਦੀ ਗਿਣਤੀ ਬਹੁਤ ਵਧੀ ਉਥੇ ਸਿੱਖਾਂ ਵਿੱਚ ਕੌਮੀਅਤ ਦੀ ਭਾਵਨਾ ਵਧੇਰੇ ਬਲਵਾਨ ਹੋਈ। ਮੈਕਾਲਿਫ਼ ਲਿਖਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਸਿੱਖੀ ਚਹੁੰ ਚੱਕੀਂ ਫੈਲੀ। ਰਾਜੇ-ਰੰਕ, ਸ਼ਾਹ-ਵਪਾਰੀ, ਬਾਣੀਏ, ਹਟਵਾਣੀਏ, ਵਣਜਾਰੇ ਤੇ ਫੇਰੀ ਲਾਉਣ ਵਾਲੇ ਕਿਰਤੀ ਤੇ ਕਿਸਾਨ, ਦੂਰ ਤੇ ਨੇੜੇ (ਹਰ ਥਾਂ) ਸਿੱਖੀ ਦੇ ਦਾਇਰੇ ਵਿੱਚ ਆ ਗਏ।

ਗੁਰੂ ਰਾਮਦਾਸ ਜੀ ਦੀ ਵਡਿਆਈ ਅਕੱਥ ਹੈ। ਇਕ ਮਨੁੱਖ ਸੰਪੂਰਨ ਸਤਿਗੁਰੂ ਦੀ ਥਾਹ ਪਾ ਹੀ ਨਹੀਂ ਸਕਦਾ। ਹਾਂ, ਅਸੀਂ ਭੱਟ ਕੀਰਤ ਜੀ ਦੀ ਤਰ੍ਹਾਂ ਸਤਿਗੁਰਾਂ ਦੇ ਅਗੇ ਇੰਝ ਅਰਦਾਸ ਜ਼ਰੂਰ ਕਰ ਸਕਦੇ ਹਾਂ :

**ਹਮ ਅਵਗੁਣਿ ਭਰੇ, ਏਕੁ ਗੁਣੁ ਨਾਹੀ॥**

ਅੰਮ੍ਰਿਤੁ ਛਾਡਿ, ਬਿਖੈ ਬਿਖੁ ਖਾਈ॥
ਮਾਯਾ ਮੋਹ ਭਰਮ ਪੈ ਭੂਲੇ, ਸੁਤ ਦਾਰਾ ਸਿਉ ਪ੍ਰੀਤਿ ਲਗਾਈ॥
ਇਕੁ ਉਤਮ ਪੰਥੁ, ਸੁਨਿਓ ਗੁਰ ਸੰਗਤਿ, ਤਿਹ ਮਿਲੰਤ,
ਜਮ ਤ੍ਰਾਸ ਮਿਟਾਈ॥
ਇਕ ਅਰਦਾਸਿ ਭਾਟ ਕੀਰਤਿ ਕੀ,
ਗੁਰ ਰਾਮਦਾਸ, ਰਾਖਹੁ ਸਰਣਾਈ॥੪॥੫੮॥ (੧੪੦੬)

–0–